# ਵਤਨ

**21/22**

ਵਤਨ Watan
ਜੁਲਾਈ - ਦਸੰਬਰ, 1994
July - December, 1994

ਵਤਨ ਦਾ ਬੰਦ ਹੋਣਾ
ਏਡੇ ਅਫਸੋਸ ਦੀ ਗੱਲ ਨਹੀਂ ਹੈ
ਵਤਨ ਹੋਰ ਵੀ ਸ਼ੁਰੂ ਹੋਣਗੇ ਤੇ ਬੰਦ ਵੀ
ਅਫਸੋਸ ਦੀ ਗੱਲ ਹੈ
ਉਸ ਸਥਿਤੀ ਦਾ ਪੈਦਾ ਹੋਣਾ
ਜੋ ਵਤਨ ਦੇ ਬੰਦ ਹੋਣ ਲਈ ਜ਼ਿੰਮੇਵਾਰ ਹੈ

ਸੁਣੋ ਪਾਸ਼ ਕੀ ਕਹਿ ਰਿਹਾ ਹੈ:

"ਸੱਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਂਤੀ ਨਾਲ ਭਰ ਜਾਣਾ,
ਨਾ ਹੋਣਾ ਤੜਪ ਦਾ, ਸੱਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ,
ਸੱਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।"

ਪੰਜਾਬੀ ਬੋਲੀ, ਸਾਹਿਤ ਅਤੇ ਸਭਿਆਚਾਰ ਦਾ ਤ੍ਰੈਮਾਸਕ

ਕੀਮਤ ਤਿੰਨ ਡਾਲਰ Price $3.00

# ਸੰਪਾਦਕੀ

**ਇਸਦੇ ਮੌਜੂਦਾ ਰੰਗ-ਰੂਪ ਵਿਚ ਵਤਨ ਦਾ ਇਹ ਆਖਰੀ ਅੰਕ ਹੈ।**

ਵਤਨ ਜਿਸ ਸਥਿਤੀ ਜਾਂ ਕੰਮ ਕਰਨ ਦੇ ਢਾਂਚੇ ਵਿਚ ਸ਼ੁਰੂ ਤੋਂ ਲੈ ਕੇ ਹੁਣ ਤੱਕ ਚੱਲ ਰਿਹਾ ਸੀ ਉਸ ਵਿਚ ਕੋਈ ਫੌਰੀ ਜਾਂ ਨਾਟਕੀ ਤਬਦੀਲੀ ਨਹੀਂ ਆਈ ਅਤੇ ਇਸ ਨੂੰ ਅਜੇ ਇਸੇ ਰੰਗ-ਰੂਪ ਵਿਚ ਹੋਰ ਲੰਮੇ ਸਮੇਂ ਤੱਕ ਚਲਾਇਆ ਜਾ ਸਕਦਾ ਸੀ। ਹੁਣ ਉਂਜ ਵੀ ਵਤਨ ਨੂੰ ਸੁਹਿਰਦ ਪਾਠਕਾਂ ਵਲੋਂ ਕਾਫੀ ਮਾਨਤਾ ਮਿਲ ਰਹੀ ਸੀ ਅਤੇ ਇਨ੍ਹਾਂ ਪਾਠਕਾਂ ਅਨੁਸਾਰ ਇਹ ਹੁਣ ਸਮੁੱਚੇ ਪੰਜਾਬੀ ਜਗਤ ਦੇ ਪਰਚਿਆਂ ਬਰਾਬਰ ਖਲੋਣ ਜੋਗਾ ਹੋ ਗਿਆ ਸੀ। ਇਸ ਦੇ ਬਾਵਜੂਦ ਅਸੀਂ ਇਸ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ।

ਇਸ ਬਾਰੇ ਹੁਣ ਤੱਕ ਜਿੰਨੇ ਕੁ ਦੋਸਤਾਂ/ਪਾਠਕਾਂ ਨੂੰ ਖਬਰ ਮਿਲੀ ਹੈ ਉਨ੍ਹਾਂ ਨੇ ਸਾਨੂੰ ਇਹ ਫੈਸਲਾ ਬਦਲਣ ਦੀ ਦਲੀਲ ਦਿੱਤੀ ਹੈ ਤੇ ਅੱਗੇ ਤੋਂ ਹੋਰ ਵੀ ਜ਼ਿਆਦਾ ਸਹਿਯੋਗ ਦੇਣ ਦਾ ਵਾਇਦਾ ਕੀਤਾ ਹੈ। ਸਾਨੂੰ ਇਸ ਗੱਲ ਨੇ ਤਸੱਲੀ ਦਿੱਤੀ ਹੈ ਤੇ ਅਸੀਂ ਆਪਣੇ ਇਹਨਾਂ ਦੋਸਤਾਂ ਦੇ ਤਹਿ ਦਿਲੋਂ ਸ਼ੁਕਰਗੁਜ਼ਾਰ ਹਾਂ। ਪਰ ਅਸੀਂ ਉਹਨਾਂ ਦੀਆਂ ਸੁਹਿਰਦ ਤੇ ਵਜ਼ਨਦਾਰ ਦਲੀਲਾਂ ਦੇ ਬਾਵਜੂਦ ਆਪਣਾ ਫੈਸਲਾ ਨਹੀਂ ਬਦਲ ਰਹੇ। ਉਹਨਾਂ ਦੀਆਂ ਭਾਵਨਾਵਾਂ ਨੂੰ ਇਸ ਨਾਲ ਪਹੁੰਚੀ ਠੇਸ ਵਾਸਤੇ ਅਸੀਂ ਖਿਮਾ ਦੇ ਜਾਚਕ ਹਾਂ।

ਵਤਨ ਬੰਦ ਹੋਣ ਦੀ ਖ਼ਬਰ 'ਤੇ ਇਨ੍ਹਾਂ ਸੁਹਿਰਦ ਦੋਸਤਾਂ ਵਲੋਂ ਦਿਖਾਈ ਦਿਲਚਸਪੀ ਅਤੇ ਪ੍ਰਗਟਾਏ ਦੁੱਖ ਦੇ ਕਾਰਨ ਹੀ ਅਸੀਂ ਇਹ ਲੰਮੀ ਗੱਲਬਾਤ ਕਰਨ ਜਾ ਰਹੇ ਹਾਂ। ਪਹਿਲਾਂ ਅਸੀਂ ਅਖੀਰਲੇ ਪਰਚੇ ਵਿਚ ਲੰਮੀ ਸੰਪਾਦਕੀ ਲਿਖਣ ਦਾ ਖਿਆਲ ਬਣਾ ਕੇ ਰੱਦ ਕਰ ਚੁੱਕੇ ਸਾਂ ਕਿਉਂਕਿ ਕੁਝ 'ਦੋਸਤਾਂ' ਨੇ ਇਸ ਗੱਲਬਾਤ ਦੀ ਰੂਹ ਨੂੰ ਸਮਝਣ ਦੀ ਬਜਾਏ ਸਾਨੂੰ "ਨਾਚ ਨਾ ਜਾਣੇ ਆਂਗਣ ਟੇਡਾ" ਜਾਂ "ਆਪ ਤੋਂ ਉੱਠਿਆ ਨਾ ਜਾਵੇ ਤਾਂ ਫਿੱਟੇ ਮੂੰਹ ਗੋਡਿਆਂ ਦੇ" ਕਹਿ ਕੇ ਆਪਣੇ ਆਪ ਨੂੰ ਖੁਸ਼ ਕਰ ਲੈਣਾ ਹੈ। ਉਹ ਤਾਂ ਹੁਣ ਵੀ ਅਜਿਹਾ ਹੀ ਕਰਨਗੇ। ਪਰ ਹੁਣ ਸਾਨੂੰ ਇਸ ਗੱਲ ਦਾ ਅਹਿਸਾਸ ਹੈ ਕਿ ਕੁਝ ਲੋਕ ਸਾਡੀ ਗੱਲਬਾਤ ਨੂੰ ਇਸਦੇ ਸਹੀ ਰੂਪ ਵਿਚ ਸਮਝਣ ਤੇ ਵਿਚਾਰਨ ਦੀ ਕੋਸ਼ਿਸ਼ ਵੀ ਕਰਨਗੇ।

ਪਰਚੇ ਨੂੰ ਬੰਦ ਕਰਨ ਦੇ ਕਾਰਨਾਂ ਵੱਲ ਜਾਣ ਤੋਂ ਪਹਿਲਾਂ ਅਸੀਂ ਇਹ ਗੱਲ ਸਾਫ ਕਰ ਦੇਣੀ ਚਾਹੁੰਦੇ ਹਾਂ ਕਿ ਜਿਹਨਾਂ ਆਸ਼ਿਆਂ ਵਾਸਤੇ ਵਤਨ ਸ਼ੁਰੂ ਕੀਤਾ ਗਿਆ ਸੀ, ਸਾਡੇ ਮਨਾਂ ਵਿਚ ਉਹਨਾਂ ਆਸ਼ਿਆਂ ਸੰਬੰਧੀ ਅਜੇ ਵੀ ਕਿਸੇ ਕਿਸਮ ਦੀ ਕੋਈ ਸ਼ੰਕਾ ਨਹੀਂ ਆਈ। ਅਸੀਂ ਹੁਣ ਵੀ ਪਹਿਲਾਂ ਵਾਂਗ ਹੀ ਮਹਿਸੂਸ ਕਰਦੇ ਹਾਂ ਕਿ ਕਨੇਡਾ/ਅਮਰੀਕਾ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਵਾਧੇ ਲਈ, ਸਾਡੇ ਭਾਈਚਾਰੇ ਨੂੰ ਦਰਪੇਸ਼ ਗੰਭੀਰ ਮਸਲਿਆਂ ਬਾਰੇ ਵਿਚਾਰਾਂ ਦੇ ਤਬਾਦਲੇ ਲਈ, ਅਤੇ ਇੱਥੇ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਮਾਨਣ, ਪਰਖਣ/ਨਿਰਖਣ ਤੇ ਸਾਂਭਣ ਵਾਸਤੇ ਵਤਨ ਵਰਗੇ ਪਰਚੇ ਦੀ (ਤ੍ਰੈਮਾਸਕ ਹੀ ਨਹੀਂ ਸਗੋਂ ਮਾਸਕ ਦੀ) ਸਖ਼ਤ ਜ਼ਰੂਰਤ ਹੈ। ਜੇ ਅਸੀਂ ਆਸ ਪਾਸ ਦੇ ਖਪਤਕਾਰੀ, ਵਪਾਰਕ ਤੇ ਧਾਰਮਿਕ ਰੌਲੇ ਰੱਪੇ ਵੱਲ ਨਿਗ੍ਹਾ ਮਾਰੀਏ - ਪੰਜਾਬੀ ਦੀ ਕੋਈ ਅਖ਼ਬਾਰ ਚੁੱਕੋ ਜਾਂ ਕਿਸੇ ਸ਼ਨਿਚਰਵਾਰ ਟੀ ਵੀ ਜਾਂ ਰੇਡੀਓ ਲਾਵੋ ਤਾਂ ਇਸ ਰੌਲੇ ਦੇ ਪ੍ਰਤੱਖ ਦਰਸ਼ਨ ਹੋ ਜਾਂਦੇ ਹਨ - ਤਾਂ ਅਜਿਹੇ ਪਰਚੇ ਦੀ ਲੋੜ ਹੋਰ ਵੀ ਜ਼ਿਆਦਾ ਮਹਿਸੂਸ ਹੁੰਦੀ ਹੈ। ਸੋ ਜਿਹੜੇ ਸਾਡੇ ਦੋਸਤਾਂ ਤੇ ਪਾਠਕਾਂ ਨੇ ਵਤਨ ਬੰਦ ਹੋਣ ਦੀ ਖ਼ਬਰ ਸੁਣ ਕੇ ਸਾਡਾ ਇਨ੍ਹਾਂ ਗੱਲਾਂ ਵੱਲ ਧਿਆਨ ਦੁਆਇਆ ਹੈ ਅਸੀਂ ਉਨ੍ਹਾਂ ਦੇ ਵਿਚਾਰਾਂ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

## ਫੇਰ ਪਰਚਾ ਬੰਦ ਕਰਨ ਦਾ ਫੈਸਲਾ ਕਿਉਂ?

ਸੱਭ ਤੋਂ ਪਹਿਲਾਂ ਅਸੀਂ ਇਹ ਗੱਲ ਬਿਨ੍ਹਾਂ ਕਿਸੇ ਲੁਕ ਲੁਕਾ ਦੇ ਮੰਨਣੀ ਚਾਹੁੰਦੇ ਹਾਂ ਕਿ ਅਸੀਂ ਥੱਕ ਗਏ ਹਾਂ। ਪਰ ਥੱਕੇ ਅਸੀਂ ਪੰਜਾਬੀ ਬੋਲੀ ਤੇ ਸਾਹਿਤ ਲਈ ਕੰਮ ਕਰਨ ਤੋਂ ਨਹੀਂ, ਸਗੋਂ ਜਿਸ ਕਿਸਮ ਦੇ ਢਾਂਚੇ ਵਿਚ ਅਸੀਂ ਇਹ ਕੰਮ ਕਰਦੇ ਰਹੇ ਹਾਂ ਉਸ ਢਾਂਚੇ 'ਚ ਰਹਿ ਕੇ ਕੰਮ ਕਰਨ ਤੋਂ ਅਸੀਂ ਬਿਲਕੁਲ ਥੱਕ ਗਏ ਹਾਂ। ਇਸ ਲਈ ਇਹ ਜ਼ਰੂਰੀ ਹੈ ਕਿ ਅਸੀਂ ਇਸ ਢਾਂਚੇ ਤੇ ਵਿਸਥਾਰਪੂਰਬਕ ਨਜ਼ਰ ਮਾਰੀਏ। ਇਸ ਢਾਂਚੇ ਤੇ ਇਹ ਨਜ਼ਰ ਕਨੇਡਾ ਵਿਚ ਪੱਤਰਕਾਰੀ ਦੇ ਸਾਡੇ 15-20 ਸਾਲਾਂ ਦੇ ਨਿੱਜੀ ਤਜ਼ਰਬੇ ਤੇ ਆਧਾਰਿਤ ਹੈ।

## ਢਾਂਚੇ ਤੋਂ ਸਾਡਾ ਕੀ ਭਾਵ ਹੈ?

ਕੋਈ ਵੀ ਸਾਹਿਤਕ ਪਰਚਾ, ਇਕ ਹਰਕਾਰਾ ਜਾਂ ਸੰਦੇਸ਼ਵਾਹਕ ਹੁੰਦਾ ਹੈ ਜਿਹੜਾ ਲੇਖਕ ਦੀ ਰਚਨਾ ਨੂੰ ਪਾਠਕ ਦੇ ਹੱਥਾਂ ਤੱਕ ਪਹੁੰਚਾਉਣ ਦਾ ਕੰਮ ਕਰਦਾ ਹੈ। ਕਿਸੇ ਵੀ ਸਾਹਿਤਕ ਪਰਚੇ ਦਾ ਆਪਣਾ ਜਿਹੋ ਜਿਹਾ ਮਰਜੀ ਬਿੰਬ ਕਾਇਮ ਹੋ ਜਾਵੇ ਅਤੇ ਉਹ ਸਮਾਜ ਵਿਚ ਜਿੰਨਾ ਮਰਜੀ ਅਸਰ ਪਾਉਣ ਵਾਲਾ ਸਥਾਨ ਪ੍ਰਾਪਤ ਕਰ ਲਵੇ ਪਰ ਫੇਰ ਵੀ ਉਸਦਾ ਅਸਲ ਤੇ ਆਖਰੀ ਕਾਰਜ ਸਿਰਫ ਤੇ ਸਿਰਫ ਲੇਖਕ ਤੇ ਪਾਠਕ ਵਿਚਕਾਰ ਇਕ ਕਾਸਦ ਦਾ ਫਰਜ ਨਿਭਾਉਣਾ ਹੀ ਹੁੰਦਾ ਹੈ। ਜੇ ਅਸੀਂ ਪਰਚੇ ਨੂੰ ਆਪਣੇ ਆਪ ਵਿਚ ਇਕ ਇਕਾਈ ਵੀ ਮੰਨ ਲਈਏ ਤਾਂ ਵੀ ਇਹ ਤਸਵੀਰ ਦੀਆਂ ਦੂਜੀਆਂ ਦੋ ਇਕਾਈਆਂ, ਲੇਖਕ ਤੇ ਪਾਠਕ, ਦੀ ਪੂਰੀ ਮਿਲਵਰਤਣ ਤੋਂ ਬਿਨਾਂ ਆਪਣੀ ਹੋਂਦ ਕਾਇਮ ਨਹੀਂ ਰੱਖ ਸਕਦਾ। ਇਹ ਮਿਲਵਰਤਣ ਜਾਂ ਇਸਦੀ ਅਣਹੋਂਦ ਹੀ ਪਰਚੇ ਦੇ ਮਿਆਰ, ਰੰਗ-ਰੂਪ ਅਤੇ ਉਮਰ ਆਦਿ ਦਾ ਫੈਸਲਾ ਕਰਦੀ ਹੈ। ਜਦੋਂ ਅਸੀਂ ਢਾਂਚੇ ਦੀ ਗੱਲ ਕਰਦੇ ਹਾਂ ਤਾਂ ਅਸਲ ਵਿਚ ਅਸੀਂ ਇਨ੍ਹਾਂ ਤਿੰਨਾਂ ਧਿਰਾਂ ਦੇ ਆਪਸੀ ਰਿਸ਼ਤੇ ਦੀ ਤੇ ਤਾਲਮੇਲ ਦੀ ਗੱਲ ਕਰ ਰਹੇ ਹੁੰਦੇ ਹਾਂ। ਕਿਉਂਕਿ ਇਹ ਤਿੰਨੇ ਧਿਰਾਂ ਇਸ ਢਾਂਚੇ ਵਿਚ ਵੱਖਰੇ ਵੱਖਰੇ ਸਥਾਨ ਤੇ ਸਥਿਤ ਹੁੰਦੀਆਂ ਹਨ, ਇਸ ਢਾਂਚੇ ਦੀ ਕਾਰਗੁਜ਼ਾਰੀ ਬਾਰੇ ਇਨ੍ਹਾਂ ਤਿੰਨਾਂ ਦੇ ਹੀ ਵੱਖਰੇ ਵੱਖਰੇ ਨਜ਼ਰੀਏ ਹੋਣਗੇ। ਇਸ ਵੇਲੇ ਗੱਲ ਕਰਨ ਵਾਲੇ ਅਸੀਂ ਹਰਕਾਰੇ ਹਾਂ ਜੋ ਵਿਚਕਾਰ ਵਿਚ ਹਾਂ, ਅਸੀਂ ਆਪਣੇ ਨਜ਼ਰੀਏ ਤੋਂ ਇਸ ਢਾਂਚੇ ਦੀ ਰੂਪ ਰੇਖਾ ਚਿੱਤਰਾਂਗੇ ਅਤੇ ਇਸਦੀਆਂ ਸੀਮਾਵਾਂ ਬਾਰੇ ਗੱਲਬਾਤ ਕਰਾਂਗੇ ਜਿਨ੍ਹਾਂ ਕਾਰਨ ਸਾਨੂੰ ਵਤਨ ਬੰਦ ਕਰਨ ਦਾ ਫੈਸਲਾ ਲੈਣਾ ਪਿਆ ਹੈ।

ਦੂਜੇ ਲੋਕਾਂ ਦੀ ਲੋੜ ਲਈ ਪੈਦਾ ਕੀਤੀ ਜਾਣ ਵਾਲੀ ਕਿਸੇ ਵੀ

ਦੇਖੋ ਸਫਾ ਚਾਰ 'ਤੇ

ਨੰ: 21/22
ਸਾਲ ਛੇਵਾਂ-ਅੰਕ ਪਹਿਲਾ, ਦੂਜਾ
ਪਤਝੜ, 1994
ਜੁਲਾਈ - ਦਸੰਬਰ

# ਵਤਨ

S.N.21/22
Vol.6, No.1,2
Fall, 1994
July - December

Publication
Agreement
# 0481610

ਸੰਪਾਦਕ:
ਸਾਧੂ ਬਿਨਿੰਗ 437-9014
ਸੁਖਵੰਤ ਹੁੰਦਲ 581-3211

ਮੈਨੇਜਰ:
ਅਮਨਪਾਲ ਸਾਰਾ 435-1236
ਪਰੋਡਕਸ਼ਨ ਅਸਿਸਟੈਂਟ
ਅੰਜੂ ਹੁੰਦਲ 581-3211

**Editors:**
Sadhu Binning 437-9014
Sukhwant Hundal 581-3211

**Manager:**
Amanpal Sara 435-1236
**Production Assistant**
Anju Hundal 581-3211

**ਵਤਨ WATAN**
**P.O.Box 27132**
**Collingwood, P O**
**Vancouver, B. C.**
**Canada, V5R 6A8**
**Phone:**
**(604) 437-9014 & 581-3211**

ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਪਬਲੀਕੇਸ਼ਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan. All office holders and members of Watan Publication past and present, have been and are honorary associates of Watan.

Price: $3.00
**Annual Subscription:**
Canada
Individual: $12.00;Institutions: $18.00
USA: $15.00
Other Countries: $18.00


| ਇਸ ਅੰਕ ਵਿਚ | ਲੇਖਕ | ਸਫਾ |
|---|---|---|
| ਸੰਪਾਦਕੀ | | 2 |
| ਕਹਾਣੀ | ਸਾਧੂ ਸਿੰਘ | 25 |
| ਲੇਖ | ਮੰਗਤ ਰਾਏ ਭਾਰਦਵਾਜ | 10 |
| | ਸੁਖਵੰਤ ਹੁੰਦਲ | 13 |
| | ਉਂਕਾਰਪ੍ਰੀਤ ਸਿੰਘ | 31 |
| | ਸ਼ਸ਼ੀ ਜੋਸ਼ੀ ਤੇ ਭਗਵਾਨ ਜੋਸ਼ | 33 |
| | ਰਵਿੰਦਰ ਸਹਿਰਾਅ | 37 |
| ਸਥਾਈ ਕਾਲਮ | ਦੇਸ ਤੋਂ ਚਿੱਠੀ | 21 |
| | ਪੁਸਤਕ ਪਰਿਚੈ | 39 |
| | ਤੇ ਤੁਸੀਂ ਲਿਖਿਆ | 44 |


ਵਤਨ ਦਾ ਇਹ ਆਖਰੀ ਅੰਕ ਹੈ। ਅਸੀਂ ਲੇਖਕ ਦੋਸਤਾਂ ਦਾ ਦਿੱਤੇ ਸਹਿਯੋਗ ਲਈ ਧੰਨਵਾਦ ਕਰਦੇ ਹਾਂ। ਬਹੁਤ ਸਾਰੀਆਂ ਆਈਆਂ ਹੋਈਆਂ ਰਚਨਾਵਾਂ ਅਸੀਂ ਛਾਪ ਨਹੀਂ ਸਕੇ ਜਿਸ ਵਾਸਤੇ ਅਸੀਂ ਉਨ੍ਹਾਂ ਤੋਂ ਖਿਮਾ ਚਾਹੁੰਦੇ ਹਾਂ।

**ਇਸ ਅੰਕ ਦੀ ਤਿਆਰੀ ਲਈ ਮਾਨਤਾ (ਕਰੈਡਿਟ) ਤੇ ਸਹਿਯੋਗ:**
ਟਾਈਪਿੰਗ: ਸਾਧੂ, ਸੁਖਵੰਤ ਹੁੰਦਲ ਤੇ ਅੰਜੂ ਹੁੰਦਲ।
ਡੀਜ਼ਾਈਨ ਅਤੇ ਲੇ ਆਊਟ: ਸਾਧੂ, ਸੁਖਵੰਤ ਹੁੰਦਲ

ਸਫਾ 2, ਸੰਪਾਦਕੀ ਦੀ ਬਾਕੀ

ਹੋਰ ਸ਼ੈਅ ਵਾਂਗ, ਪਰਚੇ (ਵਤਨ) ਦੀ ਪ੍ਰਕਾਸ਼ਨਾ ਦੇ ਵੀ ਤਿੰਨ ਮੁੱਖ ਪਹਿਲੂ ਹਨ - ਉਤਪਾਦਨ (ਪ੍ਰੋਡਕਸ਼ਨ), ਵੰਡ (ਡਿਸਟ੍ਰੀਬਿਊਸ਼ਨ) ਤੇ ਖਪਤ (ਕੰਨਸੰਪਸ਼ਨ)। ਪਹਿਲੇ ਹਿੱਸੇ ਵਿੱਚ ਆਉਣ ਵਾਲੇ ਮੁੱਖ ਕੰਮਾਂ ਵਿਚ ਸ਼ਾਮਲ ਹੁੰਦੇ ਹਨ: ਲੇਖਕਾਂ ਨਾਲ ਤਾਲਮੇਲ ਕਰਨਾ ਤੇ ਪਰਚੇ ਲਈ ਸਮੱਗਰੀ ਇਕੱਤਰ ਕਰਨਾ; ਛਾਪਣਯੋਗ ਰਚਨਾਵਾਂ ਦੀ ਚੋਣ ਕਰਨਾ; ਇਸ਼ਤਿਹਾਰ ਇਕੱਠੇ ਕਰਨਾ; ਟਾਈਪਸੈੱਟ ਕਰਨਾ; ਪਰੂਫ ਪੜ੍ਹਨੇ; ਲਿਖਤਾਂ ਨੂੰ ਲੇਅ ਆਊਟ ਕਰਨਾ; ਟਾਈਟਲ, ਰੰਗ ਆਦਿ ਅਨੇਕਾਂ ਨਿੱਕੇ ਨਿੱਕੇ ਫੈਸਲੇ/ਕੰਮ ਕਰਨੇ; ਪਰਚਾ ਪ੍ਰੈਸ ਨੂੰ ਭੇਜਣ ਤੱਕ ਹਰ ਸਫੇ ਨੂੰ ਕੈਮਰਾ ਰੈਡੀ ਕਰਨਾ ਆਦਿ।

ਦੂਸਰੇ ਹਿੱਸੇ ਵਿਚ ਆਉਣ ਵਾਲੇ ਮੁੱਖ ਕੰਮ ਹਨ: ਛਪੇ ਹੋਏ ਪਰਚੇ ਨੂੰ ਪ੍ਰੈਸ ਵਿਚੋਂ ਲੈ ਕੇ ਆਉਣਾ; ਪਰਚੇ ਨੂੰ ਡਾਕ ਵਿਚ ਪਾਉਣ ਲਈ ਤਿਆਰ ਕਰਨਾ; ਪਰਚੇ ਨੂੰ ਹੋਰ ਅਜਿਹੀਆਂ ਥਾਵਾਂ ਤੇ ਪਹੁੰਚਾਉਣਾ ਜਿੱਥੋਂ ਲੋਕ ਉਸਨੂੰ ਲੈ ਸਕਣ; ਚੰਦਿਆਂ ਦੀ ਅਤੇ ਪਾਠਕਾਂ ਦੀ ਲਿਸਟ ਅਪ-ਟੂ ਡੇਟ ਰੱਖਣਾ; ਪਰਚੇ ਨੂੰ ਲੋਕਾਂ ਨਾਲ ਜਾਣੂ ਕਰਾਉਣਾ, ਆਦਿ। ਇਸਦੇ ਨਾਲ ਹੀ ਕਈ ਹੋਰ ਪ੍ਰਬੰਧਕੀ ਕੰਮ ਜਿਵੇਂ ਵੱਖਰੇ ਵੱਖਰੇ ਸੋਮਿਆਂ ਤੋਂ ਲੋੜੀਂਦੇ ਫੰਡ ਇਕੱਤਰ ਕਰਨੇ ਤੇ ਉਨ੍ਹਾਂ ਦਾ ਬਾਕਾਇਦਾ ਹਿਸਾਬ ਕਿਤਾਬ ਰੱਖਣਾ ਆਦਿ।

ਤੀਸਰੇ ਹਿੱਸੇ ਵਿਚ ਪਰਚੇ ਦੇ ਕਰਿੰਦਿਆਂ ਨੇ ਨਹੀਂ ਸਗੋਂ ਪਰਚੇ ਦੇ ਪਾਠਕਾਂ ਨੇ ਕੰਮ ਕਰਨਾ ਹੁੰਦਾ ਹੈ। ਉਹਨਾਂ ਦਾ ਕੰਮ ਹੈ ਪਰਚੇ ਨੂੰ ਪ੍ਰਾਪਤ ਕਰਨਾ ਅਤੇ ਪੜ੍ਹਨਾ। ਪਰ ਉਹਨਾਂ ਦਾ ਇਹ ਕੰਮ ਪਰਚੇ ਦੇ ਪਹਿਲੇ ਦੋ ਕੰਮਾਂ ਨਾਲ ਸੰਬੰਧਿਤ ਹੁੰਦਾ ਹੈ ਅਤੇ ਉਹਨਾਂ ਤੇ ਅਸਰ ਕਰਦਾ ਹੈ। ਉਦਾਹਰਣ ਲਈ, ਜੇ ਪਾਠਕ ਇਹ ਕੰਮ ਸਰਗਰਮੀ ਨਾਲ ਕਰਦੇ ਹਨ ਤਾਂ ਪਰਚੇ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਕੰਮ ਸੌਖਾ ਹੋ ਜਾਂਦਾ ਹੈ ਅਤੇ ਇਸਦੇ ਨਾਲ ਹੀ ਜੇ ਜ਼ਿਆਦਾ ਲੋਕ ਪਰਚੇ ਨੂੰ ਖਪਤ (ਕਨਜ਼ਿਊਮ) ਕਰਦੇ ਹਨ ਤਾਂ ਉਸ ਨਾਲ ਪਰਚੇ ਦੇ ਆਰਥਿਕ ਵਸੀਲਿਆਂ ਨੂੰ ਤਾਕਤ ਮਿਲਦੀ ਹੈ ਅਤੇ ਸਮਾਜ ਵਿਚ ਉਸਦੀ ਆਵਾਜ਼ ਨੂੰ ਇੱਜ਼ਤ ਮਿਲਦੀ ਹੈ।

ਉਪਰ ਦੱਸੇ ਸਾਰੇ ਕੰਮਾਂ ਲਈ ਵੱਖਰੀ ਵੱਖਰੀ ਮਿਕਦਾਰ ਵਿਚ ਸਮੇਂ, ਸੂਝ ਅਤੇ ਆਰਥਿਕ ਵਸੀਲਿਆਂ ਦੀ ਲੋੜ ਪੈਂਦੀ ਹੈ। ਪਰ ਜਿਸ ਢਾਂਚੇ ਵਿਚ ਵਤਨ ਹੁਣ ਤੱਕ ਨਿਕਲਦਾ ਰਿਹਾ ਹੈ ਉਸ ਵਿਚ ਪ੍ਰੈਸ ਅਤੇ ਡਾਕ ਦੇ ਖਰਚਿਆਂ ਨੂੰ ਛੱਡ ਕੇ ਹੋਰ ਕਿਸੇ ਵੀ ਕੰਮ ਲਈ ਆਰਥਿਕ ਵਸੀਲਿਆਂ ਦੀ ਅਣਹੋਂਦ ਰਹੀ ਹੈ। ਇਹ ਸਾਰੇ ਕੰਮ ਸੇਵਾ ਭਾਵਨਾ ਜਾਂ ਪਿਆਰ ਦੀ ਮਜ਼ਦੂਰੀ (ਲੇਬਰ ਆਫ ਲਵ) ਨਾਲ ਹੀ ਕੀਤੇ ਜਾਂਦੇ ਰਹੇ ਹਨ। ਇਸ ਤਰ੍ਹਾਂ ਵਤਨ ਪੰਜਾਬੀ ਸਾਹਿਤ ਵਿਚ ਪੁਰਾਣੀ ਚਲੀ ਆਉਂਦੀ ਰੀਤ ਮੁਤਾਬਕ ਨਿਕਲਦਾ ਰਿਹਾ ਹੈ। ਇਸ ਰੀਤ ਅਨੁਸਾਰ ਪਰਚਾ ਕੱਢਣ ਵਾਲੇ - ਸਾਹਿਤ ਤੇ ਸਭਿਆਚਾਰ ਲਈ ਇਕ ਸਿਆਸੀ ਪ੍ਰਤਿਬੱਧਤਾ ਜਾਂ ਸਾਹਿਤ ਤੇ ਸਭਿਆਚਾਰ ਦੀ ਸੇਵਾ ਜਾਂ ਸਾਹਿਤ ਅਤੇ ਸਭਿਆਚਾਰ ਪ੍ਰਤਿ ਸ਼ਰਧਾ - ਅਧੀਨ ਕੰਮ ਕਰਦੇ ਹਨ।

ਪ੍ਰਤਿਬੱਧਤਾ ਤੋਂ ਭਾਵ ਇੱਥੇ ਬੁਰਜ਼ਵਾਜ਼ੀ ਸਿਆਸਤ ਵਾਲੀ ਪ੍ਰਤਿਬੱਧਤਾ ਨਹੀਂ ਜਿਹਦੇ ਵਿੱਚ ਜਾਤੀ ਮੁਫ਼ਾਦ ਖੁੱਲ੍ਹੇ ਤੌਰ 'ਤੇ ਸ਼ਾਮਲ ਹੁੰਦਾ ਹੈ, ਸਗੋਂ ਉਸ ਕਿਸਮ ਦੀ ਪ੍ਰਤਿਬੱਧਤਾ ਜਿਹਦੇ ਵਿੱਚੋਂ ਆਪਣੇ ਆਪ ਨੂੰ ਚੇਤੰਨ ਤੌਰ 'ਤੇ ਗਾਇਬ ਕਰਨਾ ਪੈਂਦਾ ਹੈ। ਇਹ ਉਸੇ ਕਿਸਮ ਦੀ ਪ੍ਰਤਿਬੱਧਤਾ ਹੈ ਜਿਸ ਅਧੀਨ ਕਦੀ ਗਦਰ ਅਖ਼ਬਾਰ ਛਪਿਆ ਕਰਦਾ ਸੀ, ਪੰਜਾਬ ਵਿਚ ਤੇ ਬਾਹਰ ਵੀ ਅਨੇਕਾਂ ਸਿਆਸੀ, ਸਾਹਿਤਕ ਅਖ਼ਬਾਰ ਤੇ ਪਰਚੇ ਛਪਿਆ ਕਰਦੇ ਸਨ ਅਤੇ ਅਜੇ ਵੀ ਛਪਦੇ ਹਨ, ਭਾਵੇਂ ਹੁਣ ਪਹਿਲਾਂ ਜਿੰਨੇ ਨਹੀਂ।

ਜਿਵੇਂ ਪਹਿਲਾਂ ਦੱਸਿਆ ਗਿਆ ਹੈ ਕਿ ਇਸ ਢਾਂਚੇ ਅਧੀਨ ਪਰਚੇ ਦੇ ਕਰਿੰਦੇ ਪਰਚੇ ਦਾ ਸਾਰਾ ਕੰਮ ਸੇਵਾ ਭਾਵ ਨਾਲ ਕਰਦੇ ਹਨ। ਉਹਨਾਂ ਨੂੰ ਕਿਸੇ ਤਰ੍ਹਾਂ ਦਾ ਆਰਥਿਕ ਲਾਭ ਹੋਣ ਦੀ ਥਾਂ ਬਹੁਤੀ ਵੇਰ ਆਪਣੇ ਕੋਲੋਂ ਮਾਇਕ ਖਰਚੇ ਹੀ ਨਹੀਂ ਕਰਨੇ ਪੈਂਦੇ ਸਗੋਂ ਆਪਣੇ ਵਸੀਲੇ, ਜਿਵੇਂ ਕੰਮ ਕਰਨ ਲਈ ਸਥਾਨ ਤੇ ਕੰਪਿਊਟਰ ਆਦਿ ਵੀ ਲਾਉਣੇ ਪੈਂਦੇ ਹਨ। ਪਰ ਇਹ ਵੀ ਸੱਚ ਹੈ ਕਿ ਬਦਲੇ ਵਿੱਚ ਉਹਨਾਂ ਨੂੰ ਸਮਾਜਕ ਮਾਨਤਾ ਮਿਲਦੀ ਹੈ। ਇਹ ਮਾਨਤਾ ਜਿੱਥੇ ਪਰਚੇ ਦੀ ਰੂਪ ਰੇਖਾ ਅਤੇ ਰਚਨਾਵਾਂ ਦੇ ਮਿਆਰ ਦੀ ਚੋਣ ਕਰਕੇ ਮਿਲਦੀ ਹੈ ਉਸਦੇ ਨਾਲ ਹੀ ਮਾਨਤਾ ਦਾ ਵੱਡਾ ਕਾਰਨ ਉਹਨਾਂ ਵਲੋਂ ਪਰਚੇ ਤੇ ਕੀਤੀ ਗਈ 'ਲੇਬਰ ਆਫ ਲਵ' ਕਾਰਨ ਹੁੰਦੀ ਹੈ। ਇਸ ਗੱਲ ਦਾ ਪ੍ਰਤੱਖ ਸਬੂਤ ਵਤਨ ਵਿਚ ਛਪੀਆਂ ਬਹੁਗਿਣਤੀ ਚਿੱਠੀਆਂ ਤੋਂ ਮਿਲ ਸਕਦਾ ਹੈ। ਇਹਨਾਂ ਚਿੱਠੀਆਂ ਵਿਚ ਵਤਨ ਦੇ ਕਰਿੰਦਿਆਂ ਦੀ ਸਿਫਤ ਇਸ ਕਰਕੇ ਕੀਤੀ ਗਈ ਹੁੰਦੀ ਹੈ ਕਿਉਂਕਿ ਉਹ 'ਕਨੇਡਾ ਵਰਗੇ ਮੁਲਕ ਵਿਚ ਬੈਠੇ, ਜਿੱਥੇ ਹਰ ਕੋਈ ਡਾਲਰਾਂ ਮਗਰ ਦੌੜ ਰਿਹਾ ਹੈ, ਅਜਿਹਾ ਪਰਚਾ ਕੱਢ ਰਹੇ ਹਨ' ਆਦਿ।

ਇਸ ਢਾਂਚੇ ਅੰਦਰ ਇਸੇ ਤਰ੍ਹਾਂ ਦੀ ਸਥਿਤੀ ਹੀ ਪਰਚੇ 'ਚ ਛਪਣ ਵਾਲੇ ਲੇਖਕਾਂ ਦੀ ਹੁੰਦੀ ਹੈ। ਉਹਨਾਂ ਨੂੰ ਵੀ ਉਹਨਾਂ ਦੀਆਂ ਲਿਖਤਾਂ ਦਾ ਕੋਈ ਆਰਥਿਕ ਮੁਆਵਜ਼ਾ ਨਹੀਂ ਮਿਲਦਾ ਪਰ ਪਰਚੇ ਦੇ ਕਰਿੰਦਿਆਂ ਵਾਂਗ ਸਮਾਜਕ ਮਾਨਤਾ ਜ਼ਰੂਰ ਮਿਲਦੀ ਹੈ। ਉਹ ਵੀ ਪਰਚੇ ਦੇ ਕਰਿੰਦਿਆਂ ਵਾਂਗ ਆਪਣੀ ਸਿਆਸੀ ਪ੍ਰਤਿਬੱਧਤਾ ਜਾਂ ਪੰਜਾਬੀ ਸਾਹਿਤ ਅਤੇ ਸਭਿਆਚਾਰ ਪ੍ਰਤਿ ਸੇਵਾ ਜਾਂ ਸ਼ਰਧਾ ਦੀ ਭਾਵਨਾ ਨਾਲ ਲਿਖਦੇ ਹਨ। ਭਾਵੇਂ ਲਿਖਣ ਦੇ ਹਰ ਲੇਖਕ ਦੇ ਆਪਣੇ ਕਾਰਨ ਹੁੰਦੇ ਹਨ ਪਰ ਵਤਨ ਵਰਗੇ ਪਰਚਿਆਂ ਵਿਚ ਛਪਣ ਵਾਲੇ ਬਹੁ ਗਿਣਤੀ ਲੇਖਕਾਂ ਲਈ ਇਹ ਉੱਪਰ ਦੱਸੇ ਕਾਰਨ ਅਕਸਰ ਫੈਸਲਾਕੁੰਨ ਹੁੰਦੇ ਹਨ। ਇਥੇ ਇਹ ਗੱਲ ਵੀ ਮੰਨ ਲੈਣੀ ਚਾਹੀਦੀ ਹੈ ਕਿ ਪਰਚੇ ਦੇ ਕਰਿੰਦਿਆਂ ਅਤੇ ਲੇਖਕਾਂ ਲਈ ਇਹ ਕੰਮ ਕਰਨ ਦਾ ਇਕ ਕਾਰਨ 'ਮੈਂ' ਦੀ ਪ੍ਰਵਾਨਗੀ ਦਾ ਵੀ ਹੁੰਦਾ ਹੈ।

ਇਸ ਢਾਂਚੇ ਵਿਚ ਤੀਜੀ ਧਿਰ ਪਰਚੇ ਦੇ ਪਾਠਕ ਵੀ ਇਕ ਖਾਸ ਖਾਸੇ ਦੇ ਹੁੰਦੇ ਹਨ। ਉਹ ਪਰਚੇ ਵਿਚ ਛਪਣ ਵਾਲੀਆਂ ਕ੍ਰਿਤਾਂ ਦੇ ਸਾਹਿਤਕ ਪੱਧਰ ਨੂੰ ਪਰਖ ਕੇ ਪਰਚੇ ਦੇ ਪਾਠਕ ਨਹੀਂ ਬਣਦੇ ਸਗੋਂ ਉਹ ਵੀ ਬਹੁਤੀ ਵਾਰੀ ਲੇਖਕਾਂ ਤੇ ਪਰਚੇ ਦੇ ਕਰਿੰਦਿਆਂ ਵਾਲੀ ਪ੍ਰਤਿਬੱਧਤਾ ਕਰਕੇ ਹੀ ਪਾਠਕ ਬਣਦੇ ਹਨ ਅਤੇ ਕਈ ਵਾਰੀ ਮਾਇਕ ਸਹਾਇਤਾ ਵੀ ਦਿੰਦੇ ਹਨ। ਪਰਚੇ ਨੂੰ ਸਹਾਇਤਾ ਦੇਣ ਪਿੱਛੇ ਉਹਨਾਂ ਦਾ ਮਕਸਦ ਸਮੁੱਚੇ ਰੂਪ ਵਿਚ ਸਾਹਿਤਕ ਅਤੇ ਸਭਿਆਚਾਰਕ ਪੱਖ ਨੂੰ ਮਜ਼ਬੂਤ ਕਰਨਾ ਨਹੀਂ ਸਗੋਂ ਉਨ੍ਹਾਂ ਦੀ ਪਸੰਦ ਦੀ ਸਿਆਸਤ ਨੂੰ ਅਗਾਂਹ ਲਿਜਾਣ ਵਾਲੇ ਸਾਹਿਤ ਅਤੇ ਸਭਿਆਚਾਰ ਨੂੰ ਮਜ਼ਬੂਤ ਕਰਨਾ ਹੁੰਦਾ ਹੈ। ਜਿਸ ਤਰ੍ਹਾਂ ਕਿਸੇ ਸਿਆਸੀ ਪਾਰਟੀ ਜਾਂ ਗਰੁੱਪ ਲਈ ਮੈਂਬਰਸ਼ਿੱਪ ਭਰਤੀ ਕਰੀਦੀ ਹੈ, ਉਸ ਹੀ ਆਧਾਰ ਤੇ ਪਰਚੇ ਦੇ ਕਰਿੰਦੇ/ਪ੍ਰਬੰਧਕ ਅਤੇ ਪਰਚੇ ਦੇ ਹਮਦਰਦ ਪਰਚੇ ਦੇ ਪਾਠਕ ਬਣਦੇ/ਬਣਾਉਂਦੇ ਹਨ।

ਉਸ ਸਿਆਸੀ ਵਿਚਾਰਧਾਰਾ ਜਾਂ ਬੋਲੀ, ਸਾਹਿਤ ਅਤੇ ਸਭਿਆਚਾਰ ਲਈ ਸਮਾਜ ਵਿਚ ਪ੍ਰਵਾਨਗੀ ਦੀ ਮਿਕਦਾਰ ਦੇ ਹਿਸਾਬ ਨਾਲ ਹੀ ਪਰਚੇ ਨੂੰ ਕਮਿਊਨਿਟੀ ਦੇ ਹੋਰ ਸੋਮਿਆਂ ਤੋਂ ਮਦਦ ਮਿਲਦੀ ਹੈ। ਉਦਾਹਰਣ ਲਈ ਪਰਚੇ ਦੀ ਸੇਧ ਨਾਲ ਸਹਿਮਤ ਹੋਣ ਵਾਲੇ ਹਮਦਰਦ ਵਪਾਰੀ ਇਸ਼ਤਿਹਾਰ ਦੇ ਕੇ ਪਰਚੇ ਦੀ ਆਰਥਿਕ ਮਦਦ ਕਰਦੇ ਹਨ।

## ਇਸ ਢਾਂਚੇ ਦੀਆਂ ਮੌਜੂਦਾ ਸਮੇਂ ਵਿੱਚ ਸੀਮਾਵਾਂ।

ਸਾਡੀ ਜਾਚੇ ਉੱਪਰ ਵਿਚਾਰੇ ਗਏ ਢਾਂਚੇ ਵਿਚ ਕੋਈ ਨੁਕਸ ਨਹੀਂ ਹੈ। ਇਸਦੀਆਂ ਆਪਣੀਆਂ ਸੰਭਾਵਨਾਵਾਂ ਵੀ ਹਨ ਅਤੇ ਸੀਮਾਵਾਂ ਵੀ। ਪਰ ਇਸ ਢਾਂਚੇ ਦੇ ਕਾਮਯਾਬ ਹੋਣ ਲਈ ਕੁਝ ਇਕ ਗੱਲਾਂ ਦਾ ਹੋਣਾ ਬਹੁਤ ਜ਼ਰੂਰੀ ਹੈ। ਸੱਭ ਤੋਂ ਪਹਿਲਾਂ ਤਾਂ ਮਿੱਥਿਆ ਲਕਸ਼ ਜਾਂ ਨਿਸ਼ਾਨਾ ਸਾਰੀਆਂ ਸੰਬੰਧਿਤ ਧਿਰਾਂ – ਲੇਖਕਾਂ, ਪਰਚੇ ਦੇ ਕਰਿੰਦਿਆਂ ਤੇ ਪਾਠਕਾਂ – ਲਈ ਇੱਕੋ ਜਿਹੀ ਮਹੱਤਤਾ ਰੱਖਦਾ ਹੋਵੇ ਅਤੇ ਉਸ ਲਕਸ਼ ਦੀ ਪੂਰਤੀ ਲਈ ਸੇਵਾ ਭਾਵਨਾ ਸਾਰੀਆਂ ਧਿਰਾਂ ਵਿਚ ਵੱਧ ਘੱਟ ਮਿਕਦਾਰ ਵਿਚ ਮੌਜੂਦ ਹੋਵੇ। ਨਾਲ ਹੀ ਜੋ ਲੋਕ ਉਸ ਲਕਸ਼ ਦੀ ਪੂਰਤੀ ਲਈ ਦੂਜਿਆਂ ਨਾਲੋਂ ਵੱਧ ਸਮਾਂ ਜਾਂ ਸ਼ਕਤੀ ਜੁਟਾ ਰਹੇ ਹੋਣ ਉਨ੍ਹਾਂ ਦੀ ਪ੍ਰਤਿਬੱਧਤਾ ਵਿਚ ਕਿਸੇ ਕਿਸਮ ਦੇ ਜਾਤੀ ਮੁਫਾਦ ਦੀ ਮਿਲਾਵਟ ਨਾ ਹੋਵੇ ਅਤੇ ਉਨ੍ਹਾਂ ਉੱਪਰ ਬਾਕੀਆਂ ਨੂੰ ਲੋੜੀਂਦਾ ਯਕੀਨ ਜ਼ਰੂਰ ਹੋਵੇ।

ਵੱਖਰੇ ਵੱਖਰੇ ਕਾਰਨਾਂ – ਸਮਾਜਕ ਤਬਦੀਲੀਆਂ ਅਤੇ ਨਵੀਆਂ ਲਹਿਰਾਂ – ਕਰਕੇ ਲਗਦਾ ਹੈ ਕਿ ਇਸ ਕਿਸਮ ਦਾ ਮਾਹੌਲ ਹੁਣ ਰਿਹਾ ਨਹੀਂ ਹੈ, ਘੱਟੋ ਘੱਟ ਕਨੇਡਾ ਦੀ ਪੰਜਾਬੀ ਕਮਿਊਨਿਟੀ ਵਿੱਚ ਤਾਂ ਬਿਲਕੁਲ ਨਹੀਂ। ਜੇ ਸਿੱਧੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਵਤਨ ਕਨੇਡਾ ਦੇ ਪੰਜਾਬੀ ਸਮਾਜ ਵਿਚ ਖੱਬੀ ਸਿਆਸਤ ਅਤੇ ਨਿੱਗਰ, ਸਾਫ–ਸੁਥਰੇ ਅਤੇ ਸੈਕੂਲਰ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਪੇਸ਼ ਕਰਨ ਤੇ ਉਤਸ਼ਾਹਤ ਕਰਨ ਦੇ ਮੰਤਵ ਨਾਲ ਚਲਦਾ ਰਿਹਾ ਹੈ। ਸਰਸਰੀ ਨਿਗਾਹ ਮਾਰਿਆਂ ਵੀ ਕਨੇਡਾ ਦੇ ਪੰਜਾਬੀ ਸਮਾਜ ਵਿਚ ਇਹਨਾਂ ਦੋਹਾਂ ਚੀਜ਼ਾਂ ਨੂੰ ਪਿਛਲੇ ਕੁੱਝ ਸਾਲਾਂ ਦੌਰਾਨ ਢਾਹ ਲੱਗੀ ਨਜ਼ਰ ਆਉਂਦੀ ਹੈ। ਇਸ ਢਾਹ ਲੱਗਣ ਦੇ ਅਨੇਕਾਂ ਕਾਰਨਾਂ ਉੱਪਰ ਗੰਭੀਰ ਵਿਚਾਰ ਵਟਾਂਦਰੇ ਦੀ ਲੋੜ ਹੈ। (ਵਤਨ ਵਲੋਂ ਮੰਗ ਕਰਨ ਦੇ ਬਾਵਜੂਦ ਵੀ ਪਿਛਲੇ ਪੰਜ ਸਾਲਾਂ ਦੇ ਦੌਰਾਨ ਕੋਈ ਵੀ ਅਜਿਹੀ ਲਿਖਤ ਪ੍ਰਾਪਤ ਨਹੀਂ ਹੋਈ ਜੋ ਇਸ ਮਸਲੇ ਬਾਰੇ ਗੰਭੀਰ ਵਿਚਾਰ ਵਟਾਂਦਰਾ ਕਰਨ ਦਾ ਉਪਰਾਲਾ ਕਰਦੀ ਹੋਵੇ।)

**... ਕਨੇਡਾ/ਅਮਰੀਕਾ ਵਿਚ ਪੰਜਾਬੀ ਬੋਲੀ ਤੇ ਸਭਿਆਚਾਰ ਦੇ ਵਾਧੇ ਲਈ, ਸਾਡੇ ਸਮਾਜ ਨੂੰ ਦਰਪੇਸ਼ ਗੰਭੀਰ ਮਸਲਿਆਂ ਬਾਰੇ ਵਿਚਾਰਾਂ ਦੇ ਤਬਾਦਲੇ ਲਈ, ਅਤੇ ਇੱਥੇ ਰਚੇ ਜਾ ਰਹੇ ਪੰਜਾਬੀ ਸਾਹਿਤ ਨੂੰ ਮਾਨਣ, ਪਰਖਣ/ਨਿਰਖਣ ਤੇ ਸਾਂਭਣ ਵਾਸਤੇ ਵਤਨ ਵਰਗੇ ਪਰਚੇ ਦੀ (ਤ੍ਰੈਮਾਸਕ ਹੀ ਨਹੀਂ ਸਗੋਂ ਮਾਸਕ ਦੀ) ਸਖ਼ਤ ਜ਼ਰੂਰਤ ਹੈ।**

ਸਾਡੇ ਆਪਣੇ ਵਿਚਾਰ ਅਨੁਸਾਰ ਕਨੇਡਾ ਦੇ ਪੰਜਾਬੀ ਸਮਾਜ ਵਿਚ ਅਗਾਂਹਵਧੂ ਸਿਆਸਤ ਅਤੇ ਪੰਜਾਬੀ ਸਾਹਿਤ ਅਤੇ ਸਭਿਆਚਾਰ ਦੇ ਸੈਕੂਲਰ ਪੱਖ ਉੱਪਰ ਦੋ ਘਟਨਾਵਾਂ ਨੇ ਬਹੁਤ ਵੱਡਾ ਅਸਰ ਪਾਇਆ ਹੈ। ਇਕ – ਪੰਜਾਬ ਵਿਚ ਚੱਲੀ ਖਾਲਿਸਤਾਨ ਦੀ ਲਹਿਰ ਜਿਸਨੇ ਸਮੁੱਚੇ ਪੰਜਾਬੀ ਸਮਾਜ ਦੇ ਸੈਕੂਲਰ ਮਾਹੌਲ ਨੂੰ ਧਾਰਮਿਕ ਮਾਹੌਲ ਵਿਚ ਬਦਲ ਦਿੱਤਾ ਹੈ। ਦੂਸਰੀ – ਸਾਬਕਾ ਸੋਵੀਅਤ ਯੂਨੀਅਨ ਅਤੇ ਪੂਰਬੀ ਬਲਾਕ ਦੇ ਦੇਸ਼ਾਂ ਵਿਚ 'ਸਟੇਟ ਸੋਸ਼ਲਿਜ਼ਮ' ਦੀ ਹਾਰ। ਇਸ ਨਾਲ ਸੰਸਾਰ ਪੱਧਰ 'ਤੇ ਇਸ ਵਿਚਾਰਧਾਰਾ ਨੂੰ ਲੱਗੀ ਸੱਟ ਨੇ ਖੱਬੇ ਪੱਖੀ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਇਨ੍ਹਾਂ ਘਟਨਾਵਾਂ ਦਾ ਅਸਰ ਪੰਜਾਬੀ ਸਿਆਸਤ ਸਾਹਿਤ ਅਤੇ ਸਭਿਆਚਾਰ 'ਤੇ ਪ੍ਰਤੱਖ ਦੇਖਿਆ ਜਾ ਸ਼ਕਦਾ ਹੈ। ਉਦਾਹਰਣ ਵਜੋਂ, ਜਿੱਥੇ ਪਹਿਲਾਂ ਕਨੇਡਾ ਵਿਚੋਂ ਕਿੰਨੇ ਹੀ ਸਿਆਸੀ ਪਰਚੇ ਤੇ ਅਖ਼ਬਾਰ ਨਿਕਲਦੇ ਸਨ ਹੁਣ ਇਕ ਵੀ ਨਹੀਂ ਨਿਕਲ ਰਿਹਾ। (ਕੁਝ ਵਰ੍ਹੇ ਪਹਿਲਾਂ ਦੀ ਹੀ ਗੱਲ ਹੈ ਕਿ ਕਨੇਡਾ ਦੇ ਇਕ ਸਿਆਸੀ ਗਰੁੱਪ ਦਾ ਸਾਲ ਦਾ ਪ੍ਰਕਾਸ਼ਨਾ ਦਾ ਬੱਜਟ ਦੋ ਢਾਈ ਲੱਖ ਡਾਲਰ ਸੁਣਦੇ ਸਾਂ, ਹੁਣ ਸਥਿਤੀ ਬਿਲਕੁਲ ਬਦਲ ਚੁੱਕੀ ਹੈ)। ਦੂਜੇ ਪਾਸੇ ਧਾਰਮਿਕ ਅਖ਼ਬਾਰਾਂ ਤੇ ਪਰਚਿਆਂ ਦੀ ਕੋਈ ਕਮੀ ਨਹੀਂ ਹੈ। ਜਿੱਥੇ ਕਦੀ ਅਜਿਹਾ ਮੌਕਾ ਸੀ ਕਿ ਪੰਜਾਬੀ ਵਿਚ ਕਿਸੇ ਇਕ ਵੀ ਧਾਰਮਿਕ ਰੁਚੀ ਵਾਲੇ ਪਰਚੇ ਦੀ ਥਾਂ ਨਹੀਂ ਸੀ, ਹੁਣ ਧਾਰਮਿਕ ਰੁਚੀਆਂ ਵਾਲੇ ਪਰਚਿਆਂ ਦੀ ਹੀ ਥਾਂ ਬਾਕੀ ਬਚੀ ਹੈ। ਇਨ੍ਹਾਂ ਪਰਚਿਆਂ ਨੂੰ ਹਰ ਸਾਲ ਗੁਰਦਵਾਰਿਆਂ ਵਲੋਂ ਲੱਖਾਂ ਡਾਲਰਾਂ ਦੇ ਇਸ਼ਤਿਹਾਰ ਮਿਲਦੇ ਹਨ। ਧਾਰਮਿਕ ਲਹਿਰ ਕਾਰਨ ਹੀ ਇਹਨਾਂ ਪਰਚਿਆਂ ਨੂੰ ਪਾਠਕ ਮਿਲਦੇ ਹਨ ਤੇ ਮੁੱਖ ਤੌਰ ਤੇ ਧਾਰਮਿਕ ਲਹਿਰ ਦੇ ਕਾਰਨ ਹੀ ਵਪਾਰੀ ਤਬਕਾ ਇਨ੍ਹਾਂ ਪਰਚਿਆਂ ਨੂੰ ਇਸ਼ਤਿਹਾਰ ਦਿੰਦਾ ਹੈ। ਅਜਿਹੇ ਸਮੇਂ ਧਾਰਮਿਕ ਜਾਂ ਗੈਰਸਿਆਸੀ ਵਪਾਰਕ ਪਰਚਿਆਂ ਤੋਂ ਬਿਨਾਂ ਕਿਸੇ ਹੋਰ ਲਈ ਖਾਸ ਕਰ ਅਗਾਂਹਵਧੂ ਵਿਚਾਰਾਂ ਵਾਲੇ ਪਰਚਿਆਂ ਲਈ ਇਸ਼ਤਿਹਾਰ ਹਾਸਿਲ ਕਰ ਸਕਣਾ ਸੰਭਵ ਨਹੀਂ ਹੈ। ਜੇ ਕਦੇ ਮਿੰਨਤ ਤਰਲਾ ਕਰਕੇ ਇਸ਼ਤਿਹਾਰ ਲੈ ਵੀ ਲਏ ਜਾਣ ਤਾਂ ਉਹ ਅਦਾਇਗੀ ਕਰਨ ਵੇਲੇ ਤੁਹਾਡੇ ਨਾਲ ਅਜਿਹਾ ਸਲੂਕ ਕਰਦੇ ਹਨ ਕਿ ਤੁਸੀਂ ਅੰਦਰੋਂ ਬਾਹਰੋਂ ਪਲੀਤ ਹੋ ਗਏ ਮਹਿਸੂਸ ਕਰਦੇ ਹੋ।

ਉੱਪਰ ਵਿਚਾਰੀ ਵੱਡੀ ਤਬਦੀਲੀ ਦਾ ਪੰਜਾਬੀ ਲੇਖਕਾਂ ਤੇ ਵੀ ਕਾਫੀ ਅਸਰ ਹੋਇਆ ਹੈ ਕਿਉਂਕਿ ਬਹੁਤ ਸਾਰੇ ਲੇਖਕ ਖੱਬੀ ਵਿਚਾਰਧਾਰਾ ਨਾਲ ਸਹਿਮਤ ਸਨ। ਹੁਣ ਇਸ ਤਰ੍ਹਾਂ ਲੱਗਦਾ ਹੈ ਕਿ ਇਹਨਾਂ ਘਟਨਾਵਾਂ ਨੇ ਬਹੁਤੇ ਪੰਜਾਬੀ ਲੇਖਕਾਂ, ਖਾਸ ਕਰ ਕਨੇਡਾ ਵਿਚ ਵੱਸਣ ਵਾਲਿਆਂ ਤੋਂ, ਉਹਨਾਂ ਦੇ ਲਿਖਣ ਦਾ ਮਕਸਦ ਖੋਹ ਲਿਆ ਹੈ। ਬੇਮਕਸਦ ਹੋਏ ਲੇਖਕਾਂ (ਪਾਠਕਾਂ ਅਤੇ ਸਿਆਸੀ ਕਰਿੰਦਿਆਂ ਸਣੇ) ਨੇ ਇਥੋਂ ਦੇ ਆਮ ਲੋਕਾਂ ਵਾਂਗ ਖਪਤਕਾਰੀ ਸਭਿਆਚਾਰ ਦੀ ਜਕੜ ਨੂੰ ਅਚੇਤ ਹੀ ਪੂਰੀ ਤਰ੍ਹਾਂ ਸਵੀਕਾਰ ਕਰ ਲਿਆ ਹੈ। ਭਾਵੇਂ ਅਜਿਹਾ ਕੁਝ ਉਂਜ ਵੀ ਵਾਪਰ ਸਕਦਾ ਸੀ, ਪਰ ਸ਼ਾਇਦ ਉੱਪਰ ਬਿਆਨੀਆਂ ਘਟਨਾਵਾਂ ਦੀ ਅਣਹੋਂਦ ਵਿਚ ਇਸ ਦੀ ਗਤੀ ਏਨੀ ਤੇਜ਼ ਨਾ ਹੁੰਦੀ ਤੇ ਇਸ ਦੀ ਲਪੇਟ ਵਿਚ ਆਉਣੋਂ ਕੁਝ ਲੋਕ ਬੱਚ ਵੀ ਸਕਦੇ ਸਨ। ਹੁਣ ਕਨੇਡਾ ਵਿਚ ਪੰਜਾਬੀ ਦੇ ਬਹੁਤੇ ਲੇਖਕਾਂ ਦੇ ਜੀਵਨ ਦਾ ਮੁੱਖ ਨਿਸ਼ਾਨਾ ਆਪਣੀ ਸਾਹਿਤਕ ਕਲਾ ਨੂੰ ਵਰਤ ਕੇ ਸਮਾਜ ਨੂੰ ਸਮਝਣਾ ਜਾਂ ਸੋਹਣਾ ਬਣਾਉਣਾ ਨਹੀਂ ਸਗੋਂ ਸਥਾਪਤ ਸਮਾਜ ਵਿਚ ਦੂਜੇ ਲੋਕਾਂ ਵਾਂਗ ਹੀ ਇਕ ਮਾਣਯੋਗ ਅਤੇ ਰੱਜੇ ਪੁੱਜੇ ਵਿਅਕਤੀ ਵੱਜੋਂ ਮਾਨਤਾ ਪ੍ਰਾਪਤ ਕਰਨਾ ਹੈ। ਜਿੱਥੋਂ ਤੱਕ ਸੰਭਵ ਹੋ ਸਕਦਾ ਹੈ ਲੇਖਕ ਆਪਣੀ ਲਿਖਤ ਨੂੰ ਵੀ ਇਸੇ ਮਕਸਦ ਲਈ ਵਰਤਣ ਨੂੰ ਹਰ ਵਕਤ ਤਿਆਰ-ਬਰ-ਤਿਆਰ ਨਜ਼ਰ ਆਉਂਦਾ ਹੈ। ਨਤੀਜੇ ਵਜੋਂ ਉਹ ਇਨਾਮ-ਸਨਮਾਨ ਕਰਨ/ਕਰਾਉਣ ਵੱਲ ਲੋੜ ਤੋਂ ਵੱਧ ਰੁਚਿਤ ਹੋ ਰਹੇ ਹਨ। ਲੇਖਕ ਲੋਕ ਸਟੇਜਾਂ 'ਤੇ ਇਕ ਦੂਜੇ ਦੀ ਸਿਫਤ ਵਿੱਚ ਸੋਹਲੇ ਗਾਉਂਦੇ ਨਹੀਂ ਥੱਕਦੇ ਤੇ ਸਟੇਜੋਂ ਉੱਤਰ ਗਾਲ੍ਹਾਂ ਦੀ ਝੜੀ ਲਗਾਉਣੋਂ ਵੀ ਨਹੀਂ ਥੱਕਦੇ। ਲੇਖਕਾਂ ਵਲੋਂ ਸਮੇਂ ਦੇ ਸੱਚ ਦੇ ਹਾਣੀ ਬਣਨ ਦੀ ਥਾਂ ਪ੍ਰਚੱਲਤ ਰੌਲੇ ਰੱਪੇ ਵਾਲੇ ਗੀਤਕਾਰਾਂ ਵੀਡੀਓ-ਆਡੀਓ ਕੈਸਟਾਂ ਦੇ ਗੀਤ ਲਿਖਣ ਵੱਲ ਰੁਚੀ ਵੱਧ ਰਹੀ ਨਜ਼ਰ ਆਉਂਦੀ ਹੈ। ਅੱਜ ਕੱਲ ਅਕਸਰ ਦੇਖਣ ਵਿੱਚ ਆਉਂਦਾ ਹੈ ਕਿ ਸੱਤਾ ਦਾ ਹਿੱਸਾ ਬਣੇ ਸਿਆਸੀ ਵਿਅਕਤੀਆਂ ਨੂੰ ਆਪਣੇ ਸਮਾਗਮਾਂ ਵਿਚ ਬੁਲਾਉਣ ਜਾਂ ਉਹਨਾਂ ਹੱਥੋਂ ਆਪਣੀਆਂ ਕਿਤਾਬਾਂ ਰੀਲੀਜ਼ ਕਰਾਉਣ ਦਾ ਰਿਵਾਜ਼ ਵੀ

ਵੱਧ ਰਿਹਾ ਹੈ। ਇਹ ਗੱਲ ਉਦਾਸ ਕਰਨ ਵਾਲੀ ਇਸ ਕਰਕੇ ਹੈ ਕਿ ਬਹੁਤੀ ਵਾਰੀ ਇਹ ਸਿਆਸੀ ਲੋਕ ਪੰਜਾਬੀ ਬੋਲਣ, ਪੜ੍ਹਨ ਵਾਲੇ ਵੀ ਨਹੀਂ ਹੁੰਦੇ।

ਅਸੀਂ ਲੇਖਕ ਲੋਕ ਅਜੋਕੇ ਖਪਤਕਾਰੀ ਜੀਵਨ ਵਿੱਚ ਏਨੇ ਰੁੱਝ ਗਏ ਹਾਂ ਕਿ ਸਾਡੇ ਕੋਲ ਆਪਣੀ ਰਚਨਾ 'ਤੇ ਲਾਉਣ ਲਈ ਲੋੜੀਂਦਾ ਵਕਤ ਵੀ ਨਹੀਂ ਹੈ। ਹਾਲਾਤ ਇਹ ਹੈ ਕਿ ਕਨੇਡਾ ਵਿਚ ਲੇਖਕਾਂ ਦੀ ਗਿਣਤੀ ਸ਼ਾਇਦ ਸੈਂਕੜਿਆਂ ਵਿਚ ਹੋਵੇ ਪਰ ਵਿਰਲੀ ਵਿਰਲੀ ਕਹਾਣੀ ਪੜ੍ਹਨ ਨੂੰ ਮਿਲਦੀ ਹੈ ਤੇ ਨਾਵਲ ਤਾਂ ਅਜੇ ਸ਼ੁਰੂ ਹੋਣ ਲਈ ਤਰਲੇ ਲੈ ਰਿਹਾ ਹੈ। ਗਲਪ ਦੀ ਇਕ ਅੱਧ ਕਿਤਾਬ ਹੀ ਲਿਖੀ ਗਈ ਹੈ ਹੁਣ ਤੱਕ। ਕਵਿਤਾ ਵਿਚੋਂ ਕਦੀ ਕਦੀ ਹੀ ਕੋਈ ਤਾਜ਼ਗੀ ਦੀ ਮਹਿਕ ਆਉਂਦੀ ਹੈ, ਆਮ ਬੋਲਬਾਲਾ ਗ਼ਜ਼ਲ ਦਾ ਹੈ ਤੇ ਗ਼ਜ਼ਲ ਬਾਰੇ ਗੱਲ ਉਸਦੇ ਰੂਪਕ ਪੱਖ ਦੁਆਲੇ ਹੀ ਘੁੰਮੀ ਜਾ ਰਹੀ ਹੈ। ਕਨੇਡਾ ਦੇ ਲੇਖਕਾਂ ਦੀਆਂ ਇਨ੍ਹਾਂ ਕਮਜ਼ੋਰੀਆਂ ਵਿਚ ਹਿੰਦੁਸਤਾਨ ਵੱਸਣ ਵਾਲੇ ਲੇਖਕ ਤੇ ਅਲੋਚਕ ਵੀ ਨਾਂਹ ਪੱਖੀ ਰੋਲ ਨਿਭਾ ਰਹੇ ਹਨ। ਲੇਖਕ ਬਿਨਾਂ ਬਹੁਤੀ ਮਿਹਨਤ ਕਰਨ ਦੇ ਪ੍ਰਵਾਨਗੀ ਦੀ ਮੰਗ ਕਰਦੇ ਹਨ। ਹਿੰਦੁਸਤਾਨ ਵਿਚਲੇ ਅਲੋਚਕ ਤੇ ਲੇਖਕ ਆਪੋ ਆਪਣੇ ਕਾਰਨਾਂ ਕਰਕੇ ਇਹ ਪ੍ਰਵਾਨਗੀ ਦੇ ਰਹੇ ਹਨ। ਤੇ ਜਦੋਂ ਵਤਨ ਵਰਗਾ ਪਰਚਾ ਇਨ੍ਹਾਂ ਲੇਖਕਾਂ ਦੀ ਦੇਸੀ ਅਲੋਚਕਾਂ ਵਲੋਂ ਮਿਲੀ ਪ੍ਰਵਾਨਗੀ ਨਾਲ ਮਿਲਦੀ ਪ੍ਰਵਾਨਗੀ ਨਹੀਂ ਦਿੰਦਾ ਤਾਂ ਪਰਚੇ ਨਾਲ ਨਰਾਜ਼ਗੀ ਹੁੰਦੀ ਹੈ। ਪਰਚਿਆਂ ਨਾਲ ਲੇਖਕਾਂ ਦੀ ਨਰਾਜ਼ਗੀ ਦੇ ਉਂਜ ਹੀ ਅਨੇਕਾਂ ਕਾਰਨ ਹੁੰਦੇ ਹਨ। ਤੇ ਅਜਿਹੀਆਂ ਹਾਲਤਾਂ ਵਿਚ ਪਰਚੇ ਵਲੋਂ ਲੇਖਕਾਂ ਨੂੰ ਰਾਜ਼ੀ ਰੱਖਣਾ ਆਪਣੇ ਆਪ ਵਿਚ ਇਮਤਿਹਾਨ ਵਿੱਚ ਪੈਣ ਵਾਲੀ ਗੱਲ ਹੈ।

ਥੋੜ੍ਹੇ ਬਹੁਤੇ ਫਰਕ ਨਾਲ ਇਸ ਤਰ੍ਹਾਂ ਦਾ ਹੀ ਹਾਲ ਪੰਜਾਬੀ ਪਾਠਕ ਦਾ ਹੈ। ਇਸ ਵਿੱਚ ਸ਼ੱਕ ਨਹੀਂ ਹੈ ਕਿ ਇਸ ਵਕਤ ਵਤਨ ਦੇ ਕੁਝ ਅਜਿਹੇ ਪਾਠਕ ਹਨ ਜਿਨ੍ਹਾਂ ਉੱਪਰ ਸਾਡੀਆਂ ਇਹ ਧਾਰਨਾਵਾਂ ਕਤਈ ਲਾਗੂ ਨਹੀਂ ਹੁੰਦੀਆਂ। ਇਹ ਪਾਠਕ ਸਹੀ ਮਹਿਨਿਆਂ ਵਿੱਚ ਉਸ ਕਿਸਮ ਦੇ ਸੁਹਿਰਦ ਤੇ ਗੰਭੀਰ ਪਾਠਕ ਹਨ ਜਿਸ ਕਿਸਮ ਦੇ ਪਾਠਕਾਂ ਦੀ ਹਰ ਪਰਚੇ ਨੂੰ ਹੀ ਨਹੀਂ ਸਗੋਂ ਸਾਹਿਤ ਤੇ ਬੋਲੀ ਨੂੰ ਵੀ ਲੋੜ ਹੁੰਦੀ ਹੈ। ਪਰ ਮੁਸ਼ਕਿਲ ਇਹ ਹੈ ਕਿ ਅਜਿਹੇ ਪਾਠਕਾਂ ਦੀ ਗਿਣਤੀ ਅਜੇ ਬਹੁਤ ਹੀ ਘੱਟ ਹੈ ਅਤੇ ਇਸ ਵਿੱਚ ਵਾਧੇ ਦੀ ਰਫਤਾਰ ਬਹੁਤ ਮੱਧਮ।

ਜਿਨ੍ਹਾਂ ਬਹੁਤੇ ਪਾਠਕਾਂ ਬਾਰੇ ਅਸੀਂ ਗੱਲ ਕਰਨ ਜਾ ਰਹੇ ਹਾਂ ਉਹ ਪਹਿਲਾਂ ਸਿਆਸੀ ਪ੍ਰਤਿਬੱਧਤਾ ਕਰਕੇ ਪਰਚੇ ਦੇ ਪਾਠਕ ਬਣਦੇ ਸਨ ਤੇ ਪਰਚੇ ਦੀ ਸਹਾਇਤਾ ਕਰਨ ਨੂੰ ਤਿਆਰ ਹੁੰਦੇ ਸਨ। ਜਿਸਦੇ ਨਤੀਜੇ ਵਜੋਂ ਇੱਥੇ ਅਨੇਕਾਂ ਨਿਰੋਲ ਸਿਆਸੀ ਤੇ ਕਈ ਸਾਹਿਤਕ ਪਰਚੇ ਨਿਕਲਦੇ ਸਨ। ਪਰ ਹੁਣ ਉਹ ਪਾਠਕ ਖਪਤਕਾਰੀ ਸਮਾਜ ਦੇ ਇਕ ਆਮ ਖਪਤਕਾਰ ਦੀ ਤਰ੍ਹਾਂ ਹਰ ਚੀਜ਼ ਨੂੰ ਇਕ ਵਸਤ (ਕਮੋਡਟੀ) ਵਾਂਗ ਦੇਖਦੇ ਹਨ। ਵਸਤ ਦੇ ਆਧਾਰ ਤੇ ਪਰਖ ਕਰਕੇ ਉਨ੍ਹਾਂ ਵਤਨ ਨੂੰ, ਤੇ ਅਜਿਹੇ ਹੋਰ ਪਰਚਿਆਂ, ਅਖ਼ਬਾਰਾਂ ਨੂੰ, ਇਕ ਅਣਲੋੜੀਂਦੀ ਵਸਤ ਸਮਝ ਰੱਦ ਕਰ ਦਿੱਤਾ ਹੈ। ਉਹ ਸਿਰਫ ਉਹ ਹੀ ਵਸਤਾਂ ਖਰੀਦਦੇ ਹਨ ਜਿਹਨਾਂ ਦੀ ਇਸ ਖਪਤਕਾਰੀ ਸਭਿਆਚਾਰ ਵਿਚ ਇਸ਼ਤਿਹਾਰਬਾਜ਼ੀ ਕਰਕੇ ਲੋੜ ਪੈਦਾ ਕਰ ਦਿੱਤੀ ਜਾਂਦੀ ਹੈ। ਭਾਵੇਂ ਆਰਥਿਕ ਵਸੀਲਿਆਂ ਦੀ ਘਾਟ ਕਾਰਨ ਵਤਨ ਕਦੀ ਅਜਿਹੀ ਇਸ਼ਤਿਹਾਰਬਾਜ਼ੀ ਨਹੀਂ ਕਰ ਸਕਿਆ ਪਰ ਫੇਰ ਵੀ ਪਿਛਲੇ ਪੰਦਰਾਂ ਵੀਹਾਂ ਸਾਲਾਂ ਵਿਚ, ਪਹਿਲਾਂ ਵਤਨੋਂ ਦੂਰ ਤੇ ਫੇਰ ਵਤਨ ਦੇ ਹੁਣ ਤੱਕ ਘੱਟੋ ਘੱਟ ਢਾਈ ਤਿੰਨ ਹਜ਼ਾਰ ਲੋਕ ਇਕ ਅੱਧ ਵਾਰ ਪਾਠਕ ਬਣੇ ਹੋਣਗੇ। ਇਹਨਾਂ ਲੋਕਾਂ ਵਲੋਂ ਮੁੜ ਪਰਚੇ ਦੇ ਪਾਠਕ ਨਾ ਬਣਨ ਦੇ ਕਈ ਕਾਰਨ ਹੋ ਸਕਦੇ ਹਨ। ਇਕ ਕਾਰਨ ਤੇ ਕਾਫੀ ਮਹੱਤਤਾ ਵਾਲਾ ਕਾਰਨ ਇਹ ਵੀ ਹੈ ਕਿ ਇਹ ਲੋਕ ਸ਼ਾਇਦ ਪਹਿਲਾਂ ਵੀ ਆਪ ਪਰਚੇ ਦੇ ਪਾਠਕ ਨਾ ਬਣੇ ਹੋਣ ਸਗੋਂ ਕਿਸੇ ਸਿਆਸੀ ਕਾਰਨ ਕਰਕੇ ਜਾਂ ਕਿਸੇ ਯਾਰੀ-ਦੋਸਤੀ ਵਜੋਂ ਚੰਦਾ ਦੇਣਾ ਮੰਨ ਗਏ ਹੋਣ। ਇਸ ਵਿੱਚ ਸ਼ੱਕ ਨਹੀਂ ਹੈ ਕਿ ਇਨ੍ਹਾਂ ਵਿਚੋਂ ਅਜੇ ਵੀ ਕਈ ਲੋਕ ਪਰਚੇ ਲਈ ਚੰਦਾ ਤੇ ਮਦਦ ਦੇਣ ਲਈ ਤਿਆਰ ਹੋਣਗੇ ਪਰ ਉਸਦਾ ਆਧਾਰ ਨਾ ਪਹਿਲਾਂ ਵਾਲੀ ਸਿਆਸੀ ਸੂਝ ਜਾਂ ਨੇੜਤਾ ਹੋਵੇਗਾ ਤੇ ਨਾ ਹੀ ਸਾਹਿਤਕ ਸੁਆਦ ਜਾਂ ਲੋੜ। ਅੱਜ ਕੱਲ੍ਹ ਚੰਦਾ ਦੇਣ ਦਾ ਉਨ੍ਹਾਂ ਦਾ ਆਧਾਰ ਬਹੁਤੀ ਵਾਰੀ ਜਗੀਰੂ ਕਿਸਮ ਦੀ ਰਿਸ਼ਤੇਦਾਰੀ, ਇਲਾਕਾਬਾਜ਼ੀ ਤੇ ਦੋਸਤੀ ਹੁੰਦਾ ਹੈ। ਭਾਵੇਂ ਇਹ ਦੋਸਤੀਆਂ ਪਹਿਲੀਆਂ ਸਿਆਸੀ ਸਾਂਝਾਂ ਦਾ ਵੀ ਬਚਦਾ ਖੁਚਦਾ ਰੂਪ ਹੁੰਦੀਆਂ ਹਨ। ਪਰ ਜਿੱਥੋਂ ਤੱਕ ਪਰਚੇ ਲਈ ਚੰਦਾ ਦੇਣ ਦਾ ਸੰਬੰਧ ਹੈ ਉਹ ਦੋਸਤੀ ਦੇ ਆਧਾਰ ਤੇ ਦਿੱਤਾ ਜਾਂਦਾ ਹੈ ਤੇ ਅਗਲੇ ਸਾਲ ਚੰਦੇ ਲਈ ਫੇਰ ਦੋਸਤ ਦੀ ਹੀ ਲੋੜ ਪੈਂਦੀ ਹੈ। ਜਾਣੀ ਕਿ ਉਹੀ ਸ਼ਖ਼ਸ ਜਿਹੜਾ ਜੀਵਨ ਦੇ ਬਾਕੀ ਸਾਰੇ ਕੰਮ ਇਥੋਂ ਦੇ ਪੂੰਜੀਵਾਦੀ ਢਾਂਚੇ ਮੁਤਾਬਕ ਕਰਦਾ ਹੈ, ਪਰਚੇ ਦਾ ਚੰਦਾ ਦੋਸਤ ਦੇ ਕਹਿਣ ਬਿਨਾਂ ਦੇਣ ਲਈ ਤਿਆਰ ਨਹੀਂ ਹੁੰਦਾ, ਭਾਵੇਂ ਜਿੰਨੀ ਵਾਰੀ ਮਰਜ਼ੀ ਯਾਦ ਦਿਲਾਉਂਦੇ ਰਹੋ।

ਪੰਜਾਬੀਆਂ ਦੇ ਇਸ ਵਰਤਾਰੇ ਨੂੰ ਸੁਸਤੀ ਕਹਿ ਕੇ ਗੱਲ ਆਈ ਗਈ ਨਹੀਂ ਕੀਤੀ ਜਾ ਸਕਦੀ। ਪੰਜਾਬੀ ਸਾਹਿਤ ਵਿਚ ਪਾਠਕਾਂ ਦੀ ਸਮੱਸਿਆ ਬਾਰੇ ਚਲਦੀਆਂ ਬਹਿਸਾਂ ਤੇ ਲਿਖੇ ਜਾਂਦੇ ਪੇਪਰਾਂ ਤੋਂ ਜੋ ਇਕ ਗੱਲ ਸਪੱਸ਼ਟ ਹੋ ਕੇ ਸਾਹਮਣੇ ਆਉਂਦੀ ਹੈ ਉਹ ਹੈ ਕਿ ਪੰਜਾਬੀ ਸਕੂਲੀ ਸਿੱਖਿਆ ਦੇ ਢਾਂਚੇ ਵਿਚ ਅੰਗਰੇਜ਼ਾਂ ਦੇ ਜਾਣ ਬਾਅਦ ਕੋਈ ਬੁਨਿਆਦੀ ਤਬਦੀਲੀ ਨਹੀਂ ਲਿਆਂਦੀ ਗਈ। ਸਾਹਿਤ ਪੜ੍ਹਨ/ਲਿਖਣ ਨੂੰ ਅਜੇ ਵੀ ਵਿਹਲੇ ਲੋਕਾਂ ਦਾ ਕੰਮ ਸਮਝਿਆ ਜਾਂਦਾ ਹੈ। ਜਿਸ ਸਮੇਂ ਇਕ ਬੱਚੇ ਦੇ ਮਨ ਵਿਚ ਸਾਹਿਤ ਵਰਗੀ ਸ਼ੈਅ ਲਈ ਕੋਈ ਪਿਆਰ ਜਾਂ ਸਤਿਕਾਰ ਪੈਦਾ ਕੀਤਾ ਜਾ ਸਕਦਾ ਹੈ ਉਸ ਵੇਲੇ ਇਸ ਪ੍ਰਤਿ ਨਫਰਤ ਪੈਦਾ ਕੀਤੀ ਜਾਂਦੀ ਹੈ। ਪੜ੍ਹਾਈ ਦਾ ਮਤਲਬ ਤੇ ਮਕਸਦ ਸਿਰਫ ਉਹ ਹੀ ਪੜ੍ਹਾਈ ਦੱਸਿਆ ਜਾਂਦਾ ਹੈ ਜੋ ਤੁਹਾਨੂੰ ਕੋਈ ਵਧੀਆ ਨੌਕਰੀ ਯੋਗ ਬਣਾ ਦੇਵੇ। ਸੋ ਪੰਜਾਬੀਆਂ ਨੂੰ ਸਾਹਿਤਕ ਪਾਠਕ ਬਣਨ ਦਾ ਸਫਰ ਤਹਿ ਕਰਨ ਲਈ ਇਕ ਤਾਂ ਇਸ ਸਿੱਖਿਆ ਤੋਂ ਪਿੱਛਾ ਛੁਡਾਉਣਾ ਪੈਂਦਾ ਹੈ। ਦੂਜਾ, ਕਨੇਡਾ ਦੇ ਜਿਸ ਸਮਾਜਕ ਤੇ ਆਰਥਿਕ ਢਾਂਚੇ ਵਿਚ ਉਹ ਆ ਕੇ ਰਹਿਣ ਲੱਗਦਾ ਹੈ ਏਥੇ ਵੀ ਕੰਮ ਦੀ ਪਰਿਭਾਸ਼ਾ ਸਿਰਫ ਕੰਮ ਤੇ ਲਾਏ ਸਮੇਂ ਦੀ ਕੀਮਤ ਵਜੋਂ ਮਿਲਦੇ ਡਾਲਰ ਹੀ ਹਨ। ਇਸ ਪਰਿਭਾਸ਼ਾ ਦੇ ਸੰਗਲਾਂ ਨੂੰ ਤੋੜ ਕੇ ਸਾਹਿਤ ਪੜ੍ਹਨ ਵਰਗੇ ਕੰਮ ਕਰਨ ਤੱਕ ਪਹੁੰਚਣਾ, ਜਿਸਦਾ ਤੁਹਾਨੂੰ ਕੋਈ ਆਰਥਿਕ ਮੁਆਵਜ਼ਾ ਨਾ ਮਿਲਣਾ ਹੋਵੇ, ਕੋਈ ਏਨੀ ਸੁਖਾਲੀ ਗੱਲ ਨਹੀਂ ਹੈ। ਸਾਹਿਤ ਪੜ੍ਹਨਾ ਉਂਜ ਮਨਪਰਚਾਵੇ ਦਾ ਹਿੱਸਾ ਹੈ ਜਾਂ ਹੋਣਾ ਚਾਹੀਦਾ ਹੈ, ਪਰ ਪੰਜਾਬੀ ਸਭਿਆਚਾਰ ਵਿਚ ਮਨਪਰਚਾਵੇ ਦੀ ਅਚੇਤ ਰੂਪ ਵਿਚ ਮੰਨੀ ਜਾਂਦੀ ਪਰਿਭਾਸ਼ਾ ਅਧੀਨ, ਇਸ ਦਾ ਮਤਲਬ ਹੈ ਕਿ ਤੁਸੀਂ ਰਾਜਿਆਂ ਮਹਾਂਰਾਜਿਆਂ ਵਾਂਗ ਗੱਦੇ 'ਤੇ ਢਾਸਣਾ ਲਾ ਕੇ ਬੈਠੇ ਹੋਵੋ ਅਤੇ ਕੋਈ ਤੁਹਾਨੂੰ ਆਪਣੇ ਨਾਚ ਗਾਣੇ ਨਾਲ ਨਿਹਾਲ ਕਰ ਰਿਹਾ ਹੋਵੇ। ਨਤੀਜੇ ਵਜੋਂ ਵੀਡੀਓ 'ਤੇ ਫਿਲਮਾਂ ਜਾਂ ਕੈਸਟ ਟੇਪਾਂ ਪੰਜਾਬੀਆਂ ਲਈ ਅੱਜ ਕੱਲ੍ਹ ਮਨਪਰਚਾਵੇ ਦਾ ਸੱਭ ਤੋਂ ਵੱਧ ਮਨਪਸੰਦ ਤਰੀਕਾ ਹੈ। ਤੇ ਕਿਤਾਬ ਤੁਹਾਨੂੰ ਆਪ ਪੜ੍ਹਨੀ ਪੈਂਦੀ ਹੈ ਇਸ ਲਈ ਇਹ ਮਨਪਰਚਾਵੇ ਦਾ ਨਹੀਂ ਸਗੋਂ ਕੰਮ ਦਾ ਹਿੱਸਾ ਬਣ ਜਾਂਦੀ ਹੈ। ਪਿਛਲੇ ਵੀਹਾਂ ਪੱਚੀਆਂ ਸਾਲਾਂ ਵਿਚ ਜਿਹੜੇ ਪੰਜਾਬੀ ਕਨੇਡਾ

ਆਏ ਹਨ ਉਹਨਾਂ ਵਿਚੋਂ ਵੱਡੀ ਗਿਣਤੀ ਨੇ ਸਕੂਲਾਂ ਕਾਲਜਾਂ ਵਿਚ ਹੋਰ ਵਿਸ਼ਿਆਂ ਦੇ ਨਾਲ ਨਾਲ ਪੰਜਾਬੀ ਵੀ ਪੜ੍ਹੀ ਹੋਈ ਹੈ। ਇਹ ਗਿਣਤੀ ਹੁਣ ਹਜ਼ਾਰਾਂ ਵਿਚ ਨਹੀਂ ਸਗੋਂ ਲੱਖਾਂ ਵਿਚ ਹੈ। ਇਹ ਪੰਜਾਬੀ ਜਾਂ ਭਾਰਤੀ ਸਕੂਲੀ ਸਿੱਖਿਆ ਦਾ ਹੀ ਕਮਾਲ ਸਮਝਣਾ ਚਾਹੀਦਾ ਹੈ ਕਿ ਇਹ ਯੂਨੀਵਰਸਿਟੀਆਂ ਤੇ ਕਾਲਜਾਂ ਵਿਚ ਪੜ੍ਹੇ ਹੋਏ ਪੰਜਾਬੀ ਸਾਹਿਤਕ ਪੱਖੋਂ ਆਮ ਅਨਪੜ੍ਹ ਪੰਜਾਬੀਆਂ ਨਾਲੋਂ ਵੀ ਗਏ ਗੁਜ਼ਰੇ ਹਨ, ਕਿਉਂਕਿ ਅਨਪੜ੍ਹ ਬੰਦੇ ਨੂੰ ਪੜ੍ਹੇ ਹੋਣ ਦਾ ਫਾਲਤੂ ਗੁਮਾਨ ਨਹੀਂ ਹੁੰਦਾ ਜਿਵੇਂ ਇਹਨਾਂ ਨੂੰ ਹੈ। ਹੈਰਾਨੀ ਦੀ ਗੱਲ ਹੈ ਕਿ ਹੁਣ ਚੰਗੇ ਖਾਂਦੇ ਪੀਂਦੇ ਇਹ ਲੋਕ ਚੰਡੀਗੜ੍ਹੋਂ ਜਾਂ ਲੁਧਿਆਣਿਓਂ ਆਏ ਆਪਣੇ ਕਿਸੇ ਪੰਜਾਬੀ ਦੇ ਪ੍ਰੋਫੈਸਰ ਦੇ ਮਾਣ ਵਿਚ ਸੈਂਕੜਿਆਂ ਦੀ ਗਿਣਤੀ ਵਿੱਚ ਇਕੱਠੇ ਹੋ ਕੇ ਪਾਰਟੀਆਂ ਤਾਂ ਕਰ ਸਕਦੇ ਹਨ ਪਰ ਉਸੇ ਪ੍ਰੋਫੈਸਰ ਦੀ ਲਿਖੀ ਕਿਤਾਬ ਜਾਂ ਪਰਚਾ ਖ਼੍ਰੀਦਣ ਨੂੰ ਤਿਆਰ ਨਹੀਂ। ਇਨ੍ਹਾਂ ਦੇ ਜੀਵਨ ਵਿਚੋਂ ਸਾਹਿਤ ਤੇ ਕਲਾ ਦੀ ਅਣਹੋਂਦ ਕਾਰਨ ਅਮੀਰ ਹੋ ਕੇ ਵੀ ਜੋ ਗਰੀਬੀ ਇਹ ਭੋਗ ਰਹੇ ਹਨ ਉਸਦਾ ਇਨ੍ਹਾਂ ਨੂੰ ਅਹਿਸਾਸ ਤੱਕ ਨਹੀਂ ਹੈ।

ਪੰਜਾਬੀ ਪਾਠਕਾਂ ਦੇ ਸੰਬੰਧ ਵਿੱਚ ਇਕ ਹੋਰ ਦਿਲਚਸਪ ਗੱਲ ਸਾਡੇ ਆਪਣੇ ਤਜ਼ਰਬੇ 'ਤੇ ਆਧਾਰਤ ਸਾਡੇ ਸਾਹਮਣੇ ਆਈ ਹੈ। ਵਤਨ ਦੇ ਪਾਠਕਾਂ ਵਿਚ ਪੰਜਾਬੀ ਔਰਤਾਂ ਦੀ ਕਾਫੀ ਵੱਡੀ ਗਿਣਤੀ ਸ਼ਾਮਲ ਹੈ। ਪਰ ਮੁਸ਼ਕਿਲ ਇਹ ਹੈ ਕਿ ਪੰਜਾਬੀ ਔਰਤ ਪਾਠਕ ਸਾਡੇ ਸਭਿਆਚਾਰ ਦੀਆਂ ਕਦਰਾਂ ਕੀਮਤਾਂ ਦੇ ਅਸਰ ਥੱਲੇ ਦੱਬੀ ਅਜੇ ਆਪਣੇ ਵਾਸਤੇ ਆਪ ਪਰਚੇ ਦਾ ਚੰਦਾ ਭੇਜਣ ਦਾ ਕਦਮ ਨਹੀਂ ਚੁੱਕਣ ਲੱਗੀ। ਜੇ ਘਰ ਵਿਚ ਪਰਚਾ ਆਉਂਦਾ ਹੈ ਤਾਂ ਆਦਮੀ ਪੜ੍ਹੇ ਨਾ ਪੜ੍ਹੇ, ਦੇਸੋਂ ਬੀ. ਏ., ਐਮ. ਏ. ਕਰਕੇ ਆਈਆਂ ਇਹ ਔਰਤਾਂ ਜ਼ਰੂਰ ਪੜ੍ਹਦੀਆਂ ਹਨ। ਪਰ ਵਤਨ ਦੇ ਚੰਦਿਆਂ ਦੀ ਲਿਸਟ ਵਿਚ ਔਰਤਾਂ ਦੇ ਨਾਮ ਸ਼ਾਇਦ ਅੱਧੀ ਦਰਜਣ ਤੋਂ ਵੱਧ ਨਾ ਮਿਲਣ। ਸੋ ਵਤਨ ਦੇ ਬਣ ਸਕਣ ਵਾਲੇ ਪਾਠਕਾਂ ਵਿਚੋਂ ਅੱਧ ਤਾਂ ਮਰਦ ਔਰਤ ਦੇ ਸਮਾਜ ਵਿਚਲੇ ਨਾਬਰਾਬਰਤਾ ਦੇ ਰਿਸ਼ਤੇ ਦੇ ਕਾਰਨ ਪਾਠਕ ਨਹੀਂ ਬਣ ਰਹੇ।

**ਇਸ ਸਮੇਂ ਫਿਕਰ ਵਾਲੀ ਵੱਡੀ ਗੱਲ ਵਤਨ ਦਾ ਬੰਦ ਹੋਣਾ ਨਹੀਂ ਸਗੋਂ ਉਹ ਸੀਮਾਵਾਂ ਹਨ ਜਿਹੜੀਆਂ ਕਨੇਡਾ ਦੇ ਸਮੁੱਚੇ ਅਤੇ ਪੰਜਾਬੀ ਸਮਾਜ ਦੀਆਂ ਅਜੋਕੀਆਂ ਹਾਲਤਾਂ ਕਾਰਨ ਵਤਨ ਵਰਗੇ ਕੰਮਾਂ ਦੇ ਚਲਦਾ ਰਹਿਣ ਉੱਪਰ ਲੱਗ ਰਹੀਆਂ ਹਨ।**

ਉੱਪਰ ਅਸੀਂ ਪੰਜਾਬੀ ਲੇਖਕ ਅਤੇ ਪਾਠਕ ਬਾਰੇ ਵਿਸਥਾਰ ਵਿਚ ਗੱਲਬਾਤ ਕੀਤੀ ਹੈ। ਪਰ ਸਾਡੇ ਆਪਣੇ ਪੇਸ਼ ਕੀਤੇ ਢਾਂਚੇ ਵਿਚ ਇਕ ਧਿਰ ਪਰਚਾ ਕੱਢਣ ਵਾਲੇ ਕਰਿੰਦੇ ਵੀ ਤਾਂ ਹਨ, ਜਾਣੀ ਕਿ ਅਸੀਂ ਆਪ। ਸਾਡੇ ਬਾਰੇ ਪੂਰੀ ਅਲੋਚਨਾਤਮਕ ਦ੍ਰਿਸ਼ਟੀ ਨਾਲ ਤਾਂ ਤੁਸੀਂ - ਇਸ ਸੰਪਾਦਕੀ ਦੇ ਪਾਠਕ - ਹੀ ਗੱਲ ਕਰ ਸਕਦੇ ਹੋ, ਪਰ ਫੇਰ ਵੀ ਕੁਝ ਆਮ ਗੱਲਾਂ ਅਸੀਂ ਇਸ ਸੰਬੰਧ ਵਿਚ ਜ਼ਰੂਰ ਕਰਾਂਗੇ। ਉੱਪਰ ਵਿਚਾਰੀਆਂ ਗਈਆਂ ਕਮਜ਼ੋਰੀਆਂ ਜੋ ਲੇਖਕਾਂ ਤੇ ਪਾਠਕਾਂ ਵਿਚ ਆਈਆਂ ਹਨ ਉਹ ਵਤਨ ਜਾਂ ਇਸ ਤਰ੍ਹਾਂ ਦੇ ਹੋਰ ਸਾਹਿਤਕ ਤੇ ਸਭਿਆਚਾਰਕ ਕੰਮ ਕਰਨ ਵਾਲੇ ਕਰਿੰਦਿਆਂ ਵਿਚ ਵੀ ਆਈਆਂ ਹਨ। ਜਿਵੇਂ ਪਹਿਲਾਂ ਕਿਹਾ ਗਿਆ ਹੈ ਕਿ ਜਿਸ ਢਾਂਚੇ ਵਿਚ ਵਤਨ ਨਿਕਲਦਾ ਸੀ ਉਸ ਅਨੁਸਾਰ ਅਜਿਹੇ ਯਤਨਾਂ ਨੂੰ ਨੇਪਰੇ ਚਾੜ੍ਹਨ ਲਈ ਲੋੜੀਂਦੇ ਕੰਮ ਸੇਵਾ ਭਾਵ ਨਾਲ ਕੀਤੇ ਜਾਂਦੇ ਹਨ। ਇਹ ਕੰਮ ਕਰਨ ਵਾਲੇ ਲੋਕ ਆਪਣੀ ਆਪਣੀ ਸਮਰੱਥਾ, ਜ਼ਿੰਦਗੀ ਦੀਆਂ ਹਾਲਤਾਂ ਅਤੇ ਪ੍ਰਤਿਬੱਧਤਾ ਅਨੁਸਾਰ ਆਪਣਾ ਯੋਗਦਾਨ ਪਾਉਂਦੇ ਹਨ। ਸਮੇਂ ਦੇ ਵੱਖ ਵੱਖ ਪੜਾਵਾਂ 'ਤੇ ਇਨ੍ਹਾਂ ਵਿਚੋਂ ਕੁਝ ਲੋਕ ਅਜਿਹੇ ਕੰਮ ਕਰਨਾ ਬੰਦ ਕਰ ਦਿੰਦੇ ਹਨ ਅਤੇ ਕੁਝ ਹੋਰ ਲੋਕ ਇਸ ਤਰ੍ਹਾਂ ਦੇ ਕੰਮ ਕਰਨ ਲਈ ਆ ਸ਼ਾਮਲ ਹੁੰਦੇ ਹਨ। ਇਸ ਤਰ੍ਹਾਂ ਕਾਫਲਾ ਚਲਦਾ ਰਹਿੰਦਾ ਹੈ। ਥੱਕੇ ਹੋਏ ਲੋਕਾਂ ਨੂੰ ਸਾਹ ਦਿਵਾਉਣ ਜਾਂ ਕਾਫਲਾ ਛੱਡ ਚੁੱਕੇ ਲੋਕਾਂ ਦੀ ਥਾਂ ਲੈਣ ਲਈ ਨਵੇਂ ਨੌਜਵਾਨ ਲੋਕ ਆਪਣੀ ਤਾਜ਼ਾ ਸ਼ਕਤੀ ਸਮੇਤ ਆ ਹਾਜ਼ਰ ਹੁੰਦੇ ਹਨ। ਪਰ ਉੱਪਰ ਬਿਆਨੀਆਂ ਹਾਲਤਾਂ ਕਾਰਨ ਕਨੇਡਾ ਦੇ ਪੰਜਾਬੀ ਭਾਈਚਾਰੇ ਵਿਚੋਂ ਜੋ ਲੋਕ ਵਤਨ ਵਰਗੇ ਪਰਚੇ ਲਈ ਸੇਵਾ ਭਾਵ ਨਾਲ ਕੰਮ ਕਰਨਾ ਚਾਹੁੰਦੇ ਹੋਣ ਜਾਂ ਅਜਿਹੇ ਕਾਫਲੇ ਵਿਚ ਸ਼ਾਮਲ ਹੋਣਾ ਚਾਹੁੰਦੇ ਹੋਣ ਉਨ੍ਹਾਂ ਦੀ ਗਿਣਤੀ ਖਤਰਨਾਕ ਹੱਦ ਤੱਕ ਘਟੀ ਹੈ। ਪਿਛਲੇ ਕੁਝ ਵਰ੍ਹਿਆਂ ਦੌਰਾਨ ਜੋ ਲੋਕ ਪੰਜਾਬ ਤੋਂ ਕਨੇਡਾ ਆਏ ਉਹ ਸੱਤਰਵਿਆਂ ਵਿਚ ਆਉਣ ਵਾਲੇ ਪੰਜਾਬੀਆਂ ਨਾਲੋਂ ਵੱਖਰੇ ਸਿਆਸੀ ਤੇ ਸਭਿਆਚਾਰਕ ਨਜ਼ਰੀਏ ਵਾਲੇ ਹਨ। ਹੁਣ ਜੋ ਲੋਕ ਸਿਆਸੀ ਸੂਝ ਵਾਲੇ ਆਏ ਹਨ ਉਹ ਮੌਜੂਦਾ ਪੰਜਾਬ ਵਿਚਲੀ ਸਿਆਸੀ/ਧਾਰਮਿਕ ਲਹਿਰ ਦੇ ਅਸਰ ਵਾਲੇ ਹਨ। ਇਨ੍ਹਾਂ ਲੋਕਾਂ ਕੋਲੋਂ ਅਗਾਂਹਵਧੂ ਸਾਹਿਤਕ ਸਰਗਰਮੀਆਂ ਵਿਚ ਸ਼ਮੂਲੀਅਤ ਦੀ ਆਸ ਨਹੀਂ ਕੀਤੀ ਜਾ ਸਕਦੀ। ਜੋ ਲੋਕ ਸਿਆਸਤ ਤੋਂ ਨਿਰਲੇਪ ਹਨ ਉਹ ਲੱਚਰ ਕਿਸਮ ਦੇ ਸਭਿਆਚਾਰ ਵਿਚ ਗੜੁੱਚ ਨੇ ਤੇ ਉਨ੍ਹਾਂ ਕੋਲੋਂ ਵੀ ਸਾਹਿਤਕ ਕੰਮਾਂ ਵਿਚ ਯੋਗਦਾਨ ਦੀ ਆਸ ਨਹੀਂ ਰੱਖੀ ਜਾ ਸਕਦੀ। ਸਾਹਿਤ ਨਾਲ ਸੰਬੰਧ ਰੱਖਣ ਵਾਲੇ ਲੋਕ ਵੀ ਹੁਣ ਅੱਗੇ ਨਾਲੋਂ ਜ਼ਿਆਦਾ "ਸਿਆਣੇ" ਹਨ, ਹੁਣ ਉਹ ਆਪਣੇ ਜੀਵਨ ਦੀਆਂ ਬਾਕੀ ਸਮੱਸਿਆਵਾਂ ਨੂੰ ਸੁਲਝਾ ਕੇ ਸਾਹਿਤ ਵਰਗੇ ਕੰਮ ਵਿਚ ਸਮਾਂ ਲਾਉਣ ਦੀ ਸੋਚਦੇ ਹਨ, ਉਸ ਤੋਂ ਪਹਿਲਾਂ ਨਹੀਂ। ਪੰਜਾਬੀ ਸਾਹਿਤ ਵਿਚ "ਮਲੰਗ" ਕਿਸਮ ਦੇ ਲੋਕ ਹੁਣ ਲਗਭਗ ਗਾਇਬ ਹੀ ਹਨ। ਅਜਿਹੇ ਮਾਹੌਲ ਵਿਚ ਸੇਵਾ ਭਾਵ ਨਾਲ ਕੰਮ ਕਰਨ ਵਾਲੇ ਲੋਕ ਕਿੱਥੋਂ ਆਉਣ? ਜਿੱਥੇ ਪਹਿਲਾਂ ਸੇਵਾ ਭਾਵ ਨਾਲ ਕੰਮ ਕਰਨ ਵਾਲੇ ਲੋਕਾਂ ਦਾ ਸਮੂਹ ਤਾਜ਼ੇ ਪਾਣੀ ਦੀ ਇਕ ਝੀਲ ਵਾਂਗ ਹੁੰਦਾ ਸੀ ਜਿਸ ਦੇ ਇਕ ਪਾਸੇ ਨਵਾਂ ਪਾਣੀ ਲਿਆਉਂਦੀ ਨਦੀ ਸੀ ਦੂਜੇ ਪਾਸੇ ਨਿਕਾਸ ਲਈ ਬਣੇ ਨਾਲੇ। ਹੁਣ ਸਥਿਤੀ ਖੜ੍ਹੇ ਪਾਣੀ ਦੇ ਛੱਪੜ ਵਰਗੀ ਹੋ ਗਈ ਹੈ ਤੇ ਅਸੀਂ ਸਾਰੇ ਜਾਣਦੇ ਹਾਂ ਕਿ ਖੜ੍ਹੇ ਪਾਣੀ ਨੂੰ ਕੀ ਹੁੰਦਾ ਹੈ। ਕਰਿੰਦਿਆਂ ਬਾਰੇ ਇਸ ਤੋਂ ਵਾਧੂ ਜੋ ਕਹਿਣ ਵਾਲਾ ਹੋਵੇ ਉਹ ਅਸੀਂ ਤੁਹਾਡੇ 'ਤੇ ਛੱਡਦੇ ਹਾਂ।

ਇਥੇ ਵਤਨ ਦੇ ਕਾਫਲੇ ਵਿਚ ਸ਼ਾਮਲ ਹੋਣ ਵਾਲੇ ਵਲੰਟੀਅਰਾਂ ਬਾਰੇ ਕੁਝ ਇਕ ਹੋਰ ਅੜਚਨਾਂ ਦਾ ਜ਼ਿਕਰ ਕਰਨਾ ਵੀ ਕੁਥਾਵਾਂ ਨਹੀਂ ਹੋਵੇਗਾ। ਵਤਨ ਕੋਲ ਕੋਈ ਦਫਤਰ ਜਾਂ ਅਜਿਹਾ ਸਥਾਨ ਨਾ ਹੋਣ ਕਾਰਨ, ਕੰਮ ਕਰਨ ਦੇ ਸਮੇਂ ਅਤੇ ਮਾਹੌਲ ਵਿਚ ਬੜੀ ਮੁਸ਼ਕਿਲ ਆਉਂਦੀ ਹੈ। ਦੂਜੀ ਅੜਚਨ ਪ੍ਰੋਡਕਸ਼ਨ ਵਿਚ ਵਰਤੀ ਜਾਂਦੀ ਤਕਨੀਕ ਦੀ ਹੈ। ਇਸ ਸਮੇਂ ਵਤਨ ਨੂੰ ਤਿਆਰ ਕਰਨ ਲਈ ਕੀਤੀ ਜਾਂਦੀ ਬਹੁਤੀ ਮਿਹਨਤ ਕੰਪਿਊਟਰ ਤੇ ਕੀਤੀ ਜਾਂਦੀ ਹੈ। ਇਸ ਲਈ ਵਤਨ ਵਿਚ ਆਉਣ ਵਾਲਾ ਨਵਾਂ ਵਲੰਟੀਅਰ ਤਾਂ ਹੀ ਅਸਰ ਭਰਪੂਰ ਯੋਗਦਾਨ ਪਾ ਸਕਦਾ ਹੈ ਜੇ ਉਸ ਨੂੰ ਕੰਪਿਊਟਰ ਦੀ ਜਾਚ ਹੋਵੇ। ਇਹ ਮੁਸ਼ਕਿਲ ਵਤਨ ਦੇ ਸੀਮਤ ਆਰਥਿਕ ਵਸੀਲਿਆਂ ਕਾਰਨ ਹੋਰ ਵੀ ਗੰਭੀਰ ਬਣ ਜਾਂਦੀ ਹੈ। ਆਰਥਿਕ ਵਸੀਲਿਆਂ ਦੀ ਘਾਟ ਕਾਰਨ ਅਦਾਰਾ ਵਤਨ ਨਵੇਂ ਵਲੰਟੀਅਰ ਨੂੰ ਆਪ ਕੰਪਿਊਟਰ ਲੈ ਕੇ ਦੇ ਨਹੀਂ ਸਕਦਾ ਇਸ ਲਈ ਨਵੇਂ ਵਲੰਟੀਅਰ ਵਿਚ ਇਹ ਸਮਰੱਥਾ ਅਤੇ ਪ੍ਰਤਿਬੱਧਤਾ ਹੋਣੀ ਚਾਹੀਦੀ ਹੈ ਕਿ ਉਹ ਕੰਪਿਊਟਰ ਲੈ ਸਕੇ।

ਉੱਪਰ ਪੇਸ਼ ਕੀਤੇ ਵਿਚਾਰਾਂ ਤੋਂ ਜ਼ਾਹਿਰ ਹੈ ਕਿ ਪੰਜਾਬੀ ਦੇ ਲੇਖਕ ਅਤੇ ਪਾਠਕ ਆਪ ਖਪਤਕਾਰੀ ਸਭਿਆਚਾਰ ਵਿਚ ਪੂਰੀ ਸਰਗਰਮੀ ਨਾਲ ਹਿੱਸਾ ਲੈ ਰਹੇ ਹਨ। ਕਈ ਵਾਰ ਤਾਂ ਇਹ ਵੀ ਲੱਗਦਾ ਹੈ ਕਿ ਖੱਬੇ ਪੱਖੀ ਧਿਰ ਦਾ ਲੇਖਕ ਅਤੇ ਪਾਠਕ ਖਪਤਕਾਰੀ ਸਭਿਆਚਾਰ ਨੂੰ ਦੂਜੇ ਲੋਕਾਂ ਦੇ ਮੁਕਾਬਲੇ ਜ਼ਿਆਦੀ ਸ਼ਿੱਦਤ ਨਾਲ ਸਵੀਕਾਰ ਕਰ ਰਿਹਾ ਹੈ ਜਿਵੇਂ ਉਸਨੇ ਉਹਨਾਂ ਵਰ੍ਹਿਆਂ ਦੀ ਕਸਰ ਕੱਢਣੀ ਹੋਵੇ ਜਿੰਨੇ ਵਰ੍ਹੇ ਉਸਨੇ ਐਵੇਂ 'ਆਦਰਸ਼ਕ ਖੱਬੇ ਪੱਖੀ ਵਿਚਾਰਧਾਰਾ' ਨੂੰ ਮੰਨਦਿਆਂ 'ਅੰਜਾਈਂ' ਗਵਾ ਦਿੱਤੇ ਹੋਣ। ਇਸ ਸਥਿਤੀ ਦੇ ਬਾਵਜੂਦ ਸਾਹਿਤਕ ਪਰਚਾ ਕੱਢਣ ਜਾਂ ਸਾਹਿਤ ਅਤੇ ਸਭਿਆਚਾਰ ਲਈ ਕੰਮ ਕਰਨ ਵਾਲੇ ਲੋਕਾਂ ਤੋਂ ਅਜੇ ਵੀ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਇਹ ਸੱਭ ਕੰਮ ਸੇਵਾ ਭਾਵ ਨਾਲ ਅਤੇ ਬਿਨਾਂ ਕਿਸੇ ਨਿੱਜੀ ਫਾਇਦੇ ਦੇ ਕਰਦੇ ਰਹਿਣ। ਤੇ ਨਾਲ ਹੀ ਮੁਸ਼ਕਿਲ ਇਹ ਬਣਦੀ ਹੈ ਕਿ ਜਦੋਂ ਕੋਈ ਅੱਜ ਦੇ ਜ਼ਮਾਨੇ ਵਿਚ ਸੱਚ ਮੁੱਚ ਅਜਿਹਾ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ 'ਤੇ ਕੋਈ ਵੀ ਯਕੀਨ ਕਰਨੇ ਨੂੰ ਤਿਆਰ ਨਹੀਂ। ਜਦ ਹਰ ਬੰਦਾ ਆਪਣੇ ਆਲੇ-ਦੁਆਲੇ, ਜਾਣ-ਪਛਾਣ ਵਾਲਿਆਂ ਵੱਲ, ਨਿਗ੍ਹਾ ਮਾਰਦਾ ਹੈ ਤਾਂ ਕੋਈ ਵੀ ਨਿੱਜੀ ਫਾਇਦੇ ਬਿਨਾਂ ਕੁਝ ਵੀ ਕਰਦਾ ਨਜ਼ਰ ਨਹੀਂ ਆਉਂਦਾ। ਨਿੱਜੀ ਫਾਇਦੇ ਤੋਂ ਬਿਨਾਂ ਕੰਮ ਕਰਨ ਵਾਲੇ ਉੱਪਰ ਯਕੀਨ ਕਰਨਾ ਉਹਨਾਂ ਨੂੰ ਆਪਣੇ ਨਿੱਤ ਦੇ ਤਜ਼ਰਬੇ ਦੇ ਉਲਟ ਲੱਗਦਾ ਹੈ। ਇਕ ਛੋਟੀ ਜਿਹੀ ਉਦਾਹਰਣ ਪੇਸ਼ ਹੈ: ਵਤਨ ਦੇ ਇਕ ਪੁੱਜ ਕੇ ਗੰਭੀਰ ਤੇ ਹਮਦਰਦ ਪਾਠਕ ਦੇ ਮਨ ਵਿਚ ਕਿ ਵਾਰ ਫੁਰਨਾ ਫੁਰਿਆ ਕਿ ਕਿਉਂ ਨਾ ਉਹ ਆਪਣੇ ਨਾਲ ਕੰਮ ਕਰਨ ਵਾਲੇ ਸਾਥੀਆਂ ਕੋਲੋਂ ਵਤਨ ਲਈ ਚੰਦਾ ਮੰਗੇ। ਕੁਝ ਸਾਥੀਆਂ ਨੇ ਤਾਂ ਬਿਨਾਂ ਹੀਲ ਹੁੱਜਤ ਚੰਦਾ ਦੇ ਦਿੱਤਾ ਪਰ ਬਾਕੀਆਂ ਵਿਚ ਇਹ ਘੁਸਰ ਮੁਸਰ ਚੱਲ ਪਈ ਕਿ 'ਅੱਗੇ ਨਾ ਪਿੱਛੇ ਨਾ, ਇਹ ਕਿਉਂ ਕਿਸੇ ਪਰਚੇ ਲਈ ਚੰਦੇ ਮੰਗਦਾ ਫਿਰਦਾ ਹੈ, ਜ਼ਰੂਰ ਇਹਦੇ ਵਿਚ ਕੋਈ 'ਚੱਕਰ' ਹੈ'। ਸਾਡੇ ਹਮਦਰਦ ਪਾਠਕ ਨੂੰ ਇਕ ਦੋਹ ਨਾਲ ਤੂੰ ਤੂੰ ਮੈਂ ਮੈਂ ਤੱਕ ਹੋਣਾ ਪਿਆ। ਤੇ ਮੁੜ ਕੇ ਉਹਨੇ ਦੋ ਚਾਰ ਖਾਸ ਬੰਦਿਆਂ ਤੋਂ ਬਿਨਾਂ ਕਿਸੇ ਕੋਲੋਂ ਚੰਦਾ ਨਹੀਂ ਮੰਗਿਆ।

ਹੁਣ ਤੱਕ ਕਨੇਡਾ ਦੇ ਪੰਜਾਬੀ ਸਾਹਿਤਕ, ਸਭਿਆਚਾਰਕ ਅਤੇ ਸਿਆਸੀ ਮਾਹੌਲ ਵਿਚ ਪੈਦਾ ਹੋਈਆਂ ਇਹ ਸਥਿਤੀਆਂ ਅਜਿਹੇ ਤੱਥ ਹਨ ਜਿਨ੍ਹਾਂ ਕਰਕੇ ਹੁਣ ਵਤਨ ਦਾ ਪ੍ਰਕਾਸ਼ਤ ਹੁੰਦੇ ਰਹਿਣਾ ਮੁਸ਼ਕਿਲ ਜਾਪਦਾ ਹੈ। ਐਨ ਉਸੇ ਤਰ੍ਹਾਂ ਜਿਸ ਤਰ੍ਹਾਂ ਵਤਨ ਤੋਂ ਪਹਿਲਾਂ ਕਿੰਨੇ ਸਾਰੇ ਹੋਰ ਪਰਚੇ ਤੇ ਅਖ਼ਬਾਰ ਆਪਣੀ ਜੀਵਨ ਯਾਤਰਾ ਪੂਰੀ ਕਰ ਚੁੱਕੇ ਹਨ। ਜਿਵੇਂ ਅਸੀਂ ਸ਼ੁਰੂ ਵਿਚ ਹੀ ਕਿਹਾ ਹੈ ਕਿ ਵਤਨ ਨੂੰ ਅਜੇ ਹੋਰ ਸਮਾਂ ਚਲਾਇਆ ਜਾ ਸਕਦਾ ਸੀ, ਪਰ ਇਸ ਨੂੰ ਸਥਾਈ ਰੂਪ ਵਿਚ ਲੰਮੇ ਸਮੇਂ ਤੱਕ ਚੱਲਦਾ ਰੱਖਣ ਲਈ ਮੌਜੂਦਾ ਢਾਂਚਾ ਹੁਣ ਕਾਰਗਾਰ ਨਹੀਂ ਹੈ। ਦੋਸਤਾਂ ਵਲੋਂ ਮਿਲਦੀ ਮਦਦ ਦੇ ਸਿਰ 'ਤੇ ਅਤੇ ਆਪਣੇ ਆਪ ਨੂੰ ਸ਼ੋਸ਼ਣ ਦੀ ਹੱਦ ਤੱਕ ਵਰਤ ਕੇ, ਪਰਚੇ ਦੀ ਉਮਰ ਇਕ ਦੋ ਸਾਲ ਵਧਾਈ ਜਾ ਸਕਦੀ ਹੈ, ਪਰ ਉਸ ਤੋਂ ਵੱਧ ਸਮੇਂ ਲਈ ਨਹੀਂ। ਨਾਲ ਹੀ ਸਾਡੇ ਮਨ ਵਿਚ ਇਕ ਸ਼ੱਕ ਜਿਹੀ ਹੈ ਕਿ ਸ਼ਾਇਦ ਇਸ ਪਰਚੇ ਦੇ ਚਲਦੇ ਰਹਿਣ ਨਾਲ ਵੱਡੇ ਪੱਧਰ 'ਤੇ ਇਕ ਨੁਕਸਾਨ ਵੀ ਹੋ ਰਿਹਾ ਹੋਵੇ। ਲਗਦਾ ਹੈ ਕਿ ਬਹੁਤੇ ਅਗਾਂਹਵਧੂ ਵਿਚਾਰਾਂ ਵਾਲੇ ਲੋਕ ਵਤਨ ਵੱਲ ਦੇਖ ਕੇ ਇਕ ਸੰਤੁਸ਼ਟੀ ਜਿਹੀ ਮਹਿਸੂਸ ਕਰਦੇ ਹਨ ਕਿ ਚਲੋ ਕੁਝ ਨਾ ਕੁਝ ਤਾਂ ਹੋ ਹੀ ਰਿਹਾ ਹੈ। ਇਸ 'ਸੰਤੁਸ਼ਟੀ' ਦੀ ਵਜਾ ਕਰਕੇ ਉਹ ਵਿਗੜ ਚੁੱਕੀ ਸਥਿਤੀ 'ਤੇ ਗੰਭੀਰਤਾ ਨਾਲ ਵਿਚਾਰ ਕਰਨ ਨਾਲ ਵਿਚਾਰ ਕਰਨ ਦੀ ਲੋੜ ਨਹੀਂ ਮਹਿਸੂਸ ਕਰਦੇ।

## ਬਦਲ ਕੀ ਹੈ?

ਇਸ ਸਵਾਲ ਦਾ ਜੁਆਬ ਜਾਨਣ ਲਈ ਬਹਿਸ ਵਿਚ ਪੈਣ ਤੋਂ ਪਹਿਲਾਂ ਸ਼ਾਇਦ ਇਕ ਹੋਰ ਸੁਆਲ ਦਾ ਜੁਆਬ ਜਾਨਣਾ ਜ਼ਰੂਰੀ ਹੈ। ਉਹ ਸਵਾਲ ਹੈ ਕਿ ਕੀ ਅਜੋਕੇ ਸਮੇਂ ਵਿਚ ਵਤਨ ਦੀ ਲੋੜ ਵੀ ਹੈ? ਸਾਡੇ ਮਨਾਂ ਵਿਚ ਤਾਂ ਇਸ ਸਵਾਲ ਦਾ ਜੁਆਬ ਹਾਂ ਵਿਚ ਹੈ। ਇਸ ਲਈ ਅਸੀਂ ਅਜਿਹਾ ਪਰਚਾ ਨਿਕਲਦਾ ਰਹਿਣ ਦੇ ਹੋਰ ਬਦਲਾਂ ਬਾਰੇ ਗੱਲ ਕਰਨੀ ਚਾਹਾਂਗੇ। ਇਹਨਾਂ ਬਦਲਾਂ ਬਾਰੇ ਸਾਡੇ ਕੁੱਝ ਦੋਸਤਾਂ ਨੇ ਵੀ ਆਪਣੇ ਸੁਝਾਅ ਸਾਡੇ ਤੱਕ ਪਹੁੰਚਾਏ ਹਨ।

## ਪਹਿਲਾ ਬਦਲ

ਪਰਚੇ ਨੂੰ ਚਲਦਾ ਰੱਖਣ ਲਈ ਇਕ ਸੁਝਾਅ ਜੋ ਦਿੱਤਾ ਜਾ ਰਿਹਾ ਹੈ, ਉਹ ਹੈ ਕਿ ਕਨੇਡਾ ਜਾਂ ਉੱਤਰੀ ਅਮਰੀਕਾ ਦੇ ਪੱਧਰ ਤੇ 50 - 100 ਦੇ ਕਰੀਬ ਵਿਅਕਤੀਆਂ ਦੀ ਲਿਸਟ ਤਿਆਰ ਕਰਨਾ ਜੋ ਵਤਨ ਲਈ ਹਰ ਸਾਲ 100 - 200 ਡਾਲਰ ਤੱਕ ਦੀ ਸਹਾਇਤਾ ਦੇਣ ਦਾ ਵਾਅਦਾ ਕਰਨ। ਅਜਿਹਾ ਹੋਣ ਨਾਲ ਵਤਨ ਦੀ ਮਾਇਕ ਹਾਲਤ ਸੁਧਰੇਗੀ ਅਤੇ ਵਤਨ ਚਲਦਾ ਰਹਿ ਸਕੇਗਾ।

ਇਸ ਬਦਲ ਬਾਰੇ ਪਹਿਲੀ ਗੱਲ ਤਾਂ ਇਹੀ ਹੈ ਕਿ ਅਸਲ ਵਿਚ ਇਹ ਬਦਲ ਵਤਨ ਦੇ ਮੌਜੂਦਾ ਢਾਂਚੇ ਦਾ ਬਦਲ ਨਹੀਂ ਸਗੋਂ ਮੌਜੂਦਾ ਢਾਂਚੇ ਨੂੰ ਆਰਥਿਕ ਮਦਦ ਦੇ ਕੇ ਉਸਨੂੰ ਕੰਮ ਕਰਨ ਯੋਗ ਬਣਾਉਣ ਦਾ ਯਤਨ ਕਿਹਾ ਜਾ ਸਕਦਾ ਹੈ। ਇਸ ਬਦਲ ਵਿਚ ਇਹ ਮੰਨ ਕੇ ਹੀ ਗੱਲ ਅੱਗੇ ਤੋਰੀ ਜਾਂਦੀ ਹੈ ਕਿ ਵਤਨ ਦੇ ਆਰਥਿਕ ਵਸੀਲੇ ਪਹਿਲਾਂ ਵਾਂਗ ਸਿਰਫ ਪ੍ਰਿੰਟਿੰਗ ਅਤੇ ਡਾਕ ਖਰਚ ਲਈ ਹੀ ਵਰਤੇ ਜਾਣਗੇ ਅਤੇ ਪ੍ਰੋਡਕਸ਼ਨ ਦਾ ਅਤੇ ਡਿਸਟ੍ਰੀਬਿਊਸ਼ਨ ਦਾ ਸਾਰਾ ਕੰਮ ਸੇਵਾ ਭਾਵ ਨਾਲ ਹੀ ਕੀਤਾ ਜਾਵੇਗਾ। ਸਾਡਾ ਵਿਚਾਰ ਹੈ ਕਿ ਇਸ ਵਿਚ ਤਬਦੀਲੀ ਆਉਣੀ ਚਾਹੀਦੀ ਹੈ। ਲੇਖਕਾਂ ਅਤੇ ਖਾਸ ਕਰ ਪਾਠਕਾਂ ਨਾਲ ਬਾਕਾਇਦਾ ਤਾਲਮੇਲ ਰੱਖਣ ਲਈ ਤੇ ਜੋ ਕੰਮ ਜ਼ਿਆਦਾ ਸਮੇਂ ਤੇ ਥਕਾਊ ਮਜ਼ਦੂਰੀ ਦੀ ਮੰਗ ਕਰਦੇ ਹਨ, ਜਿਵੇਂ ਟਾਇਪਸੈੱਟ ਕਰਨਾ, ਲੇਅ ਆਊਟ ਕਰਨਾ ਅਤੇ ਪਰਚੇ ਨੂੰ ਡਾਕ ਵਿਚ ਪਾਉਣਾ ਆਦਿ ਨੂੰ ਤਨਖਾਹ ਦੇ ਕੇ ਕਰਾਉਣ ਯੋਗ ਵਸੀਲੇ ਪਰਚੇ ਕੋਲ ਹੋਣੇ ਚਾਹੀਦੇ ਹਨ। ਜਾਂ ਇੰਞ ਕਹਿ ਲਵੋ ਕਿ ਪਰਚੇ ਲਈ ਘੱਟੋ ਘੱਟ ਇਕ ਕੁਲਵਕਤੀ ਤਨਖਾਹ ਯਾਫਤਾ ਕਾਮੇ ਦੀ ਅਤੇ ਦਫਤਰ ਦੀ ਲੋੜ ਹੈ।

ਪਰ ਫੇਰ ਵੀ ਦੋਸਤਾਂ ਵਲੋਂ ਆਏ ਇਸ ਸੁਝਾਅ ਬਾਰੇ ਗੱਲਬਾਤ ਕਰ ਲੈਣੀ ਬੁਰੀ ਨਹੀਂ। ਇਸ ਦੇ ਦੋ ਮਹੱਤਵਪੂਰਨ ਪੱਖ ਹਨ। ਨੰਬਰ ਇਕ ਇਸ ਨਾਲ ਵਤਨ ਦਾ ਮਾਇਕ ਆਧਾਰ ਤਕੜਾ ਹੋਣ ਕਰਕੇ ਇਸ਼ਤਿਹਾਰਾਂ ਮਗਰ ਨਹੀਂ ਦੌੜਨਾ ਪਵੇਗਾ ਅਤੇ ਵਤਨ ਇਸ ਮਦਦ ਅਤੇ ਚੰਦਿਆਂ ਦੇ ਆਸਰੇ ਆਪਣਾ ਖਰਚ ਚੁੱਕ ਲਵੇਗਾ। ਇਥੇ ਇਹ ਗੱਲ ਦੁਹਰਾਉਣ ਵਾਲੀ ਹੈ ਕਿ ਵਤਨ ਦੀ ਵਿਚਾਰਧਾਰਕ ਪਹੁੰਚ ਅਤੇ ਸੀਮਤ ਪਾਠਕ-ਘੇਰੇ ਕਰਕੇ ਇਸ਼ਤਿਹਾਰ ਲੈਣੇ ਬਹੁਤ ਹੀ ਮੁਸ਼ਕਿਲ ਕੰਮ ਹੈ।

ਇਸ ਸੁਝਾਅ ਦਾ ਦੂਸਰਾ ਹਾਂ ਪੱਖੀ ਪੱਖ ਇਹ ਹੈ ਕਿ ਇਸ ਨਾਲ ਵਤਨ ਬਾਰੇ ਜ਼ਿੰਮੇਵਾਰੀ ਸਮਝਣ ਵਾਲਿਆਂ ਦੀ ਗਿਣਤੀ ਵਿਚ ਵਾਧਾ ਹੋਵੇਗਾ। ਜਿਹੜੇ 50 - 100 ਵਿਅਕਤੀ ਵਤਨ ਨੂੰ ਹਰ ਸਾਲ ਉੱਪਰ ਦੱਸੀ ਮਾਇਕ ਸਹਾਇਤਾ ਦੇਣਗੇ, ਉਹ ਵਤਨ ਨਾਲ ਹੋਰ ਜ਼ਿਆਦਾ ਜੁੜੇ ਹੋਏ ਮਹਿਸੂਸ ਕਰਨਗੇ ਅਤੇ ਇਸ ਬਾਰੇ ਫਿਕਰਮੰਦ ਰਹਿਣਗੇ।

ਇਸ ਸੁਝਾਅ ਬਾਰੇ ਸਾਡੇ ਕੁੱਝ ਫਿਕਰ ਵੀ ਹਨ। ਸੱਭ ਤੋਂ ਪਹਿਲਾ

ਫਿਕਰ ਤਾਂ ਸਾਡਾ ਇਹ ਹੈ ਕਿ ਕੀ ਮੌਜੂਦਾ ਹਾਲਾਤ ਵਿਚ ਅਜਿਹੇ 50 – 100 ਵਿਅਕਤੀ ਹਨ ਜੋ ਵਤਨ ਨੂੰ ਹਰ ਸਾਲ 100 – 200 ਡਾਲਰ ਦੇ ਸਕਣਗੇ। ਕੀ ਉਹ ਇਹ ਵਾਅਦਾ ਲੰਮੇ ਸਮੇਂ ਤੱਕ ਆਪਣੀ ਜ਼ਿੰਮੇਵਾਰੀ ਸਮਝ ਕੇ ਨਿਭਾ ਸਕਣਗੇ? ਇਹ ਤਾਂ ਨਹੀਂ ਹੋਵੇਗਾ ਕਿ ਹਰ ਸਾਲ ਉਹਨਾਂ ਤੋਂ ਇਹ ਮਦਦ ਲੈਣ ਲਈ ਵਾਰ ਵਾਰ ਯਾਦ ਦਿਲਾਉਣਾ ਪਿਆ ਕਰੇ, ਉਹਨਾਂ ਦੇ ਘਰੀਂ ਜਾਣਾ ਪਿਆ ਕਰੇ ਤੇ ਵਤਨ ਦੇ ਕਰਿੰਦਿਆਂ ਦਾ ਬਹੁਤਾ ਸਮਾਂ ਇਹਨਾਂ ਹਮਦਰਦਾਂ ਤੋਂ ਆਰਥਿਕ ਮਦਦ ਇਕੱਠੀ ਕਰਨ 'ਤੇ ਹੀ ਲੱਗਣ ਲੱਗ ਪਵੇ।

ਇਸ ਸੰਬੰਧ ਵਿਚ ਦੂਸਰਾ ਫਿਕਰ ਹੈ ਕਿ ਇਹ ਮਦਦਗਾਰ ਅਜਿਹੀ ਮਦਦ ਕਿਹਨਾਂ ਸ਼ਰਤਾਂ ਤੇ ਦੇਣ ਨੂੰ ਤਿਆਰ ਹੋਣਗੇ। ਇਹ ਗੱਲ ਸੱਚ ਹੈ ਕਿ ਪਰਚੇ ਨੂੰ ਮਦਦ ਦੇਣ ਵਾਲੇ ਮਦਦਗਾਰ ਵੱਡੇ ਰੂਪ ਵਿਚ ਪਰਚੇ ਦੀ ਮੌਜੂਦਾ ਸਾਹਿਤਕ, ਸਭਿਆਚਾਰਕ ਅਤੇ ਸਿਆਸੀ ਪਹੁੰਚ ਨਾਲ ਸਹਿਮਤ ਹੁੰਦੇ ਹੋਏ ਹੀ ਅਜਿਹੀ ਮਦਦ ਦੇਣਗੇ। ਪਰ ਇਸ ਸਾਹਿਤਕ, ਸਭਿਆਚਾਰਕ ਅਤੇ ਸਿਆਸੀ ਪਹੁੰਚ ਨੂੰ ਪਾਠਕਾਂ ਅੱਗੇ ਕਿਸ ਤਰ੍ਹਾਂ ਪੇਸ਼ ਕਰਨਾ ਹੈ ਉਸ ਬਾਰੇ ਇਹਨਾਂ ਸੌ ਮਦਦਗਾਰਾਂ ਦੀਆਂ ਪੰਜਾਹ ਰਾਵਾਂ ਤਾਂ ਜ਼ਰੂਰ ਹੋਣਗੀਆਂ। ਪਰਚੇ ਵਿਚ ਕਿਸ ਕਿਸਮ ਦੀਆਂ ਲਿਖਤਾਂ ਨੂੰ ਪਹਿਲ ਦੇਣੀ ਹੈ? ਸਾਹਿਤ, ਸਭਿਆਚਾਰ ਤੇ ਸਿਆਸਤ ਵਿਚ ਕਿਸ ਕਿਸਮ ਦਾ ਸਮਤੋਲ ਰੱਖਣਾ ਹੈ? ਲੰਮੀਆਂ ਲਿਖਤਾਂ ਛਾਪਣੀਆਂ ਹਨ ਜਾਂ ਛੋਟੀਆਂ? ਕਵਿਤਾ ਭਾਗ 'ਤੇ ਜ਼ੋਰ ਦੇਣਾ ਹੈ ਜਾਂ ਕਹਾਣੀ 'ਤੇ? ਕਿਸ ਤਰ੍ਹਾਂ ਦੇ ਸਪੇਸ਼ਲ ਅੰਕ ਕੱਢਣੇ ਹਨ? ਕਿਸ ਲੇਖਕ ਦੀਆਂ ਕਵਿਤਾਵਾਂ ਤੇ ਸਪੇਸ਼ਲ ਅੰਕ ਕੱਢਣਾ ਹੈ ਅਤੇ ਕਿਸ ਤੇ ਨਹੀਂ? ਵੱਡੇ ਵਿਚਾਰਧਾਰਕ ਘੇਰੇ ਵਿਚ ਪ੍ਰਮੁੱਖ ਵੱਖ ਵੱਖ ਸ਼ੇਡਾਂ ਵਿਚੋਂ ਕਿਸ ਸ਼ੇਡ ਨੂੰ ਜ਼ਿਆਦੀ ਪ੍ਰਮੁੱਖਤਾ ਦੇਣੀ ਹੈ? ਬਾਹਸ ਤੋਰਨ ਲਈ ਜਾਂ ਲੇਖਕਾਂ/ ਪਾਠਕਾਂ ਦਾ ਘੇਰਾ ਮੋਕਲਾ ਕਰਨ ਲਈ ਵਤਨ ਲਈ ਸਵੀਕਾਰੀ ਵਿਚਾਰਧਾਰਾ ਤੋਂ ਹੱਟ ਕੇ ਜਾਂ ਉਸਦੇ ਵਿਰੋਧ ਵਿਚ ਜਾਣ ਵਾਲੀ ਵਿਚਾਰਧਾਰਾ ਨੂੰ ਥਾਂ ਦੇਣੀ ਹੈ ਤਾਂ ਕਿੰਨੀ ਕੁ?

**ਵਤਨ ਕਨੇਡਾ ਵਿਚ ਖੱਬੀ ਸਿਆਸਤ ਅਤੇ ਕਨੇਡਾ ਦੇ ਪੰਜਾਬੀ ਸਮਾਜ ਵਿਚ ਨਿੱਗਰ, ਸਾਫ ਸੁਥਰੇ ਅਤੇ ਸੈਕੂਲਰ ਪੰਜਾਬੀ ਸਾਹਿਤ ਅਤੇ ਸਭਿਆਚਾਰ ਨੂੰ ਪੇਸ਼ ਕਰਨ ਅਤੇ ਇਸ ਨੂੰ ਉਤਸ਼ਾਹਤ ਕਰਨ ਦੇ ਮੰਤਵ ਨਾਲ ਚਲਦਾ ਰਿਹਾ ਹੈ। ਸਰਸਰੀ ਨਿਗ੍ਹਾ ਮਾਰਿਆਂ ਵੀ ਕਨੇਡਾ ਪੰਜਾਬੀ ਸਮਾਜ ਵਿਚ ਇਨ੍ਹਾਂ ਦੋਹਾਂ ਚੀਜ਼ਾਂ ਨੂੰ ਪਿਛਲੇ ਕੁੱਝ ਸਾਲਾਂ ਦੌਰਾਨ ਢਾਹ ਲੱਗੀ ਨਜ਼ਰ ਆਉਂਦੀ ਹੈ।**

ਇਸ ਤਰ੍ਹਾਂ ਦੇ ਕਿੰਨੇ ਹੀ ਸੁਆਲ ਹਨ ਜਿਹਨਾਂ ਬਾਰੇ ਇਨ੍ਹਾਂ ਮਦਦਗਾਰਾਂ ਦੀ ਰਾਇ ਵੱਖਰੀ ਵੱਖਰੀ ਹੋਵੇਗੀ ਅਤੇ ਹੋ ਸਕਦਾ ਹੈ ਕਿ ਇਕ ਦੂਜੇ ਦੇ ਵਿਰੁੱਧ ਜਾਣ ਵਾਲੀ ਵੀ। ਇਸ ਲਈ ਵਤਨ ਦੇ ਪ੍ਰਬੰਧਕਾਂ ਨੂੰ ਇਹਨਾਂ ਸਾਰੇ ਲੋਕਾਂ ਨੂੰ ਨਾਲ ਰੱਖਣ ਲਈ ਇਹਨਾਂ ਸਾਰੀਆਂ ਰਾਵਾਂ ਤੇ ਆਧਾਰ ਤੇ ਅਜਿਹਾ ਰਾਹ ਅਖਤਿਆਰ ਕਰਨਾ ਪਵੇਗਾ ਜੋ ਇਹਨਾਂ ਸਾਰਿਆਂ ਨੂੰ ਸਵੀਕਾਰ ਹੋਵੇ। ਇਸ ਗੱਲ ਨੂੰ ਕਾਮਯਾਬੀ ਨਾਲ ਸਿਰੇ ਲਾਉਣਾ ਸ਼ਾਇਦ ਇਕ ਅਸੰਭਵ ਗੱਲ ਹੋਵੇ। ਨਤੀਜੇ ਵੱਜੋਂ ਇਹ ਮਦਦਗਾਰ ਹੌਲੀ ਹੌਲੀ ਕਿਰਨੇ ਵੀ ਸ਼ੁਰੂ ਹੋ ਸਕਦੇ ਹਨ।

ਅਸੀਂ ਉਪਰਲਾ ਫਿਕਰ ਐਵੇਂ ਹੀ ਪੇਸ਼ ਨਹੀਂ ਕਰ ਰਹੇ। ਪਿਛਲੇ ਤਜ਼ਰਬੇ 'ਤੇ ਆਧਾਰਤ ਅਸੀਂ ਇਹ ਗੱਲ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਵਤਨ ਦੇ ਸ਼ੁਰੂ ਵਿਚ ਵਤਨ ਨੂੰ ਸੌ ਸੌ ਡਾਲਰ ਦੀ ਮਦਦ ਕਰਨ ਵਾਲੇ ਦੋਸਤਾਂ ਵਿਚੋਂ ਕੁੱਝ ਦੋਸਤ ਅਜਿਹੇ ਜ਼ਰੂਰ ਹੋਣਗੇ ਜੋ ਹੁਣ ਸੌ ਡਾਲਰ ਤਾਂ ਕੀ ਵਤਨ ਦਾ ਸਾਲਾਨਾ ਚੰਦਾ ਦੇਣ ਨੂੰ ਵੀ ਤਿਆਰ ਨਾ ਹੋਣ। ਜਿਸ ਤਰ੍ਹਾਂ ਦੀ ਆਸ ਜਾਂ ਵਤਨ ਦੀ ਭਵਿੱਖੀ ਰੂਪ ਰੇਖਾ ਨੂੰ ਧਿਆਨ ਵਿਚ ਰੱਖਕੇ ਉਹਨਾਂ ਨੇ ਵਤਨ ਦੀ ਇਹ ਮਦਦ ਕੀਤੀ ਸੀ, ਵਤਨ ਉਹਨਾਂ ਦੀ ਇਹ ਆਸ ਪੂਰੀ ਨਹੀਂ ਕਰ ਸਕਿਆ। ਇਕ ਉਦਾਹਰਣ ਸਾਂਝੀ ਕਰਦੇ ਹਾਂ: ਵਤਨ ਦੀ ਮਦਦ ਕਰਨ ਵਾਲਿਆਂ ਦੋਸਤਾਂ ਵਿਚੋਂ ਇਕ ਦੋਸਤ ਨੇ ਵਤਨ ਨੂੰ ਕੁੱਝ ਰੀਪੋਰਟਾਂ ਭੇਜੀਆਂ। ਆਪਣੇ ਸੰਪਾਦਕੀ ਨੁਕਤਾ ਨਜ਼ਰ ਤੋਂ ਦੇਖਦਿਆਂ ਅਸੀਂ ਉਹ ਰੀਪੋਰਟਾਂ ਵਤਨ ਵਿਚ ਨਹੀਂ ਛਾਪੀਆਂ। ਕੁੱਝ ਮਹੀਨਿਆਂ ਬਾਅਦ ਉਸ ਦੋਸਤ ਦਾ ਕੁੱਝ ਇਸ ਤਰ੍ਹਾਂ ਦਾ ਖੱਤ ਆ ਗਿਆ ਕਿ ਵਤਨ ਨੇ ਉਸਦਾ 100 ਡਾਲਰ ਦਾ ਚੈੱਕ ਤਾਂ ਝੱਟ ਕੈਸ਼ ਕਰਾ ਲਿਆ ਪਰ ਰੀਪੋਰਟਾਂ ਨਹੀਂ ਛਾਪੀਆਂ।

## ਦੂਸਰਾ ਬਦਲ

ਦੋਸਤਾਂ ਮਿੱਤਰਾਂ ਵਲੋਂ ਸੁਝਾਇਆ ਜਾ ਰਿਹਾ ਦੂਸਰਾ ਬਦਲ ਹੈ ਪਰਚੇ ਵਿਚ ਵਪਾਰਕ ਪੱਖ ਤੋਂ ਸੁਧਾਰ ਕਰਕੇ ਇਸ ਯੋਗ ਬਣਾਉਣਾ ਕਿ ਉਹ ਆਪਣਾ ਭਾਰ ਆਪ ਚੁੱਕ ਸਕੇ। ਵਪਾਰਕ ਪੱਖ ਬਾਰੇ ਵੱਖ ਵੱਖ ਲੋਕਾਂ ਦੀ ਵੱਖਰੀ ਵੱਖਰੀ ਪਰਿਭਾਸ਼ਾ ਹੋ ਸਕਦੀ ਹੈ ਪਰ ਜਿਸ ਤਰ੍ਹਾਂ ਗੱਲ ਸਾਨੂੰ ਸਮਝ ਆ ਰਹੀ ਹੈ ਉਹ ਅਸੀਂ ਤੁਹਾਡੇ ਨਾਲ ਸਾਂਝੀ ਕਰਦੇ ਹਾਂ।

ਵਪਾਰਕ ਪਰਚੇ ਦੀ ਸੱਭ ਤੋਂ ਵੱਡੀ ਲੋੜ ਆਪਣੇ ਪਾਠਕਾਂ ਦੇ ਘੇਰੇ ਨੂੰ ਵਿਸ਼ਾਲ ਕਰਨਾ ਹੁੰਦੀ ਹੈ। ਫਿਰ ਪਾਠਕਾਂ ਦੀ ਗਿਣਤੀ ਨੂੰ ਇਸ਼ਤਿਹਾਰ ਦੇਣ ਵਾਲਿਆਂ ਅੱਗੇ ਵੇਚਣਾ ਹੁੰਦਾ ਹੈ ਇਹ ਕਹਿ ਕਿ 'ਅਸੀਂ ਤੁਹਾਡੀਆਂ ਵਸਤਾਂ ਵੇਚਣ ਦਾ ਸੁਨੇਹਾ ਏਨੇ ਹਜ਼ਾਰ ਜਾਂ ਏਨੇ ਲੱਖ ਲੋਕਾਂ ਤੱਕ ਪਹੁੰਚਾ ਸਕਦੇ ਹਾਂ ਇਸ ਲਈ ਤੁਸੀਂ ਸਾਨੂੰ ਇਸ਼ਤਿਹਾਰ ਦਿਉ। ਜੇ ਤੁਸੀਂ ਸਾਨੂੰ ਇਸ਼ਤਿਹਾਰ ਨਹੀਂ ਦੇਵੋਗੇ ਤਾਂ ਤੁਸੀਂ ਸਾਡੇ ਪਾਠਕਾਂ ਦੀਆਂ ਜੇਬਾਂ ਵਿਚ ਪਏ ਪੈਸਿਆਂ ਤੋਂ ਵਾਂਝੇ ਰਹਿ ਜਾਵੋਗੇ।'

ਪਾਠਕਾਂ ਦਾ ਘੇਰਾ ਵੱਡਾ ਕਰਨ ਲਈ ਵਪਾਰਕ ਪਰਚੇ ਜੋ ਕੁੱਝ ਸਮਾਜ ਵਿਚ ਪਾਪੂਲਰ ਹੋਵੇ ਉਸ ਨੂੰ ਹੀ ਪੇਸ਼ ਕਰਦੇ ਹਨ। ਉਸ ਵਿਰੁੱਧ ਜਾਂ ਉਸਤੋਂ ਇਲਾਵਾ ਹੋਰ ਗੱਲ ਨਹੀਂ ਕਰਦੇ। ਪੰਜਾਬ ਵਿਚ ਪਿਛਲੇ ਦਸਾਂ–ਪੰਦਰਾਂ ਸਾਲਾਂ ਦੌਰਾਨ ਚੱਲੀ ਖਾਲਿਸਤਾਨ ਦੀ ਲਹਿਰ ਨੇ ਪੰਜਾਬੀ ਸਾਹਿਤਕ, ਸਭਿਆਚਾਰ ਅਤੇ ਸਿਆਸਤ ਦਾ ਮਾਹੌਲ ਸਿੱਖ ਧਾਰਮਿਕਤਾ ਵਾਲਾ ਕਰ ਦਿੱਤਾ ਹੈ। ਨਤੀਜੇ ਵੱਜੋਂ ਸਾਰੀਆਂ ਅਖ਼ਬਾਰਾਂ ਵਿਚ 90% ਤੋਂ ਵੱਧ ਸਮੱਗਰੀ ਸਿੱਖ ਧਰਮ ਸੰਬੰਧੀ ਛਪਦੀ ਹੈ। ਬਦਲੇ ਵਿਚ ਇਹਨਾਂ ਅਖ਼ਬਾਰਾਂ ਨੂੰ ਲੱਖਾਂ ਡਾਲਰਾਂ ਦੇ ਇਸ਼ਤਿਹਾਰ ਗੁਰਦੁਆਰਿਆਂ ਅਤੇ ਹੋਰ ਧਾਰਮਿਕ ਸੰਸਥਾਵਾਂ ਤੋਂ ਮਿਲਦੇ ਹਨ। ਆਪਣੇ ਵਪਾਰਕ ਖ਼ਾਸੇ ਕਾਰਨ ਇਹ ਅਖ਼ਬਾਰ ਜੇ ਚਾਹੁਣ ਤਾਂ ਵੀ ਕਿਸੇ ਹੋਰ ਪਾਸੇ ਵੱਲ ਧਿਆਨ ਨਹੀਂ ਦੇ ਸਕਦੇ।

ਵਪਾਰਕ ਪਰਚਿਆਂ ਲਈ ਇਸ਼ਤਿਹਾਰ ਹਾਸਿਲ ਕਰਨਾ ਸੱਭ ਤੋਂ ਮਹੱਤਵਪੂਰਨ ਗੱਲ ਹੁੰਦੀ ਹੈ। ਇਸ਼ਤਿਹਾਰ ਦੀ ਖਾਤਿਰ ਉਹ ਹਰ ਕਿਸਮ ਦੇ ਸਮਝੌਤੇ ਕਰਨ ਤੱਕ ਚਲੇ ਜਾਂਦੇ ਹਨ। ਉਦਾਹਰਣ ਵਜੋਂ, 'ਹੋਣ ਵਾਲੇ ਬੱਚੇ ਦੇ ਲਿੰਗ ਚੋਣ ਸੰਬੰਧੀ ਇਸ਼ਤਿਹਾਰ' ਪੰਜਾਬੀ ਅਖ਼ਬਾਰਾਂ ਪੂਰੇ ਪੂਰੇ ਸਫੇ ਦੇ ਛਾਪਦੀਆਂ ਹਨ, ਉਂਜ ਜਾਤੀ ਪੱਧਰ 'ਤੇ ਭਾਵੇਂ ਇਨ੍ਹਾਂ ਅਖ਼ਬਾਰਾਂ ਦੇ ਸੰਪਾਦਕ ਜਾਂ ਮਾਲਕ ਅਜਿਹਾ ਕਰਨ ਦੇ ਹੱਕ ਵਿਚ ਨਾ ਹੋਣ।

ਵਪਾਰਕ ਪਰਚਿਆਂ ਬਾਰੇ ਤੀਸਰੀ ਗੱਲ ਜੋ ਸਮਝਣ ਵਾਲੀ ਹੈ ਉਹ

ਬਾਕੀ ਸਫਾ 22 'ਤੇ

# ਪੰਜਾਬੀ ਲਿਪੀ ਬਾਰੇ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਦਾ ਲੇਖ: ਕੁਝ ਟਿੱਪਣੀਆਂ

## ਮੰਗਤ ਰਾਏ ਭਾਰਦਵਾਜ

'ਵਤਨ' ਦੇ ਜੁਲਾਈ-ਸਤੰਬਰ 1993 ਦੇ ਅੰਕ ਵਿਚ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਦੇ ਲੇਖ "ਪੰਜਾਬੀ ਭਾਸ਼ਾ ਵਿਚ ਲਿਖਣ ਲਈ ਕਿਹੜੀ ਲਿਪੀ ਢੁਕਵੀਂ ਹੈ?" ਵਿਚ ਪ੍ਰਗਟਾਏ ਵਿਚਾਰਾਂ ਬਾਰੇ ਆਪਣੇ ਕੁਝ ਸ਼ੰਕੇ ਮੈਂ 'ਵਤਨ' ਦੇ ਅਕਤੂਬਰ-ਦਸੰਬਰ ਅੰਕ ਵਿਚ ਪ੍ਰਗਟਾਏ। ਮੇਰੇ ਲੇਖ ਦਾ "ਕੁਝ ਟੈਕਨੀਕਲ" "ਪ੍ਰਤਿਉੱਤਰ" ਡਾਕਟਰ ਸਾਹਬ ਨੇ ਜਨਵਰੀ-ਮਾਰਚ 1994 ਦੇ ਅੰਕ ਵਿਚ ਦਿੱਤਾ। ਆਸ ਹੈ ਕਿ ਇਸ ਲੇਖ ਨੇ ਆਮ ਪਾਠਕਾਂ ਦੇ ਮਨਾਂ ਨੂੰ ਇੰਨਾ ਰੁਸ਼ਨਾ ਦਿੱਤਾ ਹੋਏਗਾ ਕਿ ਇਹਦਾ "ਕੁਝ ਹੋਰ ਟੈਕਨੀਕਲ" "ਪ੍ਰਤਿਪ੍ਰਤਿਉੱਤਰ" ਦੇਣ ਦੀ ਹੁਣ ਕੋਈ ਲੋੜ ਹੀ ਨਹੀਂ। ਇਸ ਲਈ ਕੁਝ ਟਿੱਪਣੀਆਂ ਹੀ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਰਿਹਾ ਹਾਂ। ਇਹ ਟਿੱਪਣੀਆਂ ਲਿਖਦਿਆਂ ਮੈਨੂੰ ਕੋਈ ਖ਼ੁਸ਼ੀ ਨਹੀਂ ਹੋ ਰਹੀ। ਮੈਂ ਤਾਂ ਜਾਣ ਬੁੱਝ ਕੇ ਹੀ ਪਿਛਲੇ ਅੰਕ ਵਿਚ ਡਾਕਟਰ ਸਾਹਬ ਦੇ ਲੇਖ ਬਾਰੇ ਦੋ ਤਿੰਨ ਲਾਈਨਾਂ ਤੋਂ ਵੱਧ ਕੁਝ ਨਹੀਂ ਸੀ ਲਿਖਿਆ – ਇਸ ਆਸ ਨਾਲ ਕਿ ਕੋਈ ਸਿਆਣਾ ਪਾਠਕ ਇਸ ਲੇਖ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਦੇਵੇਗਾ, ਅਤੇ ਇਹ ਅਸ਼ੁਭ ਕੰਮ ਮੈਨੂੰ ਨਹੀਂ ਕਰਨਾ ਪਏਗਾ। ਪਰ ਮੇਰੀ ਇਹ ਆਸ ਪੂਰੀ ਨਹੀਂ ਹੋਈ। ਲਗਦਾ ਹੈ 'ਵਤਨ' ਦੇ ਪਾਠਕਾਂ ਦੀ ਰੁਚੀ ਸਹੀ ਭਾਸ਼ਾਵਿਗਿਆਨ ਵਿਚ ਹਾਲੇ ਘੱਟ ਹੈ। ਹੋ ਸਕਦਾ ਹੈ ਕਿ ਮੇਰਾ ਇਹ ਸੰਖੇਪ ਜਿਹਾ ਲੇਖ ਕਈਆਂ ਨੂੰ ਚੰਗਾ ਨਾ ਲੱਗੇ। ਪਰ ਮੈਂ ਸੱਚੀ ਗੱਲ ਕਹਿਣ ਲਈ ਉਹਨਾਂ ਤੋਂ ਪਹਿਲਾਂ ਹੀ ਖਿਮਾ ਜਾਚਨਾ ਕਰ ਲੈਂਦਾ ਹਾਂ।

### "ਰੋਸ, ਆਕ੍ਰੋਸ਼" ਅਤੇ "ਅਪ੍ਰਾਸੰਗਿਕ ਉਪਹਾਸ"

ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਨੂੰ ਮੇਰੇ ਲੇਖ ਵਿਚ "ਰੋਸ ਤੇ ਆਕ੍ਰੋਸ਼" ਅਤੇ "ਅਪ੍ਰਾਸੰਗਿਕ ਉਪਹਾਸ" ਦਿਸੇ। ਬਿਲਕੁਲ ਠੀਕ ਹੈ। "ਗੁਰਮੁਖੀ ਲਿਪੀ ਵਿਚ ਜਿੰਨੀਆਂ ਆਵਾਜ਼ਾਂ ਹਨ ਉੱਨੇ ਹੀ ਅੱਖਰ ਹਨ" ਅਤੇ "ਗੁਰਮੁਖੀ ਲਿਪੀ ਵਿਚ ਜਿਵੇਂ ਲਿਖੋ ਤਿਵੇਂ ਪੜ੍ਹ ਸਕਦੇ ਹੋ, ਅਤੇ ਜਿਵੇਂ ਬੋਲੋ ਤਿਵੇਂ ਲਿਖ ਸਕਦੇ ਹੋ" – ਇਹ ਸ਼ਾਵਨਵਾਦੀ ਦਾਅਵੇ ਪਿਛਲੀ ਸਦੀ ਦੇ ਅਖ਼ੀਰ ਵਿਚ ਘੜੇ ਗਏ, ਜਦੋਂ ਪੰਜਾਬ ਵਿਚ ਚਲੀਆਂ ਕੁਝ ਬਦ-ਕਿਸਮਤ ਫਿਰਕੂ ਲਹਿਰਾਂ ਵਲੋਂ ਫੈਲਾਈ ਹੋਈ ਜ਼ਹਿਰ ਦੇ ਅਸਰ ਕਾਰਨ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਸਿੱਖਾਂ ਨਾਲ, ਹਿੰਦੀ ਬੋਲੀ ਅਤੇ ਦੇਵਨਾਗਰੀ ਲਿਪੀ ਹਿੰਦੂਆਂ ਨਾਲ, ਅਤੇ ਉਰਦੂ ਬੋਲੀ ਅਤੇ ਇਹਦੀ ਲਿਪੀ ਮੁਸਲਮਾਨਾਂ ਨਾਲ ਬੱਝ ਗਈਆਂ। ਇਸ ਦਾਅਵੇ ਦਾ ਆਧਾਰ ਨਿਰੋਲ ਫਿਰਕੂ ਸੀ, ਅਤੇ ਇਹਦਾ ਵਿਗਿਆਨਕ ਆਧਾਰ ਕੋਈ ਹੈ ਹੀ ਨਹੀਂ। ਇਸ ਫਿਰਕੂ ਜ਼ਹਿਰ ਦਾ ਅਸਰ ਹਾਲੇ ਤਕ ਨਹੀਂ ਗਿਆ। ਕੋਈ ਖਰੜ ਗਿਆਨੀ ਜਾਂ ਘਰੜ ਭਾਸ਼ਾਵਿਗਿਆਨੀ ਇਹ ਦਾਅਵਾ ਕਰੀ ਜਾਏ (ਬਥੇਰੇ ਕਰੀ ਵੀ ਜਾ ਰਹੇ ਹਨ) ਤਾਂ ਕੋਈ ਫਰਕ ਨਹੀਂ ਪੈਂਦਾ। ਪਰ ਜਦ ਕੋਈ ਡਾਕਟਰੀ ਦੀ ਕਲਗੀ ਸਜਾਉਣ ਵਾਲਾ ਜਾਣਿਆ ਪਛਾਣਿਆ ਵਿਦਵਾਨ ਇਹ ਦਾਅਵਾ ਆਪਣੇ "ਅਕਾਦਮਿਕ ਅਤੇ ਵਿਗਿਆਨਕ ਲੀਹਾਂ ਤੇ ਲਿਖੇ ਲੇਖ" ਵਿਚ ਕਰੇ ਤਾਂ ਮੈਨੂੰ "ਰੋਸ ਅਤੇ ਆਕ੍ਰੋਸ਼" ਤੋਂ ਇਲਾਵਾ ਹੋਰ ਕੁਝ ਆ ਹੀ ਨਹੀਂ ਸਕਦਾ। ਮੇਰੇ ਲੇਖ ਵਿਚ "ਉਪਹਾਸ" ਜ਼ਰੂਰ ਸੀ, ਪਰ ਇਹ "ਅਪ੍ਰਾਸੰਗਿਕ" ਨਹੀਂ ਸੀ। ਡਾਕਟਰ ਸਾਹਬ ਖ਼ੁਦ ਮੰਨਦੇ ਹਨ ਕਿ ਉਹਨਾਂ ਦਾ ਲੇਖ "ਜਰਨਲਿਸਟਿਕ ਸ਼ੈਲੀ" ਵਿਚ ਲਿਖਿਆ ਗਿਆ ਸੀ। (ਪਰ ਤਦ ਇਹ "ਅਕਾਦਮਿਕ ਅਤੇ ਵਿਗਿਆਨਕ ਲੀਹਾਂ 'ਤੇ" ਕਿਵੇਂ ਲਿਖਿਆ ਗਿਆ?) ਮੇਰਾ ਜਵਾਬ ਵੀ ਇਸੇ ਸ਼ੈਲੀ ਵਿਚ ਸੀ। ਜਦ ਮੈਨੂੰ "ਰੋਸ ਤੇ ਆਕ੍ਰੋਸ਼" ਆਉਣ ਤਾਂ "ਉਪਹਾਸ" ਕਰਨਾ ਮੇਰੀ "ਜਰਨਲਿਸਟਿਕ ਸ਼ੈਲੀ" ਹੈ। ਮੈਂ ਵੀ ਪੂਰੀ ਸਦਭਾਵਨਾ ਨਾਲ ਖ਼ੁਦ ਨੂੰ ਪੰਜਾਬੀ ਭਾਸ਼ਾ ਦਾ ਹਿਤੈਸ਼ੀ ਮੰਨਦਾ ਹਾਂ। ਮੈਂ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਅਕਾਦਮਿਕ ਅਤੇ ਵਿਗਿਆਨਕ ਅਧਿਐਨ ਕੀ ਹੁੰਦਾ ਹੈ। ਮੈਂ ਇਹਨਾਂ ਗ਼ਲਤ ਅਤੇ ਬੇ-ਬੁਨਿਆਦ ਦਾਅਵਿਆਂ ਨੂੰ ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਦੇ ਵਿਗਿਆਨਕ ਅਧਿਐਨ ਦੇ ਰਾਹ ਵਿਚ ਸਭ ਤੋਂ ਵੱਡੇ ਰੋੜੇ ਸਮਝਦਾ ਹਾਂ। ਡਾਕਟਰ ਸਾਹਬ ਪਹਿਲਾਂ ਤਾਂ ਇਹ ਸ਼ਾਵਨਵਾਦੀ ਦਾਅਵੇ ਕਰ ਬੈਠੇ। ਪਰ ਜਦ ਮੈਂ ਸ਼ੰਕੇ ਪ੍ਰਗਟ ਕੀਤੇ ਤਾਂ ਆਪਣੀ ਕਮਜ਼ੋਰੀ ਨੂੰ ਲੁਕੋਣ ਲਈ ਉਹਨਾਂ ਨੇ ਵਿਦਵਤਾ ਦਾ ਧੂੰਆਂਧਾਰ ਪ੍ਰਗਟਾਵਾ ਕਰਕੇ ਅਤੇ ਸਾਰੀ ਸਮੱਸਿਆ ਦਾ ਰਹੱਸੀਕਰਨ (ਮਿਸਟੀਫੀਕੇਸ਼ਨ) ਕਰਕੇ ਗੱਲ ਗੋਲ ਕਰਨ ਦੀ ਕੋਸ਼ਿਸ਼ ਕੀਤੀ। ਕਿਸੇ ਵਿਦਵਾਨ ਦੀ ਯੋਗਤਾ ਦੀ ਪਛਾਣ ਇਸ ਗੱਲ ਤੋਂ ਨਹੀਂ ਹੁੰਦੀ ਕਿ ਉਹ ਕਿੰਨੇ ਕੁ ਔਖੇ ਸ਼ਬਦ ਵਰਤ ਕੇ ਲੋਕਾਂ ਨੂੰ ਭੰਬਲਭੂਸੇ ਵਿਚ ਪਾ ਸਕਦਾ ਹੈ, ਆਪਣੀਆਂ ਅਤੇ ਦੂਸਰਿਆਂ ਦੀਆਂ ਕਿਤਾਬਾਂ ਵਿਚੋਂ ਕਿੰਨੇ ਕੁ ਹਵਾਲੇ ਦੇ ਸਕਦਾ ਹੈ, ਅਤੇ ਕਿੰਨੇ ਕੁ ਦਾਅਵੇ ਕਰ ਸਕਦਾ ਹੈ ਕਿ ਉਹਦੀਆਂ ਲਿਖਤਾਂ ਵਿਚੋਂ ਹਵਾਲੇ ਕਿਹਨੇ ਕਿਹਨੇ ਕਿੱਥੇ ਕਿੱਥੇ ਦਿੱਤੇ। ਉਹਦੀ ਯੋਗਤਾ ਇਸ ਗੱਲ ਤੋਂ ਪਰਖੀ ਜਾਂਦੀ ਹੈ ਕਿ ਸ੍ਰੋਤਿਆਂ ਜਾਂ ਪਾਠਕਾਂ ਤਕ ਆਪਣੀ ਗੱਲ ਉਹ ਕਿੰਨੀ ਸਪਸ਼ਟਤਾ ਨਾਲ ਪਹੁੰਚਾਉਂਦਾ ਹੈ। ਡਾਕਟਰ ਸਾਹਬ ਕਹਿੰਦੇ ਹਨ ਕਿ ਮੇਰੇ (ਭਾਰਦਵਾਜ) ਵਲੋਂ "ਕੇਂਦਰੀ ਬਿੰਦੂ ਤੇ ਢੁੱਕਵਾਂ ਚਾਨਣਾ ਨਾ ਪਾਉਣ ਕਰ ਕੇ ਅਤੇ ਵਿਚਾਰਾਂ ਦੇ ਮੁੰਤਸ਼ਿਰ ਹੋਣ ਕਰ ਕੇ ਪਾਠਕਾਂ ਦੇ ਮਨਾਂ ਵਿਚ ਸਗੋਂ ਹੋਰ ਭੁਲੇਖੇ ਵਧੇ ਹਨ।" ਹੋ ਸਕਦਾ ਹੈ ਅਜਿਹ ਹੀ ਹੋਇਆ ਹੋਵੇ, ਪਰ ਜੇ ਡਾਕਟਰ ਸਾਹਬ ਦੇ "ਕੁਝ ਟੈਕਨੀਕਲ" "ਪ੍ਰਤਿਉੱਤਰ" ਨਾਲ ਮੇਰੇ ਪਾਏ ਭੁਲੇਖੇ ਦੂਰ ਹੋ ਗਏ ਹੋਣ ਜਾਂ ਘਟ ਗਏ ਹੋਣ ਤਾਂ ਬੜੀ ਹੀ ਖ਼ੁਸ਼ੀ ਦੀ ਗੱਲ ਹੈ। ਮੈਂ ਇਸ ਗੱਲ ਦਾ ਨਿਰਣਾ ਪਾਠਕਾਂ ਤੇ ਹੀ ਛੱਡਦਾ ਹਾਂ।

### ਸਮੱਸਿਆ ਕੀ ਹੈ?

ਪੰਜਾਬੀ ਭਾਸ਼ਾ ਲਿਖਣ ਲਈ ਗੁਰਮੁਖੀ ਲਿਪੀ ਦੀ ਵਰਤੋਂ ਬਾਰੇ ਮੈਨੂੰ ਕੋਈ ਇਤਰਾਜ਼ ਨਹੀਂ। ਇਹ ਲਿਪੀ ਆਦਰਸ਼ ਜਾਂ ਸੰਪੂਰਨ ਨਹੀਂ, ਪਰ ਪੰਜਾਬੀ ਲਿਖਣ ਲਈ ਬਾਕੀ ਲਿਪੀਆਂ ਨਾਲੋਂ ਇਹ ਵੱਧ ਠੀਕ ਹੈ। ਮੈਂ

ਇਹਦੇ ਅੱਖਰਾਂ ਦੀ ਗਿਣਤੀ ਵਿਚ ਕੋਈ ਘਾਟਾ ਵਾਧਾ ਵੀ ਨਹੀਂ ਕਰਨਾ ਚਾਹੁੰਦਾ। ਇਹ ਜਿਵੇਂ ਵੀ ਹੈ, ਠੀਕ ਹੈ। ਇਹਦੇ ਬਹੁਤੇ ਅੱਖਰਾਂ ਦਾ ਪੰਜਾਬੀ ਬੋਲੀ ਦੀਆਂ ਆਵਾਜ਼ਾਂ ਨਾਲ ਸਿੱਧਾ ਸੰਬੰਧ ਹੈ। ਸੰਸਾਰ ਵਿਚ ਅਜਿਹੀਆਂ ਕਈ ਲਿਪੀਆਂ ਵੀ ਹਨ (ਮਿਸਾਲ ਦੇ ਤੌਰ 'ਤੇ ਰੋਮਨ ਲਿਪੀ) ਜਿਹਨਾਂ ਦਾ ਆਵਾਜ਼ਾਂ ਨਾਲ ਸਿੱਧਾ ਸੰਬੰਧ ਬਹੁਤ ਹੀ ਘੱਟ ਹੈ। ਉਹ ਵੀ ਆਪਣਾ ਕੰਮ ਕਰੀ ਜਾਂਦੀਆਂ ਹਨ। ਇਤਰਾਜ਼ ਤਾਂ ਮੈਨੂੰ ਸਿਰਫ਼ ਉਪਰ ਲਿਖੇ ਫਿਰਕੂ, ਸ਼ਾਵਨਵਾਦੀ ਅਤੇ ਭੁਲੇਖਾ-ਪਾਊ ਦਾਅਵਿਆਂ ਤੇ ਹੈ, ਜਿਹੜੇ ਪੰਜਾਬੀ ਬੋਲੀ ਅਤੇ ਗੁਰਮੁਖੀ ਲਿਪੀ ਬਾਰੇ ਵਿਗਿਆਨਕ ਅਧਿਐਨ ਦੇ ਰਾਹ ਵਿਚ ਰੁਕਾਵਟ ਹਨ। ਵਿਗਿਆਨਕ ਖੋਜ ਅਤੇ ਅਧਿਐਨ ਸਮੱਸਿਆਵਾਂ ਤੋਂ ਸ਼ੁਰੂ ਹੁੰਦੇ ਹਨ। ਜੇ ਸ਼ਾਵਨਵਾਦੀ ਭਾਵਨਾਵਾਂ ਕਾਰਨ ਸਮੱਸਿਆਵਾਂ ਦੀ ਹੋਂਦ ਨੂੰ ਹੀ ਨਕਾਰ ਦਿੱਤਾ ਜਾਏ ਤਾਂ ਵਿਗਿਆਨਕ ਅਧਿਐਨ ਦਾ ਰੱਬ ਹੀ ਰਾਖਾ ਹੈ।

ਸਮੱਸਿਆ ਇਹ ਹੈ ਕਿ ਬਾਕੀ ਭਾਰਤੀ ਭਾਸ਼ਾਵਾਂ ਵਾਂਗ ਪੂਰਬੀ ਪੰਜਾਬੀ ਵਿਚ ਵੀ ਕੁਝ ਖ਼ਾਸ ਆਵਾਜ਼ਾਂ ਹੁੰਦੀਆਂ ਸਨ। ਪਰ ਹੁਣ ਉਹ ਰੱਬ ਨੂੰ ਪਿਆਰੀਆਂ ਹੋ ਗਈਆਂ ਹਨ। ਇਹਨਾਂ ਨੂੰ "ਨਾਦੀ ਮਹਾਂਪ੍ਰਾਣ" ਜਾਂ "ਘੋਸ਼ ਮਹਾਂਪ੍ਰਾਣ" ਵਿਅੰਜਨ ਆਖਿਆ ਜਾਂਦਾ ਹੈ। ਕਿਉਂਕਿ ਇਹਨਾਂ ਦੇ ਉਚਾਰਨ ਸਮੇਂ ਗਲੇ ਦੇ ਸੁਰ ਤੰਤੂ (ਵੋਕਲ ਕੋਰਡਸ) ਕੰਬਦੇ ਹਨ ਇਸ ਲਈ ਇਹ ਆਵਾਜ਼ਾਂ "ਘੋਸ਼" ਜਾਂ "ਨਾਦੀ" ਹਨ। (ਭਾਸ਼ਾਵਿਗਿਆਨ ਵਿਚ "ਘੋਸ਼" ਜਾਂ "ਨਾਦ" ਸੁਰ ਤੰਤੂਆਂ ਦੇ ਕੰਬਣ ਨਾਲ ਪੈਦਾ ਹੋਣ ਵਾਲੀ ਗੂੰਜ ਨੂੰ ਆਖਦੇ ਹਨ)। ਇਹਨਾਂ ਛੇ ਆਵਾਜ਼ਾਂ ਨੂੰ ਬੋਲਣ ਵੇਲੇ ਸਾਹ ਵੀ ਜ਼ੋਰ ਨਾਲ ਬਾਹਰ ਕੱਢਿਆ ਜਾਂਦਾ ਹੈ, ਇਸ ਲਈ ਇਹ ਆਵਾਜ਼ਾਂ "ਮਹਾਂਪ੍ਰਾਣ" ਵੀ ਹਨ ("ਪ੍ਰਾਣ" ਦਾ ਅਰਥ ਸਾਹ ਹੁੰਦਾ ਹੈ)। ਕੁਝ ਸਦੀਆਂ ਪਹਿਲਾਂ ਪੰਜਾਬੀ ਵਿਚ 'ਘ', 'ਝ', 'ਢ', 'ਧ', 'ਭ' ਅਤੇ 'ਹ' – ਛੇ "ਨਾਦੀ ਮਹਾਂਪ੍ਰਾਣ" ਧੁਨੀਆਂ ਵੀ ਹੁੰਦੀਆਂ ਸਨ। ਪਰ ਮਗਰੋਂ ਜਾ ਕੇ "ਨਾਦ" ਅਤੇ "ਮਹਾਂਪ੍ਰਾਣ" ਦਾ ਤਲਾਕ ਹੋ ਗਿਆ। ਅਜਿਹਾ ਭਾਣਾ ਦੁਨੀਆਂ ਦੀਆਂ ਹੋਰ ਵੀ ਕਈ ਬੋਲੀਆਂ ਵਿਚ ਵਰਤਿਆ, ਪਤਾ ਨਹੀਂ ਇਹਨਾਂ ਦੀ ਦੋਹਾਂ ਦੀ ਆਪਸ ਵਿਚ ਕਿਉਂ ਨਹੀਂ ਨਿਭਦੀ। (ਪਾਠਕ ਖਿਮਾ ਕਰਨ, ਮੇਰੀ "ਉਪਹਾਸ" ਕਰਨ ਦੀ ਆਦਤ ਜਾਂਦੀ ਨਹੀਂ।) 'ਘ', 'ਝ', 'ਢ', 'ਧ', 'ਭ' ਦਾ ਉਚਾਰਣ ਕ੍ਰਮਵਾਰ 'ਗ੍ਹ', 'ਜ੍ਹ', 'ਡ੍ਹ', 'ਦ੍ਹ', 'ਬ੍ਹ' ਹੁੰਦਾ ਸੀ। ਪੱਛਮੀ ਪੰਜਾਬ ਦੇ ਬਹੁਤੇ ਇਲਾਕਿਆਂ ਵਿਚ ਇਹ ਉਚਾਰਣ ਹਾਲੇ ਵੀ ਕਾਇਮ ਹੈ, ਪਰ ਪੂਰਬੀ ਅਤੇ ਕੇਂਦਰੀ ਪੰਜਾਬੀ ਵਿਚੋਂ 'ਹ' ਤੋਂ ਇਲਾਵਾ ਬਾਕੀ ਸਾਰੀਆਂ "ਨਾਦੀ ਮਹਾਂਪ੍ਰਾਣ" ਆਵਾਜ਼ਾਂ ਖ਼ਤਮ ਹੋ ਗਈਆਂ ਹਨ। ਬਹੁਤੇ ਸ਼ਬਦਾਂ ਵਿਚ 'ਹ' ਵੀ ਨਹੀਂ ਰਿਹਾ। ਲਗਦਾ ਹੈ ਕਿ ਪੰਜਾਬੀ ਭਾਸ਼ਾ ਵਿਚ ਵੀ ਇਹ ਹੁਣ ਕੁਝ ਹੀ ਸਦੀਆਂ ਦਾ ਪ੍ਰਾਹੁਣਾ ਹੈ। 'ਗ੍ਹ', 'ਜ੍ਹ', 'ਡ੍ਹ', 'ਦ੍ਹ', 'ਬ੍ਹ' ਉਚਾਰਣ ਵਿਚੋਂ ਕਈ ਥਾਵਾਂ ਤੇ "ਨਾਦ" ਅਤੇ "ਮਹਾਂਪ੍ਰਾਣ" ਹਿੱਸਾ ਗੁੰਮ ਹੋਇਆ ਅਤੇ ਇਹ ਆਵਾਜ਼ਾਂ ਕ੍ਰਮਵਾਰ 'ਗ', 'ਜ', 'ਡ', 'ਦ', 'ਬ' ਬਣ ਗਈਆਂ। ਕਈ ਥਾਵਾਂ ਤੇ "ਨਾਦ" ਅਤੇ "ਮਹਾਂਪ੍ਰਾਣ" ਦੋਵੇਂ ਚਲੇ ਗਏ, ਅਤੇ ਇਹ ਆਵਾਜ਼ਾਂ ਕ੍ਰਮਵਾਰ 'ਕ', 'ਚ', 'ਟ', 'ਤ', 'ਪ' ਬਣ ਗਈਆਂ। ਜਿਹਨਾਂ ਸ਼ਬਦਾਂ ਵਿਚੋਂ ਇਹ ਆਵਾਜ਼ਾਂ ਗੁੰਮ ਹੋਈਆਂ ਹਨ ਉਹਨਾਂ ਵਿਚ ਦੋ ਸੁਰਾਂ (ਉੱਚੀ ਤੇ ਨੀਵੀਂ) ਵਿਚੋਂ ਇਕ ਆ ਗਈ ਹੈ। 'ਹ' ਕਈ ਥਾਵਾਂ 'ਤੇ ਕਾਇਮ ਰਿਹਾ, ਪਰ ਜਿਥੋਂ ਇਹ ਗੁੰਮ ਹੋਇਆ ਉੱਥੇ ਇਹਦੀ ਥਾਂ ਤੇ ਸਿਰਫ਼ ਸੁਰ ਹੀ ਆਈ। ਇਹ ਹੈ ਸੌਖੀ ਤੇ ਸੰਖੇਪ ਜਿਹੀ ਕਹਾਣੀ ਜਿਹਨੂੰ ਸੁਣਾਉਣ ਲਈ ਡਾਕਟਰ ਸਾਹਬ ਨੇ ਵਾਹਵਾ ਨਕਸ਼ਾ-ਨਵੀਸੀ ਕੀਤੀ, ਅਤੇ ਸੰਸਕ੍ਰਿਤ ਅਤੇ ਅੰਗਰੇਜ਼ੀ ਦੇ ਮੋਟੇ ਮੋਟੇ ਸ਼ਬਦ ਵਰਤ ਕੇ ਆਪਣੀ ਵਿਦਵਤਾ ਦਾ ਡੰਕਾ ਵਜਾਇਆ। ਇਹ ਸਭ ਕੁਝ ਕਰਨਾ ਮੈਨੂੰ ਵੀ ਆਉਂਦਾ ਹੈ, ਪਰ ਮੇਰਾ ਮੰਤਵ ਤਾਂ ਸਿਰਫ਼ ਆਪਣੀ ਗੱਲ ਪਾਠਕਾਂ ਤਕ ਪਹੁੰਚਾਉਣਾ ਹੈ।

(ਪੂਰਬੀ) ਪੰਜਾਬੀ ਵਿਚੋਂ ਘੱਟੋ ਘੱਟ ਪੰਜ ਆਵਾਜ਼ਾਂ ਗੁੰਮ ਹੋਈਆਂ ਅਤੇ ਦੋ ਸੁਰਾਂ ਆਈਆਂ। ਪਰ ਪੁਰਾਣੀ ਲਿਪੀ ਕਾਇਮ ਰਹੀ। ਹੁਣ ਲਿਪੀ ਵਿਚ ਪੁਰਾਣੇ ਪੰਜ ਅੱਖਰਾਂ ਦੀ ਆਪਣੀ ਕੋਈ ਆਵਾਜ਼ ਨਹੀਂ ਰਹੀ, ਕਿਉਂਕਿ ਇਹਨਾਂ ਅੱਖਰਾਂ ਦੀਆਂ ਨਵੀਆਂ ਆਵਾਜ਼ਾਂ ਲਈ ਲਿਪੀ ਵਿਚ ਅੱਖਰ ਪਹਿਲਾਂ ਹੀ ਮੌਜੂਦ ਸਨ। ਦੋ ਨਵੀਆਂ ਸੁਰਾਂ ਬੋਲੀ ਵਿਚ ਆ ਗਈਆਂ, ਜਿਹਨਾਂ ਲਈ ਲਿਪੀ ਵਿਚ ਕੋਈ ਅੱਖਰ ਹੈ ਹੀ ਨਹੀਂ। ਇਹ ਠੀਕ ਹੈ ਬਹੁਤੇ ਥਾਵਾਂ 'ਤੇ ਅੱਖਰ ਦੀ ਸਥਿਤੀ ਤੋਂ ਹੀ ਉਹਦੀ ਆਵਾਜ਼ ਦਾ ਪਤਾ ਲੱਗ ਜਾਂਦਾ ਹੈ। ਪਰ ਇਹਦਾ ਮਤਲਬ ਇਹ ਬਿਲਕੁਲ ਨਹੀਂ ਕਿ "ਜਿੰਨੀਆਂ ਆਵਾਜ਼ਾਂ ਹਨ ਉਨੇ ਹੀ ਅੱਖਰ ਹਨ"। ਕਿਸੇ ਭਾਸ਼ਾਵਿਗਿਆਨੀ ਅਤੇ ਡਾਕਟਰ ਅਖਵਾਉਣ ਵਾਲੇ ਵਿਅਕਤੀ ਤੋਂ ਇਹ ਆਸ ਨਹੀਂ ਰੱਖੀ ਜਾਂਦੀ ਕਿ ਪਹਿਲਾਂ ਤਾਂ ਉਹ ਅਜਿਹੀ ਗ਼ੈਰ-ਭਾਸ਼ਾਵਿਗਿਆਨਕ ਗੱਲ ਕਰੇ ਅਤੇ ਬਾਅਦ ਵਿਚ ਸਾਰੇ ਮਾਮਲੇ ਨੂੰ ਧੁੰਦਲਾ ਅਤੇ ਗੋਲ ਮਟੋਲ ਕਰ ਜਾਏ। ਇੱਕ ਹੋਰ ਸਰਾਸਰ ਗ਼ਲਤ ਗੱਲ ਉਹਨਾਂ ਨੇ ਇਹ ਵੀ ਕੀਤੀ ਕਿ ਜਿਹੜੀਆਂ ਆਵਾਜ਼ਾਂ (ਪੂਰਬੀ) ਪੰਜਾਬੀ ਵਿਚ ਹਨ ਹੀ ਨਹੀਂ ਉਹਨਾਂ ਨੂੰ ਵੀ ਉਹ ਪੰਜਾਬੀ ਦੇ ਫ਼ੋਨੀਮ ਜਾਂ ਧੁਨੀਮ ਆਖ ਗਏ। ਇਹਦੇ ਨਾਲ ਆਮ ਪਾਠਕ ਤਾਂ ਸੰਤੁਸ਼ਟ ਹੋ ਸਕਦੇ ਹਨ (ਕਿਉਂਕਿ ਉਹਨਾਂ ਵਿਚਾਰਿਆਂ ਨੂੰ ਇਹਨਾਂ ਟੈਕਨੀਕਲ ਗੱਲਾਂ ਦੀ ਸਮਝ ਕਿੱਥੇ?), ਪਰ ਮੈਂ ਡਾਕਟਰ ਸਾਹਬ ਨੂੰ ਚੈਲਿੰਜ ਕਰਦਾ ਹਾਂ ਕਿ ਉਹ ਮੈਨੂੰ ਕਿਸੇ ਸੰਸਾਰ-ਪ੍ਰਸਿੱਧ ਭਾਸ਼ਾ ਵਗਿਆਨੀ ਦੀ (ਕਿਸੇ ਅਣਜਾਣੇ ਢੁੱਕੀ ਤਿੱਕੀ ਭਾਸ਼ਾ ਵਿਗਿਆਨੀ ਦੀ ਨਹੀਂ) ਉਸ ਪ੍ਰਮਾਣਿਕ ਪੁਸਤਕ ਦਾ ਨਾਂ ਅਤੇ ਸਫ਼ਾ ਦੱਸਣ ਜਿੱਥੇ ਇਹ ਲਿਖਿਆ ਹੋਵੇ ਕਿ ਜਿਹੜੀਆਂ ਆਵਾਜ਼ਾਂ ਕਿਸੇ ਭਾਸ਼ਾ ਵਿਚ ਹਨ ਹੀ ਨਹੀਂ ਉਹ ਉਸ ਭਾਸ਼ਾ ਦੇ ਫ਼ੋਨੀਮ ਜਾਂ ਧੁਨੀਮ ਹੋ ਸਕਦੀਆਂ ਹਨ। ਤੀਹ ਚਾਲੀ ਸਾਲ ਪੁਰਾਣੇ ਫ਼ੋਨੀਮ ਸਿਧਾਂਤ ਨੂੰ (ਜਿਹੜਾ ਪੱਛਮੀ ਦੇਸ਼ਾਂ ਵਿਚ ਹੁਣ ਭਾਸ਼ਾਵਿਗਿਆਨ ਵਿਚ ਨਹੀਂ ਸਗੋਂ ਭਾਸ਼ਾਵਿਗਿਆਨ ਦੇ ਇਤਿਹਾਸ ਵਿਚ ਪੜ੍ਹਾਇਆ ਜਾਂਦਾ ਹੈ) ਚੁੱਕ ਕੇ ਗ਼ਲਤ ਢੰਗ ਨਾਲ ਪੇਸ਼ ਕਰਨਾ ਕੋਈ ਚੰਗੀ ਗੱਲ ਨਹੀਂ। ਇਕ ਪਾਸੇ ਤਾਂ ਡਾਕਟਰ ਸਾਹਬ ਸੁਰਾਂ ਵਾਲੀਆਂ ਆਵਾਜ਼ਾਂ 'ਘ', 'ਝ', 'ਢ', 'ਧ', 'ਭ' ਨੂੰ ਪੰਜਾਬੀ ਦੀਆਂ "ਨਿਖੇੜੂ ਮੂਲ ਧੁਨੀਆਂ" ਅਰਥਾਤ "ਫ਼ੋਨੀਮ" ਜਾਂ "ਧੁਨੀਮ" ਵੀ ਆਖੀ ਜਾਂਦੇ ਹਨ, ਅਤੇ ਦੂਸਰੇ ਪਾਸੇ ਪੰਜਾਬੀ ਸੁਰਾਂ ਨੂੰ ਪੰਜਾਬੀ ਦੇ ਅਖੰਡੀ ਧੁਨੀਮ ਵੀ ਆਖੀ ਜਾ ਰਹੇ ਹਨ। ਇਹ ਘੱਪਲਾ ਕਿਸੇ ਭਾਸ਼ਾਵਿਗਿਆਨੀ ਡਾਕਟਰ ਨੂੰ ਸ਼ੋਭਾ ਨਹੀਂ ਦਿੰਦਾ। ਮੈਂ ਇਹ ਟੈਕਨੀਕਲ ਗੱਲ ਕਰਨ ਲਈ ਪਾਠਕਾਂ ਤੋਂ ਖਿਮਾ ਚਾਹੁੰਦਾ ਹਾਂ। ਪਰ ਇਹ ਦੱਸਣਾ ਜ਼ਰੂਰੀ ਸੀ ਕਿ ਡਾਕਟਰ ਸਾਹਬ ਨੇ ਆਪਣੇ "ਕੁਝ ਟੈਕਨੀਕਲ" ਲੇਖ ਵਿਚ ਕੀ ਕੀਤਾ ਹੈ। ਹੁਣ ਜੇ ਮੇਰੇ ਮਨ ਵਿਚ "ਰੋਸ ਤੇ ਆਕ੍ਰੋਸ਼" ਨਾ ਆਵੇ ਤਾਂ ਹੋਰ ਕੀ ਆਵੇ?

ਅਨੇਕ ਸ਼ਬਦਾਂ ਵਿਚੋਂ 'ਹ' ਆਵਾਜ਼ ਦੇ ਗੁੰਮ ਹੋਣ ਨਾਲ ਕਈ ਥਾਵਾਂ ਤੇ ਪੰਜਾਬੀ ਸ਼ਬਦਜੋੜਾਂ ਅਤੇ ਉਚਾਰਣ ਦੇ ਸੰਬੰਧਾਂ ਦਾ ਸਾਰਾ ਹੀ ਮਾਮਲਾ ਬੁਰੀ ਤਰ੍ਹਾਂ ਗੜਬੜ ਹੋ ਜਾਂਦਾ ਹੈ। ਇੱਕ ਹੋਰ ਵਾਧੂ ਮੁਸੀਬਤ ਇਹ ਆ ਪਈ ਕਿ ਅੱਜ ਦੀ "ਕੇਂਦਰੀ ਟਕਸਾਲੀ" ਪੰਜਾਬੀ ਦੀਆਂ "ਐ" ਅਤੇ "ਔ" ਆਵਾਜ਼ਾਂ ਕਿਸੇ ਜ਼ਮਾਨੇ ਵਿਚ "ਸਯੁੰਕਤ ਸੁਰ" (ਇੱਕੋ ਸੁਰ ਜਿੰਨੇ ਸਮੇਂ ਵਿਚ ਤੇਜ਼ੀ ਨਾਲ ਬੋਲੇ ਜਾਂਦੇ ਦੋ ਸੁਰਾਂ ਦਾ ਜੋੜ) ਹੁੰਦੀਆਂ ਸਨ, ਅਤੇ ਕ੍ਰਮਵਾਰ "ਅਇ" ਅਤੇ "ਅਉ" ਬੋਲੀਆਂ ਜਾਂਦੀਆਂ ਸਨ। "ਸਹੁਰਾ" ਸ਼ਬਦ ਵਿਚੋਂ ਪਹਿਲਾਂ ਤਾਂ 'ਹ' ਦੀ ਆਵਾਜ਼ ਗਈ ਅਤੇ ਉੱਚੀ

ਸੁਰ ਆ ਗਈ। ਨਤੀਜਾ ਹੋਇਆ 'ਸਉਰਾ'+ਉੱਚੀ ਸੁਰ। ਫਿਰ 'ਅਉ' ਤੋਂ 'ਔ' ਬਣ ਕੇ ਇਸ ਸ਼ਬਦ ਦਾ ਉਚਾਰਣ 'ਸੌਰਾ'+ਉੱਚੀ ਸੁਰ ਹੋ ਗਿਆ। ਇਹੋ ਜਿਹੀ ਗੱਲ "ਪਹਿਰ" ਸ਼ਬਦ ਦੇ ਉਚਾਰਣ ਨਾਲ ਹੋਈ। ਪਹਿਲਾਂ 'ਪਇਰ'+ਉੱਚੀ ਸੁਰ ਅਤੇ 'ਪੈਰ'+ਉੱਚੀ ਸੁਰ। ਇਥੇ ਵੀ ਸ਼ਬਦ ਜੋੜਾਂ ਤੋਂ ਬਹੁਤ ਹੱਦ ਤੱਕ ਉਚਾਰਣ ਦਾ ਪਤਾ ਲਗ ਜਾਂਦਾ ਹੈ।

ਪਰ ਸ਼ਬਦ ਜੋੜਾਂ ਤੋਂ ਬਹੁਤ ਹੱਦ ਤਕ ਉਚਾਰਣ ਦਾ ਪਤਾ ਲਗ ਜਾਣਾ ਹੋਰ ਗੱਲ ਹੈ, ਅਤੇ ਇਹ ਦਾਅਵਾ ਕਰਨਾ ਬਿਲਕੁਲ ਵੱਖਰੀ ਅਤੇ ਭੁਲੇਖਾ-ਪਾਊ ਗੱਲ ਹੈ "ਪੰਜਾਬੀ ਵਿਚ ਜਿੰਨੀਆਂ ਆਵਾਜ਼ਾਂ ਹਨ ਉਨੇ ਹੀ ਅੱਖਰ ਹਨ" ਅਤੇ "ਪੰਜਾਬੀ ਵਿਚ ਜਿਵੇਂ ਬੋਲੋ ਤਿਵੇਂ ਲਿਖ ਸਕਦੇ ਹੋ, ਅਤੇ ਜਿਵੇਂ ਲਿਖੋ ਤਿਵੇਂ ਪੜ੍ਹ ਸਕਦੇ ਹੋ।"

"ਦਰੀਆ ਝੜਵਾ ਦੇ" ਅਤੇ "ਦਰੀਆਂ ਚੜ੍ਹਵਾ ਦੇ" ਵਾਕਾਂ ਦਾ ਉਚਾਰਣ ਬਿਲਕੁਲ ਇਕੋ ਹੈ। ਸ਼ਬਦ ਜੋੜਾਂ ਤੋਂ ਉਚਾਰਣ ਦਾ ਪਤਾ ਤਾਂ ਲਗ ਜਾਂਦਾ ਹੈ। ਪਰ ਕੀ ਉਚਾਰਣ ਤੋਂ ਸ਼ਬਦ ਜੋੜਾਂ ਦਾ ਪਤਾ ਲਗਦਾ ਹੈ? "ਸ਼ਹਿਰ/ਸ਼ੈਹਰ/ਸ਼ੈਰ੍ਹ" ਸ਼ਬਦ ਜੋੜਾਂ ਦਾ ਇੱਕੋ ਉਚਾਰਣ ਬਣਦਾ ਹੈ। ਇਹੋ ਹਾਲ "ਸਹੁਰਾ/ਸੌਹਰਾ/ਸੌਰ੍ਹਾ" ਦਾ ਹੈ। ਮੇਰੀਆਂ ਬਹੁਤੀਆਂ ਮਿਸਾਲਾਂ ਬਾਰੇ ਡਾਕਟਰ ਸਾਹਬ ਇਹ ਕਹਿ ਕੇ ਗੱਲ ਗੋਲ ਮੋਲ ਕਰ ਗਏ ਕਿ "ਇਹ ਸ਼ਬਦ ਜੋੜਾਂ ਦੀ ਸਮੱਸਿਆ" ਹੈ, (ਜਾਂ ਹੋਰ ਕੋਈ ਮੋਟਾ ਜਿਹਾ ਸ਼ਬਦ ਵਰਤ ਕੇ ਉਹਦੀ ਸਮੱਸਿਆ ਆਖ ਗਏ)। ਪਰ ਜੇ ਪੰਜਾਬੀ ਵਿਚ ਜਿਵੇਂ ਲਿਖਿਆ ਜਾਂਦਾ ਹੈ ਤਿਵੇਂ ਹੀ ਪੜ੍ਹਿਆ ਜਾਂਦਾ ਹੈ, ਅਤੇ ਜਿਵੇਂ ਬੋਲਿਆ ਜਾਂਦਾ ਹੈ ਤਿਵੇਂ ਹੀ ਲਿਖਿਆ ਜਾਂਦਾ ਹੈ ਤਾਂ ਇਹ ਸਮੱਸਿਆ ਪੈਦਾ ਹੀ ਕਿਉਂ ਹੋਈ? ਮੇਰੀ "ਸਹੁਰਾ" ਅਤੇ "ਸ਼ਹਿਰ" ਵਾਲੀ ਇਸ ਸ਼ੰਕਾ ਬਾਰੇ ਡਾਕਟਰ ਸਾਹਬ ਦਾ ਜਵਾਬ ਪੜ੍ਹਨ ਯੋਗ ਹੈ – "ਪੰਜਾਬੀ ਵਿਚ ਅਨੇਕਾਂ dialects ਹਨ, ਫੇਰ sub-dialects ਹਨ ਅਤੇ ਅਨੇਕਾਂ ਬੁਲਾਰੇ ਵਕਤੇ ਹਨ, ਹਰ ਵਿਅਕਤੀ ਦਾ ਕੁਝ ਨਾ ਕੁਝ ਬੋਲਣ ਵਿਚ ਫਰਕ ਹੁੰਦਾ ਹੈ, ਮਾਡਰਨ ਭਾਸ਼ਾ-ਵਿਗਿਆਨ ਇਸ ਨੂੰ idiolect ਕਹਿੰਦਾ ਹੈ। ਇਸ ਹਾਲਤ ਵਿਚ ਇਕ ਸ਼ਬਦ ਦੇ ਕਿੰਨੇ ਹੀ ਉੱਚਾਰਨ ਹੋ ਸਕਦੇ ਹਨ। ਹਰ ਜਣੇ-ਖਣੇ ਦਾ ਉਚਾਰਨ ਸਟੈਂਡਰਡ ਨਹੀਂ ਹੋ ਸਕਦਾ। ਸੋ ਪੰਜਾਬੀ ਭਾਸ਼ਾ ਨੂੰ ਲਿਖਤੀ ਰੂਪ ਦੇਣ ਸਮੇਂ ਸਪੈਲਿੰਗਾਂ ਨੂੰ standardise ਕਰਨਾ ਹੋਵੇਗਾ। Punjabi Spelling Dictionary ਵਿਚ ਇਹਨਾਂ ਸ਼ਬਦਾਂ ਦਾ ਟਕਸਾਲੀਕਰਨ/ਪ੍ਰਮਾਣੀਕਰਨ ਕਰ ਦਿੱਤਾ ਗਿਆ ਹੈ"। (ਸਫ਼ਾ 16)

ਮੈਂ ਤਾਂ ਇਹ ਮਿਸਾਲ ਇਹ ਦੱਸਣ ਲਈ ਦਿੱਤੀ ਸੀ ਕਿ "ਜਿਵੇਂ ਬੋਲੋ ਤਿਵੇਂ ਲਿਖੋ ਅਤੇ ਜਿਵੇਂ ਲਿਖੋ ਤਿਵੇਂ ਪੜ੍ਹੋ" ਵਾਲਾ ਮਹਾਂ ਮੰਤਰ ਬਿਲਕੁਲ ਕੂੜ ਹੈ। ਇੱਕੋ ਉਚਾਰਣ 'ਸੌਰਾ'+ਉੱਚੀ ਸੁਰ ਦੇ ਨਿਯਮ ਅਨੁਸਾਰ ਤਿੰਨ ਸ਼ਬਦ ਜੋੜ ਹੋ ਸਕਦੇ ਹਨ। ਫਿਰ "ਜਿਵੇਂ ਬੋਲੋ ਤਿਵੇਂ ਲਿਖੋ" ਵਾਲੀ ਗੱਲ ਕਿੱਥੇ ਗਈ? "ਸ਼ਬਦਜੋੜਾਂ ਦੀ ਸਮੱਸਿਆ" ਤਾਂ ਸਪਸ਼ਟ ਹੈ, ਪਰ ਸ਼ਾਵਨਵਾਦੀ ਦਾਅਵਾ ਕਿੱਥੇ ਗਿਆ? ਪਾਠਕ ਹੁਣ ਇਹ ਖ਼ੁਦ ਦੇਖ ਲੈਣ ਕਿ ਡਾਕਟਰ ਸਾਹਬ ਨੇ ਪਹਿਲਾਂ ਤਾਂ ਵਿਦਵਤਾ ਦਾ ਛਿੜਕਾਅ ਕਰਕੇ ਪਾਠਕਾਂ ਤੇ ਕਿਵੇਂ ਰੋਅਬ ਪਾਇਆ ਅਤੇ ਬਾਅਦ ਵਿਚ ਗੱਲ ਨੂੰ ਕਿਵੇਂ ਗੋਲ ਕਰ ਗਏ। "ਟਕਸਾਲੀ ਪੰਜਾਬੀ" ਬੋਲਣ ਵਾਲੇ "ਹਰ ਜਣੇ-ਖਣੇ" ਦਾ "ਸਹੁਰਾ" ਸ਼ਬਦ ਦਾ ਉਚਾਰਣ 'ਸੌਰਾ'+ਉੱਚੀ ਸੁਰ ਹੈ। ਜੇ ਯਕੀਨ ਨਹੀਂ ਆਉਂਦਾ ਤਾਂ ਪਾਠਕ ਖ਼ੁਦ ਸੁਣ ਲੈਣ, ਜਾਂ ਮੈਂ ਡਾਕਟਰ ਸਾਹਬ ਨੂੰ ਕੁਝ ਸਪੈਕਟ੍ਰੋਗ੍ਰਾਮਜ਼ ਬਣਾ ਕੇ ਭੇਜ ਸਕਦਾ ਹਾਂ (Spectrogram ਆਵਾਜ਼ ਦੀ ਤਸਵੀਰ ਨੂੰ ਆਖਦੇ ਹਨ, ਜਿਹਨੂੰ ਪੜ੍ਹ ਕੇ ਇਸ ਵਿਸ਼ੇ ਦੇ ਮਾਹਰ ਦੱਸ ਸਕਦੇ ਹਨ ਕਿ ਕਿਹੜੀਆਂ ਆਵਾਜ਼ਾਂ ਬੋਲੀਆਂ ਗਈਆਂ ਸਨ)। "ਸਹੁਰਾ" ਦੇ ਉਚਾਰਣ ਵਿਚ ਨਾ ਤਾਂ ਕਿਤੇ ਔਂਕੜ ਦੀ ਆਵਾਜ਼ ਹੈ ਅਤੇ ਨਾ ਹੀ 'ਹ' ਦੀ। ਇਸ ਵਿਚ 'ਔ' ਦੀ ਆਵਾਜ਼ ਅਤੇ ਉੱਚੀ ਸੁਰ ਹਨ, ਜਿਹਨਾਂ ਦਾ ਸ਼ਬਦ ਜੋੜਾਂ ਵਿਚ ਕੋਈ ਸੰਕੇਤ ਵੀ ਨਹੀਂ। ਇਹ ਗੱਲ ਤਾਂ ਆਮ ਗ਼ੈਰ-ਭਾਸ਼ਾਵਿਗਿਆਨੀ ਲੋਕ ਵੀ ਜਾਣਦੇ ਹਨ ਕਿ ਅਕਸਰ ਸ਼ਬਦ ਵਿਚ ਅੱਖਰਾਂ ਦੀ ਸਥਿਤੀ ਤੋਂ ਉਹਨਾਂ ਦੇ ਉਚਾਰਣ ਦਾ ਪਤਾ ਲਗ ਜਾਂਦਾ ਹੈ (ਪਰ ਅਜਿਹਾ ਸਦਾ ਹੀ ਨਹੀਂ ਹੁੰਦਾ)। ਪਰ ਮੇਰਾ ਸ਼ੰਕਾ ਤਾਂ "ਜਿਵੇਂ ਬੋਲੋ ਤਿਵੇਂ ਲਿਖੋ" ਦੇ ਬੇ-ਬੁਨਿਆਦ ਦਾਅਵੇ ਬਾਰੇ ਸੀ, ਜਿਹਦਾ ਮੈਨੂੰ ਅਤੇ ਪਾਠਕਾਂ ਨੂੰ ਕੋਈ ਜਵਾਬ ਨਹੀਂ ਮਿਲਿਆ। ਪੰਜਾਬੀ ਵਿਚ ਉਚਾਰਣ ਅਤੇ ਸ਼ਬਦ ਜੋੜਾਂ ਦੇ ਸੰਬੰਧ ਬਾਰੇ ਜਿਹੜੇ ਨਿਯਮ ਹਨ ਉਹਨਾਂ ਅਨੁਸਾਰ ਕਈ ਸ਼ਬਦਾਂ ਦੇ ਇਕ ਤੋਂ ਵੱਧ ਸ਼ਬਦ ਜੋੜ ਹੋ ਸਕਦੇ ਹਨ। "ਸਹੁਰਾ", "ਸ਼ਹਿਰ" ਅਤੇ ਹੋਰ ਅਨੇਕਾਂ ਸ਼ਬਦ ਜੋੜਾਂ ਦਾ ਮਸਲਾ "ਹਰ ਜਣੇ-ਖਣੇ" ਦੇ ਉਚਾਰਣ ਦਾ ਮਸਲਾ ਨਹੀਂ। ਜੇ "ਜਿਵੇਂ ਬੋਲੋ ਤਿਵੇਂ ਲਿਖੋ" ਵਾਲੀ ਗੱਲ ਸਹੀ ਹੈ ਤਾਂ ਅਜਿਹੇ ਅਨੇਕ ਸ਼ਬਦਾਂ ਦੇ ਸ਼ਬਦ ਜੋੜਾਂ ਦਾ "ਟਕਸਾਲੀਕਰਨ" ਕਿਉਂ ਕਰਨਾ ਪਿਆ?

ਮੇਰਾ ਖ਼ਿਆਲ ਹੈ ਮੇਰੇ ਵਲੋਂ ਡਾਕਟਰ ਸਾਹਬ ਦੇ ਲੇਖ ਬਾਰੇ ਇੰਨਾ ਕੁਝ ਕਹਿਣਾ ਹੀ ਕਾਫ਼ੀ ਹੈ।

## ਨਿਵੇਦਨ

ਡਾਕਟਰ ਸਾਹਬ ਨੇ ਆਪਣੇ ਲੇਖ ਦੇ ਸ਼ੁਰੂ ਵਿਚ ਮੇਰੀ ਪ੍ਰਸ਼ੰਸਾ ਕੀਤੀ ਸੀ, ਇਸ ਲਈ ਮੈਂ ਉਹਨਾਂ ਦਾ ਧੰਨਵਾਦੀ ਹਾਂ। ਉਹ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਹਿੰਦੀ, ਪੰਜਾਬੀ, ਉਰਦੂ ਅਤੇ ਫ਼ਾਰਸੀ ਭਾਸ਼ਾਵਾਂ ਦੇ ਸਤਿਕਾਰਯੋਗ ਅਤੇ ਬਜ਼ੁਰਗ ਵਿਦਵਾਨ ਹਨ, ਪਰ ਉਹ ਕੋਈ ਬਹੁਤੇ ਤਕੜੇ ਭਾਸ਼ਾਵਿਗਿਆਨੀ ਨਹੀਂ। ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿਚ ਬਹੁਤ ਚੰਗੇ ਭਾਸ਼ਾਵਿਗਿਆਨ ਵਿਭਾਗ ਹਨ। ਹੁਣ ਸੁੱਖ ਨਾਲ ਡਾਕਟਰ ਸਾਹਬ ਨੂੰ ਕੋਈ ਗ਼ਮੇ-ਰੋਜ਼ਗਾਰ ਤਾਂ ਹੈ ਨਹੀਂ। ਜੇ ਉਹ ਸਮਾਂ ਕੱਢ ਕੇ ਕਿਸੇ ਯੂਨੀਵਰਸਿਟੀ ਦੇ ਭਾਸ਼ਾਵਿਗਿਆਨ ਵਿਭਾਗ ਵਿਚ ਜਾ ਕੇ ਕੁਝ ਅਧਿਐਨ ਕਰ ਲੈਣ, ਆਪਣੇ ਗਿਆਨ ਨੂੰ ਤਾਜ਼ਾ ਕਰ ਲੈਣ, ਅਤੇ ਜਾਣ ਲੈਣ ਕਿ ਭਾਸ਼ਾਵਿਗਿਆਨ ਦੀ ਦੁਨੀਆਂ ਇਸ ਵੇਲੇ ਕਿੱਥੇ ਪਹੁੰਚ ਚੁੱਕੀ ਹੈ, ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਇਸ ਤਰ੍ਹਾਂ ਉਹ ਪੰਜਾਬੀ ਭਾਸ਼ਾਵਿਗਿਆਨ ਦੀ ਬਹੁਤ ਵੱਡੀ ਸੇਵਾ ਕਰ ਸਕਦੇ ਹਨ। ਲੋੜ ਇਸ ਗੱਲ ਦੀ ਵੀ ਹੈ ਕਿ ਉਹ ਸਸਤੀ ਕਿਸਮ ਦੇ "ਭਾਸ਼ਾਵਿਗਿਆਨ" (Pop Linguistics) ਵਲੋਂ ਆਪਣਾ ਧਿਆਨ ਹਟਾ ਕੇ ਕੋਈ ਗੰਭੀਰ ਕੰਮ ਕਰਨ, ਅਤੇ ਸ਼ਾਵਨਵਾਦੀਆਂ ਦੇ ਬੇ-ਸੁਰੇ ਸਮੂਹ-ਗਾਨ ਵਿਚ ਆਪਣਾ ਸੁਰ ਨਾ ਮਿਲਾਉਣ। ਪਟਿਆਲੇ ਵਾਲੇ ਢੰਗ ਪੱਛਮੀ ਦੇਸ਼ਾਂ ਵਿਚ ਬਿਲਕੁਲ ਨਹੀਂ ਚਲਦੇ। ਇੱਥੇ ਨਿਰੋਲ ਤਰਕ ਅਤੇ ਠੋਸ ਵਿਚਾਰਾਂ ਨੂੰ ਸਤਿਕਾਰ ਮਿਲਦਾ ਹੈ। ਜੇ ਡਾਕਟਰ ਸਾਹਬ ਮੇਰੇ ਨਾਲ "ਸੰਵਾਦ ਜਾਂ ਪਰਿਸੰਵਾਦ" ਰਚਾਉਣਾ ਚਾਹੁੰਦੇ ਹਨ ਤਾਂ ਬੜੀ ਖ਼ੁਸ਼ੀ ਦੀ ਗੱਲ ਹੈ। ਪਰ ਉਹ ਗੱਲ ਸਾਫ਼ ਅਤੇ ਸਪਸ਼ਟ ਬੋਲੀ ਵਿਚ ਅਤੇ ਵਿਦਵਤਾ ਦਾ ਬੇਲੋੜਾ ਛਿੜਕਾਅ ਕੀਤੇ ਬਿਨਾਂ ਕਰਿਆ ਕਰਨ, ਅਤੇ ਆਮ ਪਾਠਕਾਂ ਦੀ ਸੂਝ ਸਮਝ ਦਾ ਵੀ ਪੂਰਾ ਸਤਿਕਾਰ ਕਰਿਆ ਕਰਨ। ਜੇ ਉਹ ਮੋਟੇ ਮੋਟੇ ਸ਼ਬਦਾਂ ਅਤੇ ਨਕਸ਼ਾ-ਨਵੀਸੀ ਦੀ "ਅਪ੍ਰਸੰਗਿਕ" ਵਰਤੋਂ ਕਰਨਗੇ ਤਾਂ ਹੋ ਸਕਦਾ ਹੈ ਕਿ ਮੈਂ ਨਾ ਚਾਹੁੰਦਾ ਹੋਇਆ ਵੀ "ਪ੍ਰਸੰਗਿਕ ਉਪਹਾਸ" ਦੀ ਵਰਤੋਂ ਕਰ ਜਾਵਾਂ। ●○

# ਅੰਤਰਰਾਸ਼ਟਰੀ ਮੀਡੀਆ ਅਤੇ ਗਰੀਬ ਦੇਸ਼

ਸੁਖਵੰਤ ਹੁੰਦਲ

ਅੱਜ ਮੀਡੀਏ - ਅਖਬਾਰਾਂ, ਰੇਡੀਉ, ਟੈਲੀਵਿਯਨ, ਕਿਤਾਬਾਂ, ਫਿਲਮਾਂ - ਦਾ ਇਕ ਆਮ ਇਨਸਾਨ ਦੇ ਜੀਵਨ ਉੱਪਰ ਬਹੁਤ ਵੱਡਾ ਪ੍ਰਭਾਵ ਹੈ। ਬਹੁਤ ਹੱਦ ਤੱਕ ਅੱਜ ਦਾ ਇਨਸਾਨ ਆਪਣੇ ਆਲੇ ਦੁਆਲੇ ਨੂੰ ਦੇਖਣ ਅਤੇ ਸੱਚ-ਝੂਠ ਦਾ ਨਿਤਾਰਾ ਕਰਨ ਦੇ ਢੰਗ ਮੀਡੀਏ ਤੋਂ ਸਿੱਖਦਾ ਹੈ। ਮੀਡੀਏ ਵਿਚ ਮਿਲਦੀ ਜਾਣਕਾਰੀ ਇਨਸਾਨ ਦੀ ਧਾਰਣਾ, ਮਨੋਬਿਰਤੀ ਅਤੇ ਵਿਚਾਰਧਾਰਾ ਨੂੰ ਬਣਾਉਣ ਲਈ ਕੱਚੇ ਮਾਲ ਦਾ ਕੰਮ ਕਰਦੀ ਹੈ। ਇਸ ਲਈ ਇਹ ਬਹੁਤ ਜ਼ਰੂਰੀ ਹੈ ਕਿ ਮੀਡੀਏ ਨੂੰ ਆਲੋਚਨਾਤਮਕ ਨਜ਼ਰ ਨਾਲ ਦੇਖਿਆ ਜਾਵੇ ਅਤੇ ਪ੍ਰਚੱਲਤ ਸਮਾਜਿਕ ਪ੍ਰਬੰਧ ਵਿਚ ਸਮਾਜ ਦੇ ਵੱਖ ਵੱਖ ਹਿੱਸਿਆਂ ਦੇ ਮੀਡੀਏ ਨਾਲ ਸੰਬੰਧਾਂ ਨੂੰ ਸਮਝਿਆ ਜਾਵੇ। ਇਸ ਲੇਖ ਦਾ ਮਕਸਦ ਅੰਤਰਰਾਸ਼ਟਰੀ ਸਿਆਸੀ-ਆਰਥਿਕ ਪ੍ਰਬੰਧ ਵਿਚ ਅੰਤਰਰਾਸ਼ਟਰੀ ਮੀਡੀਏ ਅਤੇ ਗਰੀਬ ਦੇਸ਼ਾਂ ਦੇ ਸੰਬੰਧਾਂ ਨੂੰ ਘੋਖਣਾ ਹੈ ਅਤੇ ਇਹ ਦਰਸਾਉਣਾ ਹੈ ਕਿ ਅੰਤਰਰਾਸ਼ਟਰੀ ਮੀਡੀਏ ਰਾਹੀਂ ਪੇਸ਼ ਕੀਤੀ ਜਾਂਦੀ ਜਾਣਕਾਰੀ ਅਮੀਰ ਮੁਲਕਾਂ ਦੇ ਹਿੱਤ ਵਿਚ ਜਾਂਦੀ ਹੈ ਕਿਉਂਕਿ ਜਾਣਕਾਰੀ ਨੂੰ ਇਕੱਠਾ ਕਰਨ ਵਾਲੀਆਂ ਸੰਸਥਾਵਾਂ ਉੱਤੇ ਇਹਨਾਂ ਮੁਲਕਾਂ ਦੀ ਸਰਦਾਰੀ ਹੈ।

ਅਜਿਹਾ ਕਰਨ ਲਈ ਸੱਭ ਤੋਂ ਪਹਿਲਾਂ ਇਹ ਦੇਖਿਆ ਗਿਆ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਜਾਣਕਾਰੀ ਇਕੱਠਾ ਅਤੇ ਪੇਸ਼ ਕਰਨ ਵਾਲੇ ਕੌਣ ਹਨ? ਫਿਰ ਇਹ ਦੇਖਿਆ ਗਿਆ ਹੈ ਕਿ ਉਹ ਇਸ ਜਾਣਕਾਰੀ ਨੂੰ ਆਪਣੇ ਹਿੱਤਾਂ ਲਈ ਕਿਸ ਤਰ੍ਹਾਂ ਵਰਤਦੇ ਹਨ? ਇਥੇ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਇਸ ਲੇਖ ਦਾ ਮੁੱਖ ਵਿਸ਼ਾ-ਵਸਤੂ ਖਬਰਾਂ ਦਾ ਮੀਡੀਆ ਹੈ ਭਾਵੇਂ ਮੀਡੀਏ ਦੇ ਦੂਜੇ ਰੂਪਾਂ ਜਿਵੇਂ ਕਿਤਾਬਾਂ, ਟੈਲੀਵਿਜ਼ਨ ਦੇ ਸਭਿਆਚਾਰਕ ਪ੍ਰੋਗਰਾਮ, ਫਿਲਮਾਂ ਆਦਿ ਬਾਰੇ ਵੀ ਸਰਸਰੀ ਤੌਰ ਤੇ ਗੱਲਬਾਤ ਕੀਤੀ ਗਈ ਹੈ।

ਮੁੱਖ ਤੌਰ ਤੇ ਰੋਜ਼ਾਨਾ ਪੇਸ਼ ਕੀਤੀਆਂ ਜਾਣ ਵਾਲੀਆਂ ਅੰਤਰਰਾਸ਼ਟਰੀ ਖਬਰਾਂ ਦਾ 90 ਫੀਸਦੀ ਹਿੱਸਾ ਚਾਰ ਏਜੰਸੀਆਂ ਵਲੋਂ ਮੁਹੱਈਆ ਕੀਤਾ ਜਾਂਦਾ ਹੈ। ਇਹ ਏਜੰਸੀਆਂ ਹਨ: ਬਰਤਾਨੀਆ ਦੀ ਰਿਊਟਰ, ਫਰਾਂਸ ਦੀ ਏਜੰਸੀ ਫਰਾਂਸ ਪ੍ਰੈਸ (ਏ. ਐਫ. ਪੀ.), ਸੰਯੁਕਤ ਰਾਜ ਅਮਰੀਕਾ ਦੀਆਂ ਏਜੰਸੀਆਂ ਐਸੋਸੀਏਟਿਡ ਪ੍ਰੈਸ (ਏ. ਪੀ.) ਅਤੇ ਯੂਨਾਈਟਿਡ ਪ੍ਰੈਸ ਇੰਟਰਨੈਸ਼ਨਲ (ਯੂ. ਪੀ. ਆਈ.)। ਇਕੱਲੀ ਐਸੋਸੀਏਟਿਡ ਪ੍ਰੈਸ (ਏ. ਪੀ.) ਹਰ ਰੋਜ ਦੁਨੀਆਂ ਦੇ ਇਕ ਤਿਹਾਈ ਲੋਕਾਂ ਤੱਕ ਪਹੁੰਚਦੀ ਹੈ। ਦੁਨੀਆਂ ਦੀਆਂ ਅਖਬਾਰਾਂ ਲਈ ਫੋਟੋਆਂ ਮੁਹੱਈਆਂ ਕਰਨ ਵਿਚ ਸੰਯੁਕਤ ਰਾਜ ਅਮਰੀਕਾ ਦੀਆਂ ਏਜੰਸੀਆਂ - ਏ. ਪੀ. ਅਤੇ ਯੂ. ਪੀ. ਆਈ.- ਦੀ ਲਗਭਗ ਅਜਾਰੇਦਾਰੀ ਹੀ ਹੈ।

ਜੇ ਹਿੰਦੁਸਤਾਨ ਦੀ ਉਦਾਹਰਣ ਲਈਏ ਤਾਂ ਇਹ ਗੱਲ ਸਾਫ ਨਜ਼ਰ ਆਉਂਦੀ ਹੈ ਕਿ ਹਿੰਦੁਸਤਾਨੀ ਅਖਬਾਰਾਂ ਵਿਚ ਪੱਛਮੀ ਏਜੰਸੀਆਂ ਤੋਂ ਪ੍ਰਾਪਤ ਖਬਰਾਂ ਦੀ ਪ੍ਰਧਾਨਤਾ ਆਮ ਹੈ। ਜਿਵੇਂ ਭਾਰਤੀ ਅਖਬਾਰਾਂ ਵਿਚ ਛਪਣ ਵਾਲੀਆਂ ਅੰਤਰਰਾਸ਼ਟਰੀ ਖਬਰਾਂ ਦਾ ਤੀਜਾ ਹਿੱਸਾ ਰਿਊਟਰ ਅਤੇ ਏ. ਪੀ. ਤੋਂ ਪ੍ਰਾਪਤ ਖਬਰਾਂ ਦੇ ਆਧਾਰ ਤੇ ਛਪਦਾ ਹੈ। ਬਰਤਾਨੀਆਂ ਵਿਚ ਛਪਣ ਵਾਲੇ 'ਇਕੌਨੋਮਿਸਟ' ਅਤੇ 'ਇੰਟਰਨੈਸ਼ਨਲ ਹੈਰਲਡ' ਵਰਗੇ ਅਖਬਾਰਾਂ-ਰਸਾਲਿਆਂ ਦਾ ਹਿੰਦੁਸਤਾਨੀ ਲਿਖਤੀ ਮੀਡੀਏ ਵਿਚ ਵੱਡੀ ਪੱਧਰ ਤੇ ਹਵਾਲਾ ਦਿੱਤਾ ਜਾਂਦਾ ਹੈ। ਆਮ ਤੌਰ ਤੇ ਉਹਨਾਂ ਵਿਚੋਂ ਛਪੇ ਕਈ ਲੇਖਾਂ-ਨਿਬੰਧਾਂ ਨੂੰ ਜਿਉਂ ਦਾ ਤਿਉਂ ਹੀ ਛਾਪ ਦਿੱਤਾ ਜਾਂਦਾ ਹੈ।

ਇਸ ਤੋਂ ਬਿਨਾਂ ਅਮੀਰ ਦੇਸ਼ਾਂ ਵਿਚ ਛਪਣ ਵਾਲੇ ਕਿੰਨੇ ਹੀ ਅਜਿਹੇ ਨਿਊਜ਼-ਮੈਗਜ਼ੀਨ ਹਨ ਜੋ ਦੁਨੀਆਂ ਭਰ ਵਿਚ ਵੱਡੀ ਗਿਣਤੀ ਵਿਚ ਪੜ੍ਹੇ ਜਾਂਦੇ ਹਨ। ਅਮਰੀਕਾ ਤੋਂ ਛਪਣ ਵਾਲੇ ਅਜਿਹੇ ਕੁੱਝ ਪ੍ਰਚੱਲਤ ਮੈਗਜ਼ੀਨ ਹਨ -ਟਾਈਮਜ਼, ਨਿਊਜ਼ ਵੀਕ, ਰੀਡਰਜ਼ ਡਾਇਜੈਸਟ, ਨੈਸ਼ਨਲ ਜਿਉਗਰਾਫਕ ਆਦਿ। ਉਦਾਹਰਣ ਲਈ ਰੀਡਰਜ਼ ਡਾਇਜੈਸਟ 17 ਜ਼ੁਬਾਨਾਂ ਵਿਚ ਛਪਦਾ ਹੈ ਅਤੇ ਦੁਨੀਆਂ ਦੇ 160 ਦੇਸ਼ਾਂ ਵਿਚ ਆਮ ਮਿਲਦਾ ਹੈ।

ਪਿਛਲੇ ਇਕ ਦੋ ਦਹਾਕਿਆਂ ਵਿਚ ਟੈਲੀਵਿਯਨ ਅੰਤਰਰਾਸ਼ਟਰੀ ਖਬਰਾਂ ਪ੍ਰਦਾਨ ਕਰਨ ਦੇ ਪ੍ਰਮੁੱਖ ਸੋਮੇ ਵਜੋਂ ਸਾਹਮਣੇ ਆਇਆ ਹੈ। ਟੈਲੀਵਿਯਨ ਰਾਹੀਂ ਅੰਤਰਰਾਸ਼ਟਰੀ ਖਬਰਾਂ ਪ੍ਰਦਾਨ ਕਰਨ ਵਾਲੀਆਂ ਪ੍ਰਮੁੱਖ ਏਜੰਸੀਆਂ ਵਿਚ ਬਰਤਾਨੀਆਂ ਦੀਆਂ ਰਿਊਟਰ ਟੈਲੀਵਿਯਨ, ਬੀ. ਬੀ. ਸੀ. ਵਰਲਡ ਨਿਊਜ਼ ਸਰਵਿਸ ਅਤੇ ਬ੍ਰਿਟਿਸ਼ ਸਕਾਈ ਬਰਾਡਕਾਸਟਿੰਗ, ਸੰਯੁਕਤ ਰਾਜ ਅਮਰੀਕਾ ਦੀਆਂ ਵਰਲਡ ਟੈਲੀਵਿਯਨ ਨਿਊਜ਼, ਸੀ. ਐਨ. ਐਨ. ਅਤੇ ਸੀ. ਬੀ. ਐਸ. ਨਿਊਜ਼ ਸ਼ਾਮਲ ਹਨ। ਇਹਨਾਂ ਵਿਚੋਂ ਇਕੱਲੀ ਸੀ. ਐਨ. ਐਨ. ਦੀਆਂ ਖਬਰਾਂ ਦੁਨੀਆਂ ਦੇ 200 ਦੇਸ਼ਾਂ ਵਿਚ 12 ਕਰੋੜ 80 ਲੱਖ ਘਰਾਂ ਤੱਕ ਪਹੁੰਚਦੀਆਂ ਹਨ। ਰਿਊਟਰ ਟੈਲੀਵਿਜ਼ਨ ਦੀਆਂ ਖਬਰਾਂ 80 ਦੇਸ਼ਾਂ ਵਿਚ 650 ਬ੍ਰਾਡਕਾਸਟਰਾਂ ਵਲੋਂ ਬ੍ਰਾਡਕਾਸਟ ਕੀਤੀਆਂ ਜਾਂਦੀਆਂ ਹਨ। ਬੀ. ਬੀ. ਸੀ. ਵਰਲਡ ਨਿਊਜ਼ ਸਰਵਿਸ ਦੀਆਂ ਖਬਰਾਂ ਏਸ਼ੀਆ, ਮੱਧ ਪੂਰਬ, ਅਫਰੀਕਾ, ਯੂਰਪ ਅਤੇ ਕਨੇਡਾ ਦੇ ਇਕ ਕਰੋੜ ਸੱਤਰ ਲੱਖ ਘਰਾਂ ਵਿਚ ਪਹੁੰਚਦੀਆਂ ਹਨ।

ਇਸ ਤਰ੍ਹਾਂ ਇਹ ਸਾਫ ਹੈ ਕਿ ਦੁਨੀਆਂ ਭਰ ਦੀਆਂ ਅੰਤਰਰਾਸ਼ਟਰੀ ਖਬਰਾਂ ਦੀ ਪੇਸ਼ਕਾਰੀ ਉੱਤੇ ਕੁੱਝ ਇਕ ਸਨਅਤੀ ਦੇਸ਼ਾਂ-ਅਮਰੀਕਾ, ਬਰਤਾਨੀਆਂ ਅਤੇ ਫਰਾਂਸ - ਦੀ ਅਜਾਰੇਦਾਰੀ ਹੈ।

ਖਬਰਾਂ ਦੇ ਮੀਡੀਏ ਤੋਂ ਬਿਨਾਂ ਜੇ ਅੰਤਰਰਾਸ਼ਟਰੀ ਮੀਡੀਏ ਦੇ ਦੂਜੇ ਰੂਪਾਂ - ਟੀ. ਵੀ. ਪ੍ਰੋਗਰਾਮਾਂ, ਕਿਤਾਬਾਂ, ਫਿਲਮਾਂ ਆਦਿ - ਉੱਤੇ ਨਜ਼ਰ ਮਾਰੀਏ ਤਾਂ ਇਸ ਤਰ੍ਹਾਂ ਦੇ ਹੀ ਤੱਥ ਨਜ਼ਰ ਆਉਂਦੇ ਹਨ। ਖਬਰਾਂ ਅਤੇ ਮਨੋਰੰਜਨ ਨਾਲ ਸੰਬੰਧਤ ਟੈਲੀਵਿਯਨ ਪ੍ਰੋਗਰਾਮ ਦੇ ਮਾਮਲੇ ਵਿਚ ਦੁਨੀਆਂ ਦੇ ਦੂਜੇ ਦੇਸ਼ਾਂ ਨੂੰ ਪ੍ਰੋਗਰਾਮ ਭੇਜਣ ਵਾਲਿਆਂ ਵਿਚੋਂ ਸੰਯੁਕਤ

ਰਾਜ ਅਮਰੀਕਾ ਦਾ ਪਹਿਲਾ ਸਥਾਨ ਹੈ। ਸੱਤਰਵਿਆਂ ਵਿਚ ਸੰਯੁਕਤ ਰਾਜ ਅਮਰੀਕਾ ਨੇ ਲਗਭਗ 1,50,000 ਘੰਟਿਆਂ ਦੇ ਸਾਲਾਨਾ ਪ੍ਰੋਗਰਾਮ ਬਾਹਰ ਨੂੰ ਭੇਜੇ ਸਨ। ਅੱਜ (90ਵਿਆਂ ਵਿਚ) ਸੰਯੁਕਤ ਰਾਜ ਅਮਰੀਕਾ ਇੰਨੇ ਪ੍ਰੋਗਰਾਮ ਇਕ ਹਫਤੇ ਵਿਚ ਬਾਹਰਲੇ ਦੇਸ਼ਾਂ ਨੂੰ ਭੇਜਦਾ ਹੈ। ਲਾਤੀਨੀ ਅਮਰੀਕਾ ਵਿਚ ਦੇਖੇ ਜਾਣ ਵਾਲੇ ਟੀ. ਵੀ. ਪ੍ਰੋਗਰਾਮਾਂ ਵਿਚ 75 ਫੀਸਦੀ ਪ੍ਰੋਗਰਾਮ ਸੰਯੁਕਤ ਰਾਜ ਅਮਰੀਕਾ ਦੇ ਹੁੰਦੇ ਹਨ। ਅੰਤਰਰਾਸ਼ਟਰੀ ਪੱਧਰ ਤੇ ਦੇਖੇ ਜਾਂਦੇ ਟੀ. ਵੀ. ਪ੍ਰੋਗਰਾਮਾਂ ਦੇ ਸੰਬੰਧ ਵਿਚ ਦੂਜਾ ਨੰਬਰ ਯੂਰਪ ਦਾ ਹੈ।

ਫਿਲਮਾਂ ਦੇ ਸੰਬੰਧ ਵਿਚ ਵੀ ਇਹੋ ਹੀ ਹਾਲ ਹੈ। ਇਕ ਰੀਪੋਰਟ ਮੁਤਾਬਕ 1969 ਵਿਚ ਚਿੱਲੀ ਅਤੇ ਕੋਲੰਬੀਆਂ ਵਿਚ ਦਿਖਾਈਆਂ ਜਾਣ ਵਾਲੀਆਂ ਕੁਲ ਫਿਲਮਾਂ ਵਿਚੋਂ 50%, ਉਰਗੁਏ ਵਿਚ ਦਿਖਾਈਆਂ ਜਾਣ ਵਾਲੀਆਂ ਫਿਲਮਾਂ ਵਿਚੋਂ 58%, ਬੁਲਿਵੀਆ ਵਿਚ ਦਿਖਾਈਆਂ ਜਾਣ ਵਾਲੀਆਂ ਕੁਲ ਫਿਲਮਾਂ ਵਿਚ 70% ਫਿਲਮਾਂ ਸੰਯੁਕਤ ਰਾਜ ਅਮਰੀਕਾ ਤੋਂ ਮੰਗਵਾਈਆਂ ਗਈਆਂ ਸਨ। ਤੀਜੀ ਦੁਨੀਆਂ ਦੇ ਕੁੱਝ ਦੇਸ਼ ਜਿਵੇਂ ਮੈਕਸੀਕੋ, ਹਿੰਦੁਸਤਾਨ ਅਤੇ ਹਾਂਗਕਾਂਗ ਆਦਿ ਵੀ ਦੂਜੇ ਦੇਸ਼ਾਂ ਨੂੰ ਫਿਲਮਾਂ ਭੇਜਦੇ ਹਨ। ਇਹਨਾਂ ਦੇਸ਼ਾਂ ਦੀਆਂ ਫਿਲਮਾਂ ਦਾ ਪ੍ਰਭਾਵ ਆਪਣੇ ਆਪਣੇ ਖਿੱਤੇ ਵਿਚ ਤਾਂ ਹੈ ਪਰ ਉਹਨਾਂ ਦਾ ਸੰਸਾਰ ਪੱਧਰ ਦੇ ਫਿਲਮ ਸਭਿਆਚਾਰ ਤੇ ਕੋਈ ਮਹੱਤਵਪੂਰਨ ਅਸਰ ਨਹੀਂ ਹੈ।

ਇਥੇ ਇਹ ਸੁਆਲ ਉੱਠਦਾ ਹੈ ਕਿ ਅਜਿਹਾ ਕਿਉਂ ਹੈ? ਸੱਭ ਤੋਂ ਵੱਡਾ ਕਾਰਨ ਤਾਂ ਇਹ ਹੈ ਕਿ ਸੰਸਾਰ ਪੱਧਰ ਤੇ ਅੰਤਰਰਾਸ਼ਟਰੀ ਖਬਰਾਂ ਉੱਤੇ ਅਜਾਰੇਦਾਰੀ ਵਾਲੀਆਂ ਉੱਪਰ ਦੱਸੀਆਂ ਏਜੰਸੀਆਂ ਤੇ ਅਦਾਰਿਆਂ ਦਾ ਵਧਣ-ਫੁਲਣ ਸੰਸਾਰ ਦੇ ਬਸਤੀਵਾਦੀ, ਸਾਮਰਾਜਵਾਦੀ ਅਤੇ ਸਰਮਾਏਦਾਰੀ ਪ੍ਰਬੰਧ ਦੇ ਮੋਢਿਆਂ ਤੇ ਹੋਇਆ ਹੈ। ਸੰਸਾਰ ਇਤਿਹਾਸ ਦੇ ਬਸਤੀਵਾਦੀ ਕਾਲ ਸਮੇਂ ਲੰਡਨ ਅਤੇ ਪੈਰਿਸ ਸੰਸਾਰ ਕੇਂਦਰ ਸਨ। ਫਰਾਂਸੀਸੀ ਅਤੇ ਅੰਗਰੇਜ਼ੀ ਸਾਮਰਾਜ ਦੀਆਂ ਬਸਤੀਆਂ, ਦੂਜੇ ਦੇਸ਼, ਇਸ ਕੇਂਦਰ ਦੁਆਲੇ ਘੇਰਾ। ਆਪਣੇ ਆਪਣੇ ਰਾਜ ਅਧੀਨ ਆਉਂਦੀ ਦੁਨੀਆਂ ਦਾ ਸਿਆਸੀ, ਆਰਥਿਕ ਅਤੇ ਵਪਾਰਕ ਪ੍ਰਬੰਧ ਚਲਾਉਣ ਲਈ ਫਰਾਂਸੀਸੀ ਅਤੇ ਅੰਗਰੇਜ਼ੀ ਸਾਮਰਾਜ ਨੇ ਆਪਣੀਆਂ ਬਸਤੀਆਂ ਨਾਲ ਆਵਾਜਾਈ ਅਤੇ ਸੰਚਾਰ ਦੇ ਪ੍ਰਬੰਧ ਸਥਾਪਤ ਕੀਤੇ। ਬਸਤੀਆਂ ਵਿਚ ਆਪਣਾ ਸਰਮਾਇਆ ਲਾਉਣ ਬਾਰੇ ਫੈਸਲਾ ਕਰਨ ਲਈ ਫਰਾਂਸ ਅਤੇ ਲੰਡਨ ਦੇ ਸਰਮਾਏਦਾਰਾਂ ਨੂੰ ਬਸਤੀਆਂ ਸਬੰਧੀ ਆਰਥਿਕ, ਮੁਦਰਾ, ਵਪਾਰਕ, ਜੰਗਾਂ-ਲੜਾਈਆਂ ਆਦਿ ਬਾਰੇ ਜਾਣਕਾਰੀ ਦੀ ਲੋੜ ਸੀ। ਇਸਦੇ ਨਾਲ ਹੀ ਫਰਾਂਸ ਅਤੇ ਬਰਤਾਨੀਆਂ ਦੇ ਆਮ ਲੋਕਾਂ ਵਿਚ ਬਸਤੀਆਂ ਦੇ ਲੋਕਾਂ, ਜੋ ਉਹਨਾਂ ਦੇ ਰਾਜਿਆਂ ਦੀ ਪਰਜਾ ਸਨ, ਬਾਰੇ ਜਾਣਨ ਦੀ ਇੱਛਾ ਸੀ।

ਇਸ ਜਾਣਕਾਰੀ ਦੀ ਲੋੜ ਨੂੰ ਪੂਰਾ ਕਰਨ ਲਈ ਫਰਾਂਸ ਵਿਚ ਸਥਾਪਤ ਏਜੰਸੀ ਹਵਾਸ (ਜੋ ਬਾਅਦ ਵਿਚ ਐਸੋਸੀਏਟਿਡ ਫਰਾਂਸ ਪ੍ਰੈਸ ਵਿਚ ਤਬਦੀਲ ਹੋ ਗਈ) ਅਤੇ ਬਰਤਾਨੀਆਂ ਵਿਚ ਸਥਾਪਤ ਏਜੰਸੀ ਰਿਊਟਰ ਨੇ ਬਸਤੀਆਂ ਤੋਂ ਖਬਰਾਂ ਤੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ। ਇਹਨਾਂ ਏਜੰਸੀਆਂ ਨੂੰ ਆਪਣੇ ਆਪਣੇ ਮੁਲਕਾਂ ਦੀਆਂ ਸਰਕਾਰਾਂ ਤੋਂ ਕਈ ਤਰ੍ਹਾਂ ਦੀ ਮਦਦ ਪ੍ਰਾਪਤ ਸੀ। ਉਦਾਹਰਣ ਲਈ ਹਿੰਦੁਸਤਾਨ ਬਾਰੇ ਖਬਰਾਂ ਤਿਆਰ ਕਰਨ ਲਈ ਰਿਊਟਰ ਨੂੰ ਬਰਤਾਨਵੀ ਸਰਕਾਰ ਦੀਆਂ ਸਰਕਾਰੀ ਤਾਰਾਂ ਦੇਖਣ ਦੀ ਇਜਾਜ਼ਤ ਸੀ। ਇਸਦੇ ਬਾਵਜੂਦ ਵੀ ਉਸ ਸਮੇਂ ਰਿਊਟਰ ਨੂੰ ਇਕ ਆਜ਼ਾਦ ਅਤੇ ਸਰਕਾਰ ਤੋਂ ਇਕ ਵਿੱਥ ਰੱਖ ਕੇ ਕੰਮ ਕਰਨ ਵਾਲੀ ਏਜੰਸੀ ਸਮਝਿਆ ਜਾਂਦਾ ਸੀ। ਪਰ ਪਹਿਲੀ ਸੰਸਾਰ ਜੰਗ ਦੌਰਾਨ ਰਿਊਟਰ ਅਤੇ ਅੰਗਰੇਜ਼ੀ ਸਰਕਾਰ ਦਾ ਰਿਸ਼ਤਾ ਬਹੁਤ ਨੇੜੇ ਦਾ ਸੀ। ਇਸ ਜੰਗ ਸਮੇਂ ਰਿਊਟਰ ਦਾ ਮੈਨੇਜਿੰਗ ਡਾਇਰੈਕਟਰ, ਬਰਤਾਨਵੀ ਸਰਕਾਰ ਦੇ ਪ੍ਰਾਪੇਗੰਡਾ ਸੈਕਟਰੀ ਦਾ ਕੰਮ ਵੀ ਕਰਦਾ ਸੀ।

ਬੇਸ਼ੱਕ ਇਸ ਸਮੇਂ ਦੌਰਾਨ ਸੰਯੁਕਤ ਰਾਜ ਅਮਰੀਕਾ (ਯੂ. ਐਸ. ਏ.) ਦੀਆਂ ਖਬਰ ਏਜੰਸੀਆਂ ਐਸੋਸੀਏਟਿਡ ਪ੍ਰੈਸ ਅਤੇ ਯੂਨਾਇਟਿਡ ਪ੍ਰੈਸ ਐਸੋਸੀਏਸ਼ਨ (ਜੋ ਬਾਅਦ ਵਿਚ ਯੂਨਾਇਟਿਡ ਪ੍ਰੈਸ ਇੰਟਰਨੈਸ਼ਨਲ ਬਣੀ) ਸਥਾਪਤ ਹੋ ਚੁੱਕੀਆਂ ਸਨ ਪਰ ਉਹਨਾਂ ਨੇ ਆਪਣੇ ਆਪ ਨੂੰ ਘਰੇਲੂ ਪੱਧਰ ਤੱਕ ਹੀ ਸੀਮਤ ਰੱਖਿਆ ਹੋਇਆ ਸੀ। ਇਹਨਾਂ ਏਜੰਸੀਆਂ ਦਾ ਸੰਸਾਰ ਪੱਧਰ ਤੇ ਪਸਾਰ ਦੂਜੀ ਸੰਸਾਰ ਜੰਗ ਤੋਂ ਬਾਅਦ ਹੋਇਆ ਜਿਸ ਸਮੇਂ ਅਮਰੀਕੀ ਸਰਮਾਏਦਾਰੀ ਦਾ ਪਸਾਰਾ ਸੰਸਾਰ ਪੱਧਰ ਤੇ ਹੋਣਾ ਸ਼ੁਰੂ ਹੋਇਆ ਸੀ। ਅਮਰੀਕੀ ਸਰਮਾਏ ਦੇ ਪਸਾਰ ਲਈ ਅਮਰੀਕੀ ਸਰਮਾਏਦਾਰੀ ਨੂੰ ਆਪਣੇ ਸੋਮਿਆਂ ਤੋਂ ਇਕੱਠੀ ਕੀਤੀ ਜਾਣਕਾਰੀ ਦੀ ਲੋੜ ਸੀ। ਇਸ ਲਈ 1940ਵਿਆਂ ਵਿਚ ਸੰਯੁਕਤ ਰਾਜ ਅਮਰੀਕਾ ਦੀ ਕਾਂਗਰਸ ਵਿਚ ਸੈਨੇਟਰ ਬੈਨਟਨ ਦੀ ਮਦਦ ਨਾਲ ਇਕ ਵੱਡੀ ਮੁਹਿੰਮ ਵਿੱਢੀ ਗਈ ਸੀ ਜਿਸਦਾ ਮਕਸਦ ਉਹਨਾਂ ਸਾਰੀਆਂ ਰੋਕਾਂ ਨੂੰ ਲਾਂਭੇ ਕਰਨਾ ਸੀ ਜੋ ਸੰਸਾਰ ਪੱਧਰ ਤੇ ਅਮਰੀਕੀ ਮੀਡੀਏ ਦੇ ਪਸਾਰ ਲਈ ਰੋਕ ਬਣਦੀਆਂ ਸਨ। ਇਸਦੇ ਨਾਲ ਹੀ ਉਸ ਹੀ ਸਮੇਂ ਤੋਂ ਪ੍ਰੈਸ ਦੀ ਆਜ਼ਾਦੀ ਦਾ ਸਿਧਾਂਤ ਸੰਯੁਕਤ ਰਾਜ ਅਮਰੀਕਾ ਦੀ ਬਦੇਸ਼ੀ ਪਾਲਸੀ ਦਾ ਇਕ ਮਹੱਤਵਪੂਰਨ ਅੰਗ ਵੀ ਬਣ ਗਿਆ।

ਅੰਤਰਰਾਸ਼ਟਰੀ ਮੀਡੀਏ ਵਿਚ ਅਮੀਰ ਦੇਸ਼ਾਂ ਦੀਆਂ ਸੰਸਥਾਵਾਂ ਦੀ ਸਰਦਾਰੀ ਮਗਰੋ ਅਗਲਾ ਮਹਤੱਵਪੂਰਨ ਕਾਰਨ ਹੈ ਗਰੀਬ ਦੇਸ਼ਾਂ ਕੋਲ ਆਰਥਿਕ ਅਤੇ ਤਕਨੀਕੀ ਵਸੀਲਿਆਂ ਦੀ ਘਾਟ ਹੋਣਾ। ਆਮ ਤੌਰ ਤੇ ਕਿਸੇ ਦੂਜੇ ਦੇਸ਼ ਦੀ ਰਾਜਧਾਨੀ ਵਿਚ ਇਕ ਪੱਤਰਪ੍ਰੇਰਕ ਰੱਖਣ ਦਾ ਸਾਲਾਨਾ ਖਰਚਾ ਇਕ ਲੱਖ ਤੋਂ ਡੇਢ ਲੱਖ ਡਾਲਰ ਹੈ। ਇਸ ਖਰਚੇ ਵਿਚ ਪੱਤਰਪ੍ਰੇਰਕ ਦੀ ਤਨਖਾਹ ਅਤੇ ਰੀਪੋਰਟਾਂ ਭੇਜਣ ਲਈ ਲੋੜੀਂਦੇ ਸਾਧਨਾਂ - ਜਿਵੇਂ ਟੈਲੀਫੋਨ, ਟੈਲੀਗ੍ਰਾਫ, ਫੈਕਸ ਆਦਿ - ਦਾ ਖਰਚਾ ਸ਼ਾਮਲ ਹੈ। ਅੱਜ ਜਾਣਕਾਰੀ ਦੀ ਤੇਜ਼ ਰਫਤਾਰ ਦੁਨੀਆਂ ਵਿਚ ਅਤੇ ਟੈਲੀਵਿਜਨ ਮਾਧਿਅਮ ਦੇ ਪਸਾਰੇ ਨਾਲ ਜਾਣਕਾਰੀ ਜਾਂ ਖਬਰ ਨੂੰ ਇਕ ਥਾਂ ਤੋਂ ਦੂਜੇ ਥਾਂ ਭੇਜਣ ਲਈ ਸੈਟੇਲਾਈਟ ਨੇ ਇਕ ਪ੍ਰਮੁੱਖ ਥਾਂ ਲੈ ਲਈ ਹੈ। ਬਹੁਤੇ ਗਰੀਬ ਦੇਸ਼ਾਂ ਕੋਲ ਆਪਣੇ ਸੈਟੇਲਾਈਟ ਨਹੀਂ ਹਨ ਅਤੇ ਸੰਚਾਰ ਦੀ ਇਸ ਤਕਨੀਕ ਉੱਪਰ ਅਮੀਰ ਦੇਸ਼ਾਂ ਦਾ ਗਲਬਾ ਹੈ। ਉਦਾਹਰਣ ਲਈ ਇਨਟੈਲਸੈਟ (INTELSAT) ਨੂੰ ਦੇਖਿਆ ਜਾ ਸਕਦਾ ਹੈ। ਇਨਟੇਲਸੈਟ ਇਕ ਗਲੋਬਲ ਪੱਧਰ ਤੇ ਵਪਾਰਕ ਸੈਟੇਲਾਈਟ ਸੰਘ ਹੈ ਜੋ ਦੁਨੀਆ ਚੇ ਬਹੁਗਿਣਤੀ ਦੇਸ਼ਾਂ ਨੂੰ ਸੈਟੇਲਾਈਟ ਸੇਵਾ ਪ੍ਰਦਾਨ ਕਰਦਾ ਹੈ। ਇਹ ਸੈਟੇਲਾਈਟ ਸੰਘ ਦੁਨੀਆਂ ਦੇ 106 ਦੇਸ਼ਾਂ ਦੀ ਮਲਕੀਅਤ ਹੈ। ਪਰ ਇਸ ਸੰਘ ਦੀ 50 ਪ੍ਰਤੀਸ਼ਤ ਤੋਂ ਵੱਧ ਮਲਕੀਅਤ ਛੇ ਸਨਅਤੀ ਦੇਸ਼ਾਂ - ਸੰਯੁਕਤ ਰਾਜ ਅਮਰੀਕਾ, ਬਰਤਾਨੀਆ, ਫਰਾਂਸ, ਜਰਮਨੀ, ਜਪਾਨ ਅਤੇ ਕਨੇਡਾ ਕੋਲ ਹੈ। ਇਸਦੇ ਨਾਲ ਹੀ ਇਸ ਸੈਟੇਲਾਈਟ ਨੂੰ ਵਰਤਣ ਦੇ ਖਰਚੇ ਆਮ ਗਰੀਬ ਦੇਸ਼ਾਂ ਦੇ ਵਿਤੋਂ ਬਾਹਰ ਦੀ ਗੱਲ ਹੈ। ਸੈਟੇਲਾਈਟ ਵਰਤਣ ਦੇ ਖਰਚਿਆਂ ਦਾ ਅੰਦਾਜ਼ਾ ਇਹਨਾਂ ਤੱਥਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਸੀ. ਐਨ. ਐਨ. ਵਲੋਂ ਦੁਨੀਆਂ ਭਰ ਵਿਚ ਆਪਣੀਆਂ ਖਬਰਾਂ ਦੇ ਪ੍ਰੋਗਰਾਮ 12 ਸੈਟੇਲਾਈਟਾਂ ਰਾਹੀਂ ਭੇਜੇ ਜਾਂਦੇ ਹਨ। ਇਹਨਾਂ ਸੈਟੇਲਾਈਟਾਂ ਰਾਹੀਂ ਸੀ. ਐਨ. ਐਨ. ਦੁਨੀਆਂ ਭਰ ਵਿਚ ਸਥਿੱਤ ਆਪਣੇ 19 ਦਫਤਰਾਂ ਤੋਂ 24 ਘੰਟੇ ਜਾਣਕਾਰੀ ਭੇਜਦੀ ਹੈ। ਇਹਨਾਂ 12 ਸੈਟੇਲਾਈਟਾਂ ਤੇ ਥਾਂ ਲੈਣ ਦਾ ਸਾਲਾਨਾ ਖਰਚਾ

ਇੱਕ ਕ੍ਰੋੜ ਵੀਹ ਲੱਖ ਡਾਲਰ ਤੋਂ ਵੱਧ ਹੈ।

ਹੁਣ ਇਹ ਦੇਖਣਾ ਹੈ ਕਿ ਪੱਛਮ ਦੇ ਸਨਅਤੀ ਅਤੇ ਅਮੀਰ ਦੇਸ਼ਾਂ ਦੀ ਅਜਾਰੇਦਾਰੀ ਹੇਠ ਪੇਸ਼ ਕੀਤੀਆਂ ਜਾਂਦੀਆਂ ਅੰਤਰਰਾਸ਼ਟਰੀ ਖ਼ਬਰਾਂ ਇਹਨਾਂ ਦੇਸ਼ਾਂ ਦੇ ਹਿੱਤਾਂ ਨੂੰ ਕਿਸ ਤਰ੍ਹਾਂ ਪੂਰਦੀਆਂ ਹਨ। ਇਹ ਦੇਖਣ ਲਈ ਅਸੀਂ ਅੰਤਰਰਾਸ਼ਟਰੀ ਖ਼ਬਰਾਂ ਵਿਚ ਪੇਸ਼ ਕੀਤੀ ਸਮੱਗਰੀ ਦੇ ਸਿਆਸੀ, ਆਰਥਿਕ, ਸਭਿਆਚਾਰਕ ਅਤੇ ਵਿਚਾਰਧਾਰਕ ਪਹਿਲੂਆਂ ਤੇ ਨਜ਼ਰ ਮਾਰਾਂਗੇ। ਇਸਦੇ ਨਾਲ ਹੀ ਅਸੀਂ ਇਸ ਮੀਡੀਏ ਵਿਚ ਜੋ ਕੁੱਝ ਪੇਸ਼ ਨਹੀਂ ਕੀਤਾ ਜਾਂਦਾ ਉਸ ਉੱਪਰ ਵੀ ਨਿਗ੍ਹਾ ਮਾਰਾਂਗੇ।

ਕਨੇਡਾ ਦੇ ਇਕ ਪੱਤਰਕਾਰ ਬਰਾਇਨ ਸਟੂਅਰਟ ਦੇ ਸਯੁੰਕਤ ਰਾਜ ਅਮਰੀਕਾ ਦੇ ਮੀਡੀਏ ਬਾਰੇ ਵਿਚਾਰ ਕੁੱਝ ਇਸ ਤਰ੍ਹਾਂ ਹਨ। ਉਸ ਅਨੁਸਾਰ ਸੰਯੁਕਤ ਰਾਜ ਅਮਰੀਕਾ ਦਾ ਮੀਡੀਆ ਖ਼ਬਰ ਦੇਣ ਤੋਂ ਪਹਿਲਾਂ ਇਸ ਤਰ੍ਹਾਂ ਦੇ ਸੁਆਲ ਪੁੱਛਦਾ ਹੈ– ਇਸ ਖ਼ਬਰ ਦਾ ਵਸ਼ਿੰਗਟਨ ਲਈ ਕੀ ਅਰਥ ਹੈ? ਸੰਯੁਕਤ ਰਾਜ ਅਮਰੀਕਾ ਦਾ ਪ੍ਰੈਜ਼ੀਡੈਂਟ ਇਸ ਬਾਰੇ ਕੀ ਸੋਚੇਗਾ? ਇਸ ਨਾਲ ਸਾਡੇ ਅਤੇ ਦੂਜੇ ਦੇਸ਼ਾਂ ਵਿਚਕਾਰ ਰਿਸ਼ਤਿਆਂ ਤੇ ਕੀ ਅਸਰ ਹੋਵੇਗਾ? ਜੇ ਕੋਈ ਅੰਤਰਰਾਸ਼ਟਰੀ ਘਟਨਾ ਸੰਯੁਕਤ ਰਾਜ ਅਮਰੀਕਾ ਤੇ ਅਸਰ ਨਹੀਂ ਪਾਉਂਦੀ ਤਾਂ ਸਮਝੋ ਉਹ ਘਟਨਾ ਸੰਸਾਰ ਵਿਚ ਵਾਪਰੀ ਹੀ ਨਹੀਂ। ਇਸ ਸੰਬੰਧ ਵਿਚ ਉਹ ਆਪਣੀ ਇਕ ਉਦਾਹਰਣ ਦਿੰਦਾ ਹੈ ਕਿ ਉਸਨੇ ਸੰਯੁਕਤ ਰਾਜ ਅਮਰੀਕਾ ਦੇ ਇਕ ਨਿਊਜ਼ ਨੈਟਵਰਕ ਐਨ. ਬੀ. ਸੀ. ਲਈ ਸੁਡਾਨ ਤੋਂ ਖ਼ਬਰ ਭੇਜੀ। ਇਸ ਖ਼ਬਰ ਵਿਚ ਉਸਨੇ ਬੜੇ ਸਪਸ਼ਟ ਸ਼ਬਦਾਂ ਵਿਚ ਇਹ ਦੱਸਿਆ ਸੀ ਕਿ ਸੁਡਾਨ ਵਿਚ ਇਕ ਵੱਡੀ ਪੱਧਰ ਤੇ ਕਾਲ ਪੈਣ ਜਾ ਰਿਹਾ ਹੈ। ਉਸਦੇ ਕਹਿਣ ਮੁਤਾਬਕ ਐਨ. ਬੀ. ਸੀ. ਨੇ ਉਹ ਖ਼ਬਰ ਪਹਿਲਾਂ ਦੋ ਹਫ਼ਤੇ ਦਿੱਤੀ ਹੀ ਨਹੀਂ ਤੇ ਫਿਰ ਦੋ ਹਫ਼ਤਿਆਂ ਬਾਅਦ ਖ਼ਬਰਾਂ ਦੇ ਇਕ ਪ੍ਰੋਗਰਾਮ ਦੇ ਅਖੀਰ ਤੇ ਐਵੇਂ ਜਿਹੀ ਖ਼ਬਰ ਬਣਾ ਕੇ ਦੇ ਦਿੱਤੀ।

**... ਮੀਡੀਆ ਖ਼ਬਰ ਦੇਣ ਤੋਂ ਪਹਿਲਾਂ ਇਸ ਤਰ੍ਹਾਂ ਦੇ ਸੁਆਲ ਪੁੱਛਦਾ ਹੈ – ਇਸ ਖ਼ਬਰ ਦਾ ਵਸ਼ਿੰਗਟਨ ਲਈ ਕੀ ਅਰਥ ਹੈ? ... ਜੇ ਕੋਈ ਅੰਤਰਰਾਸ਼ਟਰੀ ਘਟਨਾ ਸੰਯੁਕਤ ਰਾਜ ਅਮਰੀਕਾ ਤੇ ਅਸਰ ਨਹੀਂ ਪਾਉਂਦੀ ਤਾਂ ਸਮਝੋ ਉਹ ਘਟਨਾ ਸੰਸਾਰ ਵਿਚ ਵਾਪਰੀ ਹੀ ਨਹੀਂ।**

ਅਜਿਹਾ ਰਵੱਈਆ ਇਕੱਲੇ ਸੰਯੁਕਤ ਰਾਜ ਅਮਰੀਕਾ ਦੇ ਮੀਡੀਏ ਦਾ ਹੀ ਨਹੀਂ ਸਗੋਂ ਸਾਰੇ ਅੰਤਰਾਸ਼ਟਰੀ ਮੀਡੀਏ ਦਾ ਹੈ। ਇਸ ਸੰਬੰਧ ਵਿਚ ਮੀਡੀਏ ਦਾ ਆਲੋਚਕ ਐਨਥਨੀ ਸਮਿੱਥ 1978 ਵਿਚ ਅਫ਼ਗਾਨਿਸਤਾਨ ਵਿਚ ਹੋਏ ਰਾਜ–ਪਲਟੇ ਦੀ ਉਦਾਹਰਣ ਦਿੰਦਾ ਹੈ। ਉਸ ਅਨੁਸਾਰ ਜਦੋਂ ਇਹ ਰਾਜ–ਪਲਟਾ ਹੋਇਆ ਤਾਂ ਲਗਭਗ ਪੱਛਮ ਦੇ ਸਾਰੇ ਮੀਡੀਏ ਨੇ ਜੋ ਮੁੱਢਲਾ ਸੁਆਲ ਪੁੱਛਿਆ, ਉਹ ਇਹ ਸੀ – ਕੀ ਰਾਜ–ਪਲਟੇ ਦੇ ਨਵੇਂ ਨੇਤਾ ਪੱਛਮੀ ਵਿਚਾਰ ਧਾਰਾ ਵਲ ਝੁਕਾਅ ਰੱਖਦੇ ਹਨ ਜਾਂ ਸੋਵੀਅਤ ਪੱਖੀ ਵਿਚਾਰਧਾਰਾ ਵੱਲ? ਅਫ਼ਗਾਨਿਸਤਾਨ ਵਿਚਲੀਆਂ ਹਾਲਤਾਂ ਜਾਂ ਰਾਜ–ਪਲਟੇ ਨਾਲ ਅਫ਼ਗਾਨਿਸਤਾਨੀ ਲੋਕਾਂ ਦੇ ਜੀਵਨ ਤੇ ਕੀ ਅਸਰ ਪੈਣਗੇ ਆਦਿ ਸੁਆਲ ਉਹਨਾਂ ਨੇ ਬਹੁਤ ਚਿਰ ਬਾਅਦ ਪੁੱਛਣੇ ਸ਼ੁਰੂ ਕੀਤੇ। ਇਸ ਤਰ੍ਹਾਂ ਅੰਤਰਰਾਸ਼ਟਰੀ ਮੀਡੀਏ ਲਈ ਅਫ਼ਗਾਨਿਸਤਾਨ ਦੇ ਆਮ ਲੋਕਾਂ ਦੀ ਜ਼ਿੰਦਗੀ ਦੀਆਂ ਮੁਸ਼ਕਿਲਾਂ, ਤੰਗੀਆਂ ਨਾਲੋਂ ਇਹ ਗੱਲ ਜ਼ਿਆਦਾ ਮਹੱਤਵਪੂਰਨ ਸੀ ਕਿ ਅਫ਼ਗਾਨਿਸਤਾਨ ਦਾ ਇਹ ਰਾਜ–ਪਲਟਾ ਪੱਛਮ ਦੇ ਹੱਕ ਵਿਚ ਭੁਗਤਦਾ ਸੀ ਜਾਂ ਵਿਰੁੱਧ।

ਇਸ ਤਰ੍ਹਾਂ ਦੀਆਂ ਕਿੰਨੀਆਂ ਹੀ ਉਦਾਹਰਣਾਂ ਲੱਭੀਆਂ ਜਾ ਸਕਦੀਆਂ ਹਨ ਜੋ ਇਹ ਦਸਦੀਆਂ ਹੋਣ ਕਿ ਜਦੋਂ ਵੀ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਕੋਈ ਰਾਜ–ਪਲਟਾ ਆਇਆ ਹੈ ਜਾਂ ਇਸ ਤਰ੍ਹਾਂ ਦੀ ਕੋਈ ਹੋਰ ਅਣਚੇਤੀ ਘਟਨਾ ਵਾਪਰੀ ਹੈ ਤਾਂ ਅੰਤਰਰਾਸ਼ਟਰੀ ਮੀਡੀਏ ਵਿਚ ਪੇਸ਼ ਹੋਣ ਵਾਲੀਆਂ ਖ਼ਬਰਾਂ ਵਿਚ ਪੱਛਮ ਦੇ ਹਿੱਤਾਂ ਨੂੰ ਪਹਿਲ ਦਿੱਤੀ ਗਈ ਹੈ। ਜਿਵੇਂ 1978 ਵਿਚ ਇਰਾਨ ਵਿਚ ਸ਼ਾਹ ਦੇ ਨਿਜ਼ਾਮ ਦੇ ਰਾਜ–ਪਲਟੇ ਦੇ ਵਕਤ ਅੰਤਰਰਾਸ਼ਟਰੀ ਖ਼ਬਰਾਂ ਵਿਚ ਜੋ ਪੇਸ਼ ਕੀਤਾ ਜਾ ਰਿਹਾ ਸੀ ਉਹ ਇਹ ਸੀ ਕਿ ਇਸ ਰਾਜ–ਪਲਟੇ ਦੇ ਸਿੱਟੇ ਵੱਜੋਂ ਬਰਤਾਨੀਆਂ ਵਿਚ ਕਿੰਨੀਆਂ ਨੌਕਰੀਆਂ ਦਾ ਨੁਕਸਾਨ ਹੋਵੇਗਾ; ਬਰਤਾਨੀਆਂ ਅਤੇ ਸੰਯੁਕਤ ਰਾਜ ਅਮਰੀਕਾ ਦੀਆਂ ਕਿੰਨੀਆਂ ਕੰਪਨੀਆਂ ਦੇ ਠੇਕਿਆਂ ਤੇ ਇਸਦਾ ਅਸਰ ਹੋਵੇਗਾ ਅਤੇ ਕਿਸ ਤਰ੍ਹਾਂ ਦਾ ਅਸਰ ਹੋਵੇਗਾ। ਇਰਾਨ ਦੇ ਆਮ ਲੋਕਾਂ ਦੀਆਂ ਮੁਸ਼ਕਿਲਾਂ ਨਾਲ ਖ਼ਬਰਾਂ ਦਾ ਕੋਈ ਸਰੋਕਾਰ ਨਹੀਂ ਸੀ। ਇਸੇ ਹੀ ਤਰ੍ਹਾਂ 1991 ਵਿਚ ਖਾੜੀ ਦੀ ਜੰਗ ਦੇ ਸਮੇਂ ਕਿੰਨੇ ਹੀ ਦੱਖਣੀ ਏਸ਼ੀਆਈ ਲੋਕ ਕੁਵੇਤ ਵਿਚ ਫਸ ਗਏ ਸਨ। ਉਹਨਾਂ ਦੀਆਂ ਨੌਕਰੀਆਂ, ਜਾਇਦਾਦਾਂ ਅਤੇ ਪੈਸੇ ਧੇਲੇ ਦਾ ਕਾਫ਼ੀ ਨੁਕਸਾਨ ਹੋਇਆ ਸੀ ਅਤੇ ਉਹਨਾਂ ਨੂੰ ਕੈਂਪਾਂ ਵਿਚ ਕਈ ਤਰ੍ਹਾਂ ਦੀਆਂ ਔਖਿਆਈਆਂ ਦਾ ਸਾਹਮਣਾ ਕਰਨਾ ਪਿਆ ਸੀ। ਪਰ ਉਹਨਾਂ ਦੀਆਂ ਮੁਸ਼ਕਿਲਾਂ ਦੀ ਕਹਾਣੀ ਅੰਤਰਰਾਸ਼ਟਰੀ ਖ਼ਬਰ ਮੀਡੀਏ ਵਿਚ ਉਸ ਤਰ੍ਹਾਂ ਪੇਸ਼ ਨਹੀਂ ਕੀਤੀ ਗਈ ਜਿਸ ਤਰ੍ਹਾਂ ਹੋਣੀ ਚਾਹੀਦੀ ਸੀ।

ਪੱਛਮ ਦੇ ਹਿੱਤ ਪਾਲਣ ਦਾ ਸੱਭ ਤੋਂ ਮਹੱਤਵਪੂਰਨ ਢੰਗ ਤੀਜੀ ਦੁਨੀਆਂ ਜਾਂ ਗਰੀਬ ਦੇਸ਼ਾਂ ਵਿਚ ਵਾਪਰ ਰਹੀਆਂ ਮਾੜੀਆਂ ਘਟਨਾਵਾਂ, ਜਿਹਨਾਂ ਵਿਚ ਆਮ ਲੋਕਾਂ ਦਾ ਨੁਕਸਾਨ ਹੁੰਦਾ ਹੋਵੇ, ਦਾ ਵਿਸ਼ਲੇਸ਼ਣ ਕਰਨ ਸਮੇਂ ਪੱਛਮ ਨੂੰ ਉਸਦੀ ਜ਼ਿੰਮੇਵਾਰੀ ਤੋਂ ਮੁਕਤ ਕਰਨਾ ਅਤੇ ਸਾਰਾ ਦੋਸ਼ ਗਰੀਬ ਦੇਸ਼ਾਂ ਦੇ ਸਭਿਆਚਾਰਕ, ਸਿਆਸੀ ਅਤੇ ਆਰਥਿਕ ਹਾਲਤਾਂ ਤੇ ਮੜ੍ਹ ਦੇਣਾ ਹੁੰਦਾ ਹੈ । ਇਸ ਦੀ ਤਾਜ਼ੀ ਮਿਸਾਲ ਸੋਮਾਲੀਆ ਬਾਰੇ ਆ ਰਹੀਆਂ ਖ਼ਬਰਾਂ ਦੇ ਵਿਸ਼ਲੇਸ਼ਣ ਤੋਂ ਦੇਖੀ ਜਾ ਸਕਦੀ ਹੈ। ਸੋਮਾਲੀਆ ਵਿਚ ਚੱਲ ਰਹੀ ਖਾਨਾਜੰਗੀ, ਕਾਲ ਤੇ ਭੁੱਖਮਰੀ ਦੀਆਂ ਖ਼ਬਰਾਂ 1992 ਤੋਂ ਬਾਅਦ ਆਉਣੀਆਂ ਸ਼ੁਰੂ ਹੋਈਆਂ ਹਨ। ਇਹਨਾਂ ਖ਼ਬਰਾਂ ਨੂੰ ਪੜ੍ਹ, ਸੁਣ ਜਾਂ ਦੇਖ ਕੇ ਜੋ ਪ੍ਰਭਾਵ ਪੈਂਦਾ ਹੈ ਉਹ ਇਹ ਹੈ ਕਿ ਇਸ ਖਾਨਾਜੰਗੀ ਅਤੇ ਭੁੱਖਮਰੀ ਦਾ ਕਾਰਨ ਸੋਮਾਲੀਆ ਦੇ ਵੱਖ ਵੱਖ ਕਬੀਲਿਆਂ ਵਿਚਕਾਰ ਖਿੱਤੇ ਦੇ ਕੰਟਰੋਲ ਲਈ ਚੱਲ ਰਹੀ ਲੜਾਈ, ਲਾ–ਕਾਨੂੰਨੀ ਅਤੇ ਅਰਾਜਕਤਾ ਹੈ। ਪਰ ਡੂੰਘਾਈ 'ਚ ਜਾ ਕੇ ਦੇਖਣ ਵਾਲੇ ਵਿਦਵਾਨਾਂ ਦੀ ਰਾਇ ਇਸ ਦੇ ਉਲਟ ਹੈ। ਉਦਾਹਰਣ ਲਈ ਹਸਨ ਦੇ. ਮੁਹੰਮਦ 'ਰਿਫਿਊਜ਼' ਮੈਗਜ਼ੀਨ ਦੇ ਅਪ੍ਰੈਲ 1994 ਦੇ ਅੰਕ ਵਿਚ ਲਿਖੇ ਆਪਣੇ ਲੇਖ ਵਿਚ ਲਿਖਦਾ ਹੈ ਕਿ ਇਹ ਗੱਲ ਸੱਚ ਹੈ ਕਿ ਇਸ ਸਮੇਂ ਸੋਮਾਲੀਆ ਵਿਚ ਵੱਖ ਵੱਖ ਕਬੀਲੇ ਆਪਸ ਵਿਚ ਲੜ ਰਹੇ ਹਨ। ਪਰ ਇਹ ਤੱਥ ਬਿਮਾਰੀ ਦੇ ਲੱਛਣ ਹਨ ਨਾ ਕਿ ਬਿਮਾਰੀ ਦੇ ਕਾਰਨ। ਉਸ ਅਨੁਸਾਰ ਸੋਮਾਲੀਆ ਵਿਚ ਅੱਜ ਜੋ ਕੁੱਝ ਹੋ ਰਿਹਾ ਹੈ ਉਸਦੇ ਬਹੁਗਿਣਤੀ ਕਾਰਨ ਬਾਹਰੀ ਹਨ। ਉਹਨਾਂ ਵਿਚੋਂ ਦੋ ਪ੍ਰਮੁੱਖ ਕਾਰਨ ਇਹ ਹਨ:

1. ਅਫਰੀਕਾ ਵਿਚ ਬਸਤੀਵਾਦ। ਬਸਤੀਵਾਦੀ ਦੌਰ ਦੌਰਾਨ ਵੱਖ ਵੱਖ ਪੱਛਮੀ ਬਸਤੀਵਾਦੀ ਤਾਕਤਾਂ ਨੇ ਸੋਮਾਲੀ ਕੌਮ ਨੂੰ ਆਪਣੀ ਸਹੂਲਤਾਂ

ਲਈ ਪੰਜ ਵੱਖ ਵੱਖ ਨਕਲੀ ਖਿੱਤਿਆ ਵਿਚ ਵੰਡ ਦਿੱਤਾ। ਇਸ ਨਕਲੀ ਵੰਡ ਨਾਲ ਕਬੀਲਿਆਂ ਵਿਚਕਾਰ ਚੱਲ ਰਹੀ ਅੱਜ ਦੀ ਲੜਾਈ ਦਾ ਮੁੱਢ ਵੱਜਾ।

2. ਦੁਨੀਆਂ ਦੀਆਂ ਪ੍ਰਮੁੱਖ ਤਾਕਤਾਂ ਵਿਚਕਾਰ ਚੱਲੀ ਠੰਡੀ ਜੰਗ। ਇਸ ਜੰਗ ਦੌਰਾਨ ਪਿਛਲੇ 20 ਸਾਲਾਂ ਵਿਚ ਅਮਰੀਕਾ ਅਤੇ ਸਾਬਕਾ ਸੋਵੀਅਤ ਯੂਨੀਅਨ ਨੇ ਆਪਣੇ ਆਪਣੇ ਹਿੱਤਾਂ ਖਾਤਰ ਸੋਮਾਲੀਆ ਅੰਦਰ ਵੱਖ ਵੱਖ ਸਮੇਂ ਦਖਲਅੰਦਾਜ਼ੀ ਕੀਤੀ ਜੋ ਹੁਣ ਦੀ ਚਲ ਰਹੀ ਖਾਨਾਜੰਗੀ ਦਾ ਇਕ ਮਹੱਤਵਪੂਰਨ ਕਾਰਨ ਬਣੀ।

ਜੇ ਇਹ ਕਾਰਨ ਸੋਮਾਲੀਆ ਦੀ ਅੱਜ ਦੀ ਹਾਲਤ ਲਈ ਪੂਰੀ ਤੌਰ ਤੇ ਜਾਂ ਕੁੱਝ ਹੱਦ ਤੱਕ ਜ਼ਿੰਮੇਵਾਰ ਹਨ ਤਾਂ ਸੋਮਾਲੀਆ ਦੀ ਅੱਜ ਦੀ ਹਾਲਤ ਦੀ ਜ਼ਿੰਮੇਵਰੀ (ਸਾਰੀ ਜਾਂ ਕੁੱਝ) ਪੱਛਮ ਦੇ ਅਮੀਰ ਦੇਸ਼ਾਂ ਦੇ ਸਿਰ ਆਉਂਦੀ ਹੈ। ਸ਼ਾਇਦ ਇਸੇ ਲਈ ਹੀ ਸੋਮਾਲੀਆ ਬਾਰੇ ਆ ਰਹੀਆਂ ਅੰਤਰਰਾਸ਼ਟਰੀ ਖਬਰਾਂ ਵਿਚ ਇਹਨਾਂ ਕਾਰਨਾਂ ਤੇ ਘੱਟ ਜ਼ੋਰ ਦਿੱਤਾ ਜਾਂਦਾ ਹੈ ਅਤੇ ਕਬੀਲਿਆਂ ਦੀ ਆਪਸੀ ਲੜਾਈ ਤੇ ਵੱਧ।

ਅੰਤਰਰਾਸ਼ਟਰੀ ਮੀਡੀਏ ਵਿਚ ਜੋ ਖਬਰਾਂ ਪੇਸ਼ ਹੁੰਦੀਆਂ ਹਨ, ਉਹਨਾਂ ਇਕੱਲੀਆਂ ਵਿਚ ਹੀ ਪੱਛਮ ਦੇ ਹਿੱਤਾਂ ਦਾ ਖਿਆਲ ਨਹੀਂ ਰੱਖਿਆ ਜਾਂਦਾ ਸਗੋਂ ਜੋ ਅੰਤਰਰਾਸ਼ਟਰੀ ਖਬਰਾਂ ਮੀਡੀਏ ਵਿਚ ਪੇਸ਼ ਨਹੀਂ ਕੀਤੀਆਂ ਜਾਂਦੀਆਂ ਉਹਨਾਂ ਬਾਰੇ ਫੈਸਲਾ ਲੈਣ ਸਮੇਂ ਵੀ ਪੱਛਮ ਦੇ ਜਾਂ ਸਨਅਤੀ ਦੇਸ਼ਾਂ ਦੇ ਹਿੱਤਾਂ ਦਾ ਖਿਆਲ ਰੱਖਿਆ ਜਾਂਦਾ ਹੈ। ਉਦਾਹਰਣ ਲਈ ਖਾੜੀ ਦੇ ਸੰਕਟ ਦੇ ਸ਼ੁਰੂ ਦੇ ਦਿਨਾਂ ਵਿਚ ਇਹ ਖਬਰ ਸਾਹਮਣੇ ਆਈ ਸੀ ਕਿ ਉਸ ਸਮੇਂ ਸੰਯੁਕਤ ਰਾਜ ਅਮਰੀਕਾ ਦੇ ਇਰਾਕ ਵਿਚਲੇ ਰਾਜਦੂਤ ਐਪਰਲ ਗਲੇਸਪੀ ਅਤੇ ਸਦਾਮ ਹੁਸੈਨ ਵਿਚਕਾਰ ਇਕ ਮੁਲਾਕਾਤ ਹੋਈ ਸੀ ਜਿਸ ਵਿਚ ਗਲੇਸਪੀ ਨੇ ਕਿਹਾ ਸੀ ਕਿ ਕੁਵੈਤ ਅਤੇ ਇਰਾਕ ਵਿਚਕਾਰ ਝਗੜੇ ਬਾਰੇ ਅਮਰੀਕਾ ਦਾ ਕੋਈ ਸਰੋਕਾਰ ਨਹੀਂ ਹੈ। ਅਮਰੀਕਾ ਇਸਨੂੰ ਅਰਬ ਮੁਲਕਾਂ ਦਾ ਆਪਣਾ ਮਸਲਾ ਸਮਝਦਾ ਹੈ। ਇਸ ਗੱਲ ਦਾ ਬਹੁਤ ਮਗਰੋਂ (7 ਮਹੀਨਿਆਂ ਬਾਅਦ) ਗਲੇਸਪੀ ਨੇ ਖੰਡਨ ਕੀਤਾ ਸੀ। ਪਰ ਇਹਨਾਂ 7 ਮਹੀਨਿਆਂ ਦੌਰਾਨ ਅਮਰੀਕੀ ਅਤੇ ਅੰਤਰਰਾਸ਼ਟਰੀ ਮੀਡੀਏ ਨੇ ਗਲੇਸਪੀ ਨਾਲ ਕੋਈ ਇੰਟਰਵੀਊ ਵਗੈਰਾ ਕਰਕੇ ਉਸਨੂੰ ਇਸ ਸੰਬੰਧੀ ਸੁਆਲ ਨਹੀਂ ਪੁੱਛੇ ਸਨ ਅਤੇ ਉਸਦੇ ਵਿਚਾਰ ਲੋਕਾਂ ਅੱਗੇ ਨਹੀਂ ਰੱਖੇ ਸਨ। ਜਦੋਂ ਕਿ ਇਸ ਸਮੇਂ ਦੌਰਾਨ ਗਲੇਸਪੀ ਅਮਰੀਕਾ ਵਿਚ ਹੀ ਸੀ ਅਤੇ ਅੰਤਰਰਾਸ਼ਟਰੀ ਖਬਰਾਂ ਦੇਣ ਵਾਲੀਆਂ ਪ੍ਰਮੁੱਖ ਏਜੰਸੀਆਂ ਏ. ਪੀ. ਅਤੇ ਯੂ. ਪੀ. ਆਈ. ਅਤੇ ਸੀ. ਐਨ. ਐਨ. ਦੇ ਮੁੱਖ ਦਫਤਰ ਅਮਰੀਕਾ ਵਿਚ ਹਨ। ਅਜਿਹਾ ਕਿਉਂ ਨਹੀਂ ਹੋਇਆ? ਕਿਉਂਕਿ ਖਾੜੀ ਦੀ ਜੰਗ ਦੌਰਾਨ ਅੰਤਰਰਾਸ਼ਟਰੀ ਮੀਡੀਏ ਵਲੋਂ ਗਲੇਸਪੀ ਨਾਲ ਇੰਟਰਵੀਊ ਕਰਕੇ ਇਸ ਖਬਰ ਨੂੰ ਲੋਕਾਂ ਸਾਹਮਣੇ ਲਿਆਉਣਾ ਅਮਰੀਕਾ ਅਤੇ ਉਸਦੇ ਮਿੱਤਰ ਦੇਸ਼ਾਂ ਦੇ ਹਿੱਤ ਵਿਚ ਨਹੀਂ ਸੀ।

ਕਿਹੜੀ ਖਬਰ ਪੇਸ਼ ਕਰਨੀ ਹੈ ਅਤੇ ਕਿਹੜੀ ਖਬਰ ਪੇਸ਼ ਨਹੀਂ ਕਰਨੀ, ਅਜਿਹਾ ਕਰਕੇ ਦਰਅਸਲ ਅੰਤਰਰਾਸ਼ਟਰੀ ਖਬਰ ਮਾਧਿਅਮ ਇਕ ਅਜੰਡਾ ਸਥਾਪਤ ਕਰ ਦਿੰਦਾ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਕਿਹੜੀ ਗੱਲ ਬਾਰੇ ਗੱਲਬਾਤ ਹੋਣੀ ਹੈ ਅਤੇ ਕਿਹੜੀ ਬਾਰੇ ਨਹੀਂ। ਦੁਨੀਆਂ ਵਿਚ ਸਰਕਾਰੀ ਅਤੇ ਗੈਰ-ਸਰਕਾਰੀ ਜ਼ੁਲਮ ਦਾ ਸ਼ਿਕਾਰ ਹੋ ਰਹੇ ਕਿਹੜੇ ਲੋਕਾਂ ਬਾਰੇ ਅੰਤਰਰਾਸ਼ਟਰੀ 'ਪੱਧਰ ਤੇ ਗੱਲ ਕਰਨੀ ਹੈ ਅਤੇ ਕਿਹੜੇ ਲੋਕਾਂ ਬਾਰੇ ਨਹੀਂ ਇਸ ਗੱਲ ਨੂੰ ਦੇਖਣ ਲਈ ਇਕੋ ਸਮੇਂ ਸੰਸਾਰ ਵਿਚ ਵਾਪਰ ਰਹੀਆਂ ਵੱਖ ਘਟਨਾਵਾਂ ਬਾਰੇ ਅੰਤਰਰਾਸ਼ਟਰੀ ਮੀਡੀਏ ਦੇ ਰਵੱਈਏ ਨੂੰ ਦੇਖਣਾ ਜ਼ਰੂਰੀ ਹੈ। ਇਸ ਸੰਬੰਧ ਵਿਚ ਪਹਿਲੀ ਉਦਾਹਰਣ ਕੰਬੋਡੀਆ ਅਤੇ ਪੂਰਬੀ ਤੀਮੋਰ ਬਾਰੇ ਹੈ ਅਤੇ ਦੂਸਰੀ ਪੋਲੈਂਡ ਅਤੇ ਤੁਰਕੀ ਵਿਚ ਟਰੇਡ ਯੂਨੀਅਨ ਲਹਿਰ ਬਾਰੇ।

ਅਪ੍ਰੈਲ1975 ਵਿਚ ਕੰਬੋਡੀਆ ਵਿਚ ਪੋਲ ਪੋਟ ਦੀ ਲੀਡਰਸ਼ਿੱਪ ਹੇਠ ਕੇਮਰੂਜ਼ ਦਾ ਰਾਜ ਆ ਗਿਆ ਸੀ। ਕੰਬੋਡੀਆ ਉੱਤੇ ਕੇਮਰੂਜ਼ ਦਾ ਰਾਜ ਦਸੰਬਰ 1978 ਤੱਕ ਰਿਹਾ। ਕੇਮਰੂਜ਼ ਦੇ ਇਹਨਾਂ ਤਿੰਨਾਂ ਸਾਲਾਂ ਦੇ ਰਾਜ ਦੌਰਾਨ ਕੰਬੋਡੀਆ ਵਿਚ ਲੱਖਾਂ ਲੋਕ ਮਾਰੇ ਗਏ। ਇਕ ਅੰਦਾਜ਼ੇ ਅਨੁਸਾਰ ਉਸ ਸਮੇਂ ਦੌਰਾਨ ਮਰਨ ਵਾਲੇ ਕੰਬੋਡੀਆ ਦੇ ਲੋਕਾਂ ਦੀ ਗਿਣਤੀ ਸਾਢੇ ਸੱਤ ਲੱਖ ਹੈ। ਇਸ ਵਿਚੋਂ 2-3 ਲੱਖ ਦੇ ਕਰੀਬ ਲੋਕ ਕੇਮਰੂਜ਼ ਵਲੋਂ ਕਤਲ ਕੀਤੇ ਗਏ ਅਤੇ ਬਾਕੀ ਦੇ ਲੋਕੀਂ ਉਹਨਾਂ ਵਲੋਂ ਕੰਬੋਡੀਆ ਵਿਚ ਪੈਦਾ ਕੀਤੀਆਂ ਰਹਿਣ ਦੀਆਂ ਹਾਲਤਾਂ ਕਾਰਨ ਮਰੇ। ਇਹਨਾਂ ਕਤਲਾਂ ਬਾਰੇ ਅੰਤਰਰਾਸ਼ਟਰੀ ਮੀਡੀਏ ਵਿਚ ਵੱਡੀ ਪੱਧਰ ਤੇ ਖਬਰਾਂ ਦਿੱਤੀਆਂ ਗਈਆਂ। ਅੰਤਰਰਾਸ਼ਟਰੀ ਮੀਡੀਏ ਵਿਚ ਇਹਨਾਂ ਕਤਲਾਂ ਨੂੰ ਨਸਲਕੁਸ਼ੀ (ਜੈਨੋਸਾਈਡ) ਦਾ ਨਾਂ ਦਿੱਤਾ ਗਿਆ ਅਤੇ ਪੋਲ ਪੋਟ ਦੀ ਹਿਟਲਰ ਨਾਲ ਤੁਲਨਾ ਕੀਤੀ ਗਈ।

ਦੂਜੇ ਪਾਸੇ ਇਸ ਹੀ ਸਮੇਂ ਦੌਰਾਨ, ਦਸੰਬਰ 1975, ਵਿਚ ਇੰਡੋਨੇਸ਼ੀਆ ਨੇ ਆਪਣੇ ਗੁਆਂਢੀ ਛੋਟੇ ਜਿਹੇ ਮੁਲਕ ਪੂਰਬੀ ਤਿਮੂਰ ਤੇ ਹਮਲਾ ਕੀਤਾ। ਉਦੋਂ ਤੋਂ ਹੁਣ ਤੱਕ ਪੂਰਬੀ ਤਿਮੂਰ ਇੰਡੋਨੇਸ਼ੀਆ ਦੇ ਕਬਜ਼ੇ ਹੇਠ ਹੈ। 1983 ਵਿਚ ਲਾਏ ਗਏ ਇਕ ਅੰਦਾਜ਼ੇ ਮੁਤਾਬਕ ਇੰਡੋਨੇਸ਼ੀਆ ਦੀ ਫੌਜੀ ਹਕੂਮਤ ਦੇ ਕਬਜੇ ਅਧੀਨ ਦੋ ਲੱਖ (2,00,000) ਤਿਮੂਰੀ ਮਾਰੇ ਗਏ ਹਨ। ਮਾਰੇ ਗਏ ਲੋਕਾਂ ਦੀ ਇਹ ਗਿਣਤੀ ਤਿਮੂਰੀ ਲੋਕਾਂ ਦੀ ਕੁਲ ਵਸੋਂ ਦਾ ਤੀਜਾ ਹਿੱਸਾ ਬਣਦੀ ਹੈ। ਹੁਣ ਵੀ ਇੰਡੋਨੇਸ਼ੀਆ ਦੇ ਫੌਜੀਆਂ ਵਲੋਂ ਪੂਰਬੀ ਤਿਮੂਰ ਦੇ ਲੋਕਾਂ ਤੇ ਜ਼ੁਲਮ ਜਾਰੀ ਹਨ। 1975 ਅਤੇ 1982 ਵਿਚਕਾਰ ਯੂਨਾਈਟਿਡ ਨੇਸ਼ਨਜ਼ ਦੀ ਸਕਿਉਰਟੀ ਕੌਂਸਲ ਨੇ ਦੋ ਅਤੇ ਜਨਰਲ ਅਸੰਬਲੀ ਨੇ ਅੱਠ ਮਤੇ ਪਾਸ ਕੀਤੇ ਹਨ ਜਿਹਨਾਂ ਵਿਚ ਪੂਰਬੀ ਤਿਮੂਰ ਨੂੰ ਸਵੈ-ਨਿਰਣੇ (ਸੈਲਫ ਡਿਟਰਮੀਨੇਸ਼ਨ) ਦਾ ਹੱਕ ਦੇਣ ਅਤੇ ਇੰਡੋਨੇਸ਼ੀਆ ਨੂੰ ਆਪਣੀਆਂ ਫੌਜਾਂ ਪੂਰਬੀ ਤਿਮੂਰ ਤੋਂ ਬਾਹਰ ਕੱਢਣ ਲਈ ਕਿਹਾ ਗਿਆ ਹੈ। ਪਰ ਪਿਛਲੇ 18 ਸਾਲਾਂ ਦੌਰਾਨ ਪੂਰਬੀ ਤਿਮੂਰ ਬਾਰੇ ਅੰਤਰਰਾਸ਼ਟਰੀ ਮੀਡੀਏ ਵਿਚ ਬਹੁਤ ਘੱਟ ਖਬਰਾਂ ਆਈਆਂ ਹਨ ਜਦੋਂ ਕਿ ਪੂਰਬੀ ਤਿਮੂਰ ਦੀਆਂ ਘਟਨਾਵਾਂ ਦਾ ਸਮਾਂ ਅਤੇ ਹਾਲਾਤ ਕੰਬੋਡੀਆ ਨਾਲ ਮਿਲਦੇ ਜੁਲਦੇ ਹਨ। ਸਵਾਲ ਉੱਠਦਾ ਹੈ ਅਜਿਹਾ ਕਿਉਂ?

ਇਸਦਾ ਜੁਆਬ ਇਹ ਤੱਥ ਹਨ। ਕੰਬੋਡੀਆ ਵਿਚ ਪੋਲ ਪੋਟ ਅਮਰੀਕਾ ਦੇ ਪਿੱਠੂ ਲੋਨ ਨੋਲ ਨੂੰ ਹਰਾ ਕੇ ਤਾਕਤ ਵਿਚ ਆਇਆ ਸੀ। ਕੰਬੋਡੀਆ ਵਿਚ ਲੋਨ ਨੋਲ ਦਾ ਰਾਜ ਅਮਰੀਕਾ ਵਲੋਂ ਵੀਅਤਨਾਮ ਵਿਰੁੱਧ ਲੜੀ ਜਾ ਰਹੀ ਜੰਗ ਲਈ ਸਹਾਈ ਸੀ। ਦੂਜੇ ਹੱਥ ਪੋਲ ਪੋਟ ਅਮਰੀਕਾ ਦੇ ਹਿੱਤਾਂ ਵਿਰੁੱਧ ਸੀ। ਇਸ ਲਈ ਪੋਲ ਪੋਟ ਵਲੋਂ ਕੀਤੀ ਗਈ ਕਤਲੋਗਾਰਤ ਦਾ ਅੰਤਰਰਾਸ਼ਟਰੀ ਮੀਡੀਏ ਵਿਚ ਆਉਣਾ ਅਮਰੀਕਾ ਦੇ ਹਿੱਤਾਂ ਵਿਚ ਸੀ। ਦੂਜੇ ਬੰਨੇ ਤਿਮੂਰ 'ਤੇ ਇੰਡੋਨੇਸ਼ੀਆ ਦਾ ਹਮਲਾ ਅਮਰੀਕਾ ਦੀ ਅਸਿੱਧੀ ਹਮਾਇਤ ਨਾਲ ਹੋਇਆ ਸੀ। ਇੰਡੋਨੇਸ਼ੀਆ ਨੇ ਪੂਰਬੀ ਤਿਮੂਰ ਤੇ ਹਮਲਾ 7 ਦਸੰਬਰ 1975 ਨੂੰ ਕੀਤਾ ਸੀ। ਉਸ ਹੀ ਦਿਨ ਸੰਯੁਕਤ ਰਾਜ ਅਮਰੀਕਾ ਦਾ ਪ੍ਰੈਜ਼ੀਡੈਂਟ ਫੋਰਡ ਅਤੇ ਸੈਕਟਰੀ ਆਫ ਸਟੇਟ ਹੈਨਰੀ ਕਸਿੰਜਰ ਆਪਣਾ ਇੰਡੋਨੇਸ਼ੀਆ ਦਾ ਦੌਰਾ ਖਤਮ ਕਰਕੇ ਇੰਡੋਨੇਸ਼ੀਆ ਤੋਂ ਨਿਕਲੇ ਸਨ।

ਉਦੋਂ ਤੋਂ ਲੈਕੇ ਹੁਣ ਤੱਕ ਸੰਯੁਕਤ ਰਾਜ ਅਮਰੀਕਾ, ਬਰਤਾਨੀਆ ਅਤੇ ਅਸਟ੍ਰੇਲੀਆ ਵਲੋਂ ਇੰਡੋਨੇਸ਼ੀਆ ਦੀ ਹਿਮਾਇਤ ਜਾਰੀ ਹੈ ਕਿਉਂਕਿ

ਇੰਡੋਨੇਸ਼ੀਆ ਨਾਲ ਇਹਨਾਂ ਮੁਲਕਾਂ ਦੇ ਆਰਥਿਕ, ਵਪਾਰਕ ਅਤੇ ਸਿਆਸੀ ਹਿੱਤ ਬੱਝੇ ਹੋਏ ਹਨ। ਉਦਾਹਰਣ ਲਈ 1989 ਵਿਚ ਅਸਟ੍ਰੇਲੀਆ ਅਤੇ ਇੰਡੋਨੇਸ਼ੀਆ ਵਿਚਕਾਰ ਅਸਟ੍ਰੇਲੀਆ ਅਤੇ ਪੂਰਬੀ ਤਿਮੂਰ ਵਿਚਕਾਰ ਪੈਂਦੇ ਸਮੁੰਦਰ ਵਿਚ ਤੇਲ ਅਤੇ ਗੈਸ ਕੱਢਣ ਦਾ ਸਮਝੌਤਾ ਹੋਇਆ ਹੈ। ਇਸ ਸਮਝੌਤੇ ਕਾਰਨ ਅਸਟ੍ਰੇਲਿਆ, ਜਾਪਾਨ, ਸੰਯੁਕਤ ਰਾਜ ਅਮਰੀਕਾ ਅਤੇ ਬਰਤਾਨੀਆ ਦੀਆਂ 12 ਬਹੁਕੌਮੀ ਕਾਰਪੋਰੇਸ਼ਨਾਂ ਨੂੰ ਵਪਾਰਕ ਠੇਕੇ ਮਿਲੇ ਹਨ। 1978 ਤੋਂ ਬ੍ਰਿਟਿਸ਼ ਏਅਰੋਸਪੇਸ ਕੰਪਨੀ ਵਲੋਂ ਇੰਡੋਨੇਸ਼ੀਆ ਨੂੰ ਹਥਿਆਰ ਵੇਚੇ ਜਾ ਰਹੇ ਹਨ। ਸੰਨ 1993 ਵਿਚ ਏਅਰੋਸਪੇਸ ਕੰਪਨੀ ਨੇ ਇੰਡੋਨੇਸ਼ੀਆ ਨੂੰ 12 ਕ੍ਰੋੜ ਡਾਲਰ ਦੇ 'ਹਾਅਕ' ਜਹਾਜ਼ ਵੇਚਣ ਦਾ ਸਮਝੌਤਾ ਕੀਤਾ ਸੀ। ਇੰਡੋਨੇਸ਼ੀਆ ਵਲੋਂ ਪੂਰਬੀ ਤਿਮੂਰ ਵਿਚ ਕੀਤੇ ਜਾ ਰਹੇ ਜ਼ੁਲਮਾਂ ਬਾਰੇ ਅੰਤਰਰਾਸ਼ਟਰੀ ਪੱਧਰ ਤੇ ਚਰਚਾ ਛਿੜਨ ਨਾਲ ਪੱਛਮ ਦੇ ਦੇਸ਼ਾਂ ਦੇ ਇੰਡੋਨੇਸ਼ੀਆ ਨਾਲ ਵਪਾਰਕ ਸੰਬੰਧਾਂ ਤੇ ਫਰਕ ਪੈ ਸਕਦਾ ਹੈ ਅਤੇ ਪੱਛਮ ਦੇ ਵਪਾਰਕ, ਆਰਥਿਕ ਅਤੇ ਮਿਲਟਰੀ ਹਿੱਤਾਂ ਨੂੰ ਨੁਕਸਾਨ ਹੋ ਸਕਦਾ ਹੈ। ਨਤੀਜੇ ਵਜੋਂ ਅੰਤਰਰਾਸ਼ਟਰੀ ਖਬਰ ਮਾਧਿਅਮ ਰਾਹੀਂ ਤਿਮੂਰ ਬਾਰੇ ਬਹੁਤ ਘੱਟ ਦੱਸਿਆ ਜਾ ਰਿਹਾ ਹੈ।

ਇਸ ਸੰਬੰਧ ਵਿਚ ਅਗਲੀ ਉਦਾਹਰਣ ਦੇਣ ਤੋਂ ਪਹਿਲਾਂ ਕੰਬੋਡੀਆ ਬਾਰੇ ਇਕ ਹੋਰ ਗੱਲ ਜਾਨਣੀ ਵੀ ਜ਼ਰੂਰੀ ਹੈ। ਸੰਨ 1969-75 ਵਿਚਕਾਰ, ਕੰਬੋਡੀਆ ਵਿਚ ਉੱਤਰੀ ਵੀਅਤਨਾਮੀ ਫੌਜਾਂ ਦੇ ਟਿਕਾਣਿਆਂ ਤੇ ਸੱਟ ਮਾਰਨ ਲਈ ਅਮਰੀਕਾ ਵਲੋਂ ਵੱਡੀ ਪੱਧਰ ਤੇ ਬੰਬਾਰੀ ਕੀਤੀ ਗਈ ਸੀ। ਇਸ ਬੰਬਾਰੀ ਕਾਰਨ ਸਿੱਧੇ ਅਤੇ ਅਸਿੱਧੇ ਰੂਪ ਵਿਚ 6 ਲੱਖ ਦੇ ਕਰੀਬ ਕੰਬੋਡੀਆ ਦੇ ਲੋਕ ਮਾਰੇ ਗਏ ਸਨ। ਇਸ ਵੱਡੀ ਗਿਣਤੀ ਵਿਚ ਲੋਕਾਂ ਦੇ ਮਾਰੇ ਜਾਣ ਦਾ ਵੀ ਅੰਤਰਰਾਸ਼ਟਰੀ ਮੀਡੀਏ ਵਿਚ ਬਹੁਤ ਘੱਟ ਚਰਚਾ ਹੋਇਆ ਹੈ ਕਿਉਂਕਿ ਇਹਨਾਂ ਮੌਤਾਂ ਦੀ ਜ਼ਿੰਮੇਵਾਰੀ ਸੰਯੁਕਤ ਰਾਜ ਅਮਰੀਕਾ ਸਿਰ ਆਉਂਦੀ ਹੈ।

ਅਗਲੀ ਉਦਾਹਰਣ 1979-80 ਦੌਰਾਨ ਪੋਲੈਂਡ ਅਤੇ ਤੁਰਕੀ ਵਿਚ ਟਰੇਡ ਯੂਨੀਅਨ ਲਹਿਰ ਨਾਲ ਸੰਬੰਧਤ ਹੈ। ਸੰਨ 1979-80 ਵਿਚ ਪੋਲੈਂਡ ਦੀ ਸਰਕਾਰ ਵਿਰੁੱਧ ਪੋਲੈਂਡ ਦੀ ਟਰੇਡ ਯੂਨੀਅਨ ਸੌਲਿਡੈਰਟੀ ਦੀ ਲੀਡਰਸ਼ਿੱਪ ਹੇਠ ਇਕ ਵੱਡੀ ਲਹਿਰ ਉੱਠੀ ਸੀ। ਇਸ ਲਹਿਰ ਨਾਲ ਨਜਿੱਠਣ ਲਈ ਪੋਲੈਂਡ ਦੀ ਉਸ ਸਮੇਂ ਦੀ ਸਰਕਾਰ ਨੇ ਮਾਰਸ਼ਲ ਲਾਅ ਲਾਗੂ ਕੀਤਾ ਸੀ। ਮਾਰਸ਼ਲ ਲਾਅ ਅਧੀਨ ਸੌਲਿਡੈਰਟੀ ਟਰੇਡ ਯੂਨੀਅਨ ਦੇ ਨੇਤਾਵਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ, ਮੁਜ਼ਾਹਰੇ ਕਰਨ ਤੇ ਰੋਕਾਂ ਲਾਈਆਂ ਗਈਆਂ ਅਤੇ ਇਸ ਲਹਿਰ ਨੂੰ ਰੋਕਣ ਲਈ ਕਈ ਤਰ੍ਹਾਂ ਦੀਆਂ ਹੋਰ ਰੋਕਾਂ ਲਾਈਆਂ ਗਈਆਂ ਸਨ। ਇਸ ਸੱਭ ਕੁੱਝ ਨੂੰ ਅੰਤਰਰਾਸ਼ਟਰੀ ਮੀਡੀਏ ਵਿਚ ਇਕ ਵੱਡੀ ਪੱਧਰ ਤੇ ਪੇਸ਼ ਕੀਤਾ ਗਿਆ।

ਇਸ ਹੀ ਸਮੇਂ ਦੌਰਾਨ ਤੁਰਕੀ ਵਿਚ ਵੀ ਤੁਰਕੀ ਦੀ ਸਰਕਾਰ ਵਲੋਂ ਟਰੇਡ ਯੂਨੀਅਨ ਲਹਿਰ ਨਾਲ ਨਜਿੱਠਣ ਲਈ ਮਾਰਸ਼ਲ ਲਾਅ ਲਾਗੂ ਕੀਤਾ ਗਿਆ ਸੀ। ਉੱਥੇ ਵੀ ਮਾਰਸ਼ਲ ਲਾਅ ਅਧੀਨ ਟਰੇਡ ਯੂਨੀਅਨ ਲਹਿਰ ਦੇ ਨੇਤਾਵਾਂ ਦੀਆਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਸਨ, ਉਹਨਾਂ ਤੇ ਦੇਸ਼ ਧ੍ਰੋਹੀ ਹੋਣ ਦੇ ਮੁਕੱਦਮੇ ਚਲਾਉਣ ਦੀਆਂ ਧਮਕੀਆਂ ਦਿੱਤੀਆਂ ਗਈਆਂ ਸਨ ਅਤੇ ਟਰੇਡ ਯੂਨੀਅਨ ਲਹਿਰ ਦੇ ਕਈ ਹੱਕਾਂ ਨੂੰ ਖਤਮ ਕਰ ਦਿੱਤਾ ਗਿਆ ਸੀ। ਤੁਰਕੀ ਦੀ ਇਸ ਹਾਲਤ ਬਾਰੇ ਅੰਤਰਰਾਸ਼ਟਰੀ ਮੀਡੀਏ ਵਿਚ ਬਹੁਤ ਘੱਟ ਖਬਰਾਂ ਦਿੱਤੀਆਂ ਗਈਆਂ ਸਨ। ਕਿਉਂ? ਕਿਉਂਕਿ ਪੋਲੈਂਡ ਦੀ ਕਮਿਊਨਿਸਟ ਸਰਕਾਰ ਵਿਰੁੱਧ ਉੱਠੀ ਟਰੇਡ ਯੂਨੀਅਨ ਲਹਿਰ ਦਾ ਅੰਤਰਰਾਸ਼ਟਰੀ ਪੱਧਰ ਤੇ ਪ੍ਰਚਾਰ ਸੰਯੁਕਤ ਰਾਜ ਅਮਰੀਕਾ ਅਤੇ ਉਸਦੇ ਮਿੱਤਰ ਦੇਸ਼ਾਂ ਦੀ ਸਰਮਾਏਦਾਰੀ ਵਿਚਾਰਧਾਰਾ ਦੇ ਹੱਕ ਵਿਚ ਜਾਂਦਾ ਸੀ। ਦੂਜੇ ਪਾਸੇ ਤੁਰਕੀ ਵਿਚ ਵਾਪਰ ਰਹੀਆਂ ਘਟਨਾਵਾਂ ਦਾ ਅੰਤਰਰਾਸ਼ਟਰੀ ਪੱਧਰ ਤੇ ਪ੍ਰਚਾਰ ਸੰਯੁਕਤ ਰਾਜ ਅਮਰੀਕਾ ਦੇ ਵਿਰੁੱਧ ਜਾ ਸਕਦਾ ਸੀ ਕਿਉਂਕਿ ਤੁਰਕੀ ਵਲੋਂ ਟਰੇਡ ਯੂਨੀਅਨ ਲਹਿਰ ਨਾਲ ਨਜਿੱਠਣ ਲਈ ਜੋ ਕੀਤਾ ਜਾ ਰਿਹਾ ਸੀ ਉਸ ਦਾ ਸੰਯੁਕਤ ਰਾਜ ਅਮਰੀਕਾ ਦੀ ਸਰਕਾਰ ਅਤੇ ਵਪਾਰੀ ਭਾਈਚਾਰੇ ਵਲੋਂ ਸੁਆਗਤ ਕੀਤਾ ਗਿਆ ਸੀ। ਅਮਰੀਕਾ ਦੀ ਸਰਕਾਰ ਵਲੋਂ ਤਾਂ ਇਸ ਸਮੇਂ ਦੌਰਾਨ ਤੁਰਕੀ ਦੀ ਸਰਕਾਰ ਨੂੰ ਦਿੱਤੀ ਜਾਣ ਵਾਲੀ ਆਰਥਿਕ ਅਤੇ ਫੌਜੀ ਮਦਦ ਵਿਚ ਵਾਧਾ ਕੀਤਾ ਗਿਆ ਸੀ। ਅਜਿਹੀਆਂ ਗੱਲਾਂ ਦੇ ਅੰਤਰਰਾਸ਼ਟਰੀ ਮੀਡੀਏ ਵਿਚ ਆਉਣ ਨਾਲ ਸੰਯੁਕਤ ਰਾਜ ਅਮਰੀਕਾ ਦੇ 'ਲੋਕਤੰਤਰ ਪੱਖੀ' ਹੋਣ ਦੇ ਪ੍ਰਭਾਵ ਨੂੰ ਢਾਅ ਲੱਗ ਸਕਦੀ ਸੀ। ਨਤੀਜੇ ਵੱਜੋਂ ਤੁਰਕੀ ਵਿਚ ਵਾਪਰ ਰਹੀਆਂ ਘਟਨਾਵਾਂ ਅੰਤਰਰਾਸ਼ਟਰੀ ਮੀਡੀਏ ਵਿਚ ਉਸ ਤਰ੍ਹਾਂ ਉਭਾਰ ਕੇ ਪੇਸ਼ ਨਹੀਂ ਕੀਤੀਆਂ ਗਈਆਂ ਜਿਸ ਤਰ੍ਹਾਂ ਪੋਲੈਂਡ ਵਿਚ ਵਾਪਰਨ ਵਾਲੀਆਂ ਘਟਨਾਵਾਂ ਪੇਸ਼ ਕੀਤੀਆਂ ਗਈਆਂ ਸਨ।

**ਆਰਥਿਕ ਖੇਤਰ ਵਿਚ ਅੰਤਰਰਾਸ਼ਟਰੀ ਮੀਡੀਏ ਦਾ ਇਕ ਹੋਰ ਰੋਲ ਹੈ - ਸਾਰੇ ਸੰਸਾਰ ਨੂੰ ਇਕਸਾਰ ਖਪਤਕਾਰੀ - ਮੰਡੀ ਵਿਚ ਲੜੀਬੱਧ ਕਰਨਾ ਤਾਂਕਿ ਸੰਸਾਰ ਭਰ ਵਿਚ ਅਮੀਰ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਵਲੋਂ ਤਿਆਰ ਕੀਤੀਆਂ ਵਸਤਾਂ ਵੇਚੀਆਂ ਜਾ ਸਕਣ।**

ਅੰਤਰਰਾਸ਼ਟਰੀ ਖਬਰਾਂ ਤੇ ਅਮੀਰ ਦੇਸ਼ਾਂ ਦਾ ਗਲਬਾ ਏਨਾ ਭਾਰੂ ਹੈ ਕਿ ਜੇ ਗਰੀਬ ਜਾਂ ਤੀਜੀ ਦੁਨੀਆਂ ਦੇ ਦੇਸ਼ ਬਹੁਤੀ ਵਾਰ ਚਾਹੁਣ ਵੀ ਤਾਂ ਆਪਣੇ ਤੌਰ ਤੇ ਵੱਖਰੀ ਗੱਲ ਨਹੀਂ ਕਰ ਸਕਦੇ। ਇਸ ਸੰਬੰਧ ਵਿਚ ਹਿੰਦੁਸਤਾਨ ਦੇ ਸ਼ਹਿਰ ਬੰਬਈ ਤੋਂ ਨਿਕਲਦੇ ਅਖਬਾਰ ਬਲਿਟਜ਼ ਦਾ ਡਿਪਟੀ ਚੀਫ ਐਡੀਟਰ, ਪੀ. ਸੈਨਾਥ ਬਹੁਤ ਹੀ ਦਿਲਚਸਪ ਕਹਾਣੀ ਦਸਦਾ ਹੈ। ਇਹ ਕਹਾਣੀ ਖਾੜੀ ਦੀ ਜੰਗ ਨਾਲ ਸੰਬੰਧਤ ਹੈ। ਜਿਸ ਦਿਨ ਖਾੜੀ ਦੀ ਜੰਗ ਸ਼ੁਰੂ ਹੋਈ, ਉਸ ਦਿਨ ਹਿੰਦੁਸਤਾਨ ਦੇ ਸੱਭ ਤੋਂ ਪ੍ਰਭਾਵਸ਼ਾਲੀ ਅਖਬਾਰ ਟਾਈਮਜ਼ ਆਫ ਇੰਡੀਆ ਨੇ ਆਪਣੇ ਸੰਪਾਦਕੀ ਵਿਚ ਇਸ ਜੰਗ ਦਾ ਜ਼ੋਰਦਾਰ ਸ਼ਬਦਾਂ ਵਿਚ ਖੰਡਨ ਕੀਤਾ ਸੀ। ਉਸ ਸੰਪਾਦਕੀ ਵਿਚ ਸੰਯੁਕਤ ਰਾਜ ਅਮਰੀਕਾ ਦੀ ਕਰੜੀ ਆਲੋਚਨਾ ਕੀਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਸੰਯੁਕਤ ਰਾਜ ਅਮਰੀਕਾ ਦੁਨੀਆਂ ਨੂੰ ਇਕ ਬੇਲੋੜੀ ਜੰਗ ਵਿਚ ਧੱਕ ਰਿਹਾ ਹੈ। ਜੇ ਅਮਰੀਕਾ ਚਾਹੁੰਦਾ ਤਾਂ ਖ਼ਾੜੀ ਦੇ ਮਸਲੇ ਦਾ ਸ਼ਾਂਤੀ-ਪੂਰਵਕ ਹੱਲ ਲੱਭਿਆ ਜਾ ਸਕਦਾ ਸੀ। ਹਿੰਦੁਸਤਾਨ ਦੇ ਹੋਰ ਅਖਬਾਰਾਂ ਜਿਵੇਂ ਹਿੰਦੁਸਤਾਨ ਟਾਈਮਜ਼, ਦੀ ਇਕਨਾਮਿਕ ਟਾਈਮਜ਼ ਅਤੇ ਦੀ ਇੰਡੀਪੈਂਡਿਟ ਵੀ ਟਾਈਮਜ਼ ਆਫ ਇੰਡਿਆ ਦੇ ਸੰਪਾਦਕੀ ਨਾਲ ਸਹਿਮਤ ਸਨ। ਪਰ ਦਿਲਚਸਪੀ ਵਾਲੀ ਗੱਲ ਇਹ ਹੋਈ ਕਿ ਉਹਨਾਂ ਅਖਬਾਰਾਂ ਵਿਚ ਜੰਗ ਬਾਰੇ ਛਪਣ ਵਾਲੀਆਂ ਖਬਰਾਂ ਜੰਗ ਦੇ ਹੱਕ ਵਿਚ ਜਾਂਦੀਆਂ ਸਨ ਕਿਉਂਕਿ ਉਹ ਖਬਰਾਂ ਪੱਛਮੀ ਖਬਰ ਏਜੰਸੀਆਂ/ਸਿੰਡੀਕੇਟਾਂ ਤੋਂ ਪ੍ਰਾਪਤ ਕੀਤੀਆਂ ਗਈਆਂ ਸਨ। ਇਸ ਤਰ੍ਹਾਂ ਇਹਨਾਂ ਅਖਬਾਰਾਂ ਦੇ ਜੰਗ ਵਿਰੋਧੀ ਸੰਪਾਦਕੀ, ਉਹਨਾਂ ਵਿਚ ਛਪਣ ਵਾਲੀਆਂ ਜੰਗ ਪੱਖੀ ਖਬਰਾਂ ਦੇ ਹੇਠ ਨੱਪੇ ਗਏ

ਸਨ।

ਇਕ ਹੋਰ ਗੱਲ ਜੋ ਅੰਤਰਰਾਸ਼ਟਰੀ ਖਬਰਾਂ ਦੇ ਮਾਧਿਅਮ ਰਾਹੀਂ ਆਮ ਕੀਤੀ ਜਾਂਦੀ ਹੈ, ਉਹ ਹੈ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਦੇ ਉਹਨਾਂ ਲੋਕਾਂ, ਜੋ ਸੰਸਾਰ ਪੱਧਰ ਤੇ ਪੱਛਮ ਦੇ ਗਲਬੇ ਵਾਲਾ ਸੰਸਾਰ ਪ੍ਰਬੰਧ ਜਾਂ ਕੌਮੀ ਪੱਧਰ ਤੇ ਪੱਛਮ ਪੱਖੀ ਸਰਕਾਰਾਂ ਅਤੇ ਹੁਕਮਰਾਨਾ ਨੂੰ ਬਦਲਣਾ ਚਾਹੁੰਦੇ ਹਨ, ਨੂੰ ਸਿਰ ਫਿਰੇ, ਸੱਚਾਈ ਨਾਲ ਵਾਸਤਾ ਨਾ ਰੱਖਣ ਵਾਲੇ, ਕੱਟੜ, ਸ਼ੈਤਾਨ ਦੇ ਸ਼ਗਿਰਦ ਆਦਿ ਵਜੋਂ ਪੇਸ਼ ਕੀਤਾ ਜਾਂਦਾ ਹੈ। ਜੇ ਤੁਸੀਂ ਰੋਜ਼ਾਨਾ ਖਬਰਾਂ ਨੂੰ ਧਿਆਨ ਨਾਲ ਦੇਖੋ ਤਾਂ ਤੁਹਾਨੂੰ ਇਸ ਤਰ੍ਹਾਂ ਦੀਆਂ ਸੈਂਕੜੇ ਉਦਾਹਰਣਾਂ ਮਿਲ ਸਕਦੀਆਂ ਹਨ।

ਆਰਥਿਕ ਪੱਖ ਤੇ ਅਮੀਰ ਦੇਸ਼ਾਂ ਦੇ ਹਿੱਤ ਵਿਚ ਅੰਤਰਰਾਸ਼ਟਰੀ ਮੀਡੀਏ ਵਲੋਂ ਕੀਤੀਆਂ ਜਾਣ ਵਾਲੀਆਂ ਗੱਲਾਂ ਵਿਚ ਸੱਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਸ ਵਿਚ ਪੱਛਮ ਦੇ ਆਰਥਿਕ ਪ੍ਰਬੰਧ (ਸਰਮਾਏਦਾਰੀ) ਦੇ ਪ੍ਰੋਗਰਾਮਾਂ ਨੂੰ ਬਿਨਾਂ ਕਿਸੇ ਆਲੋਚਨਾਂ ਦੇ ਦੇਖਿਆਂ ਪੇਸ਼ ਕਰ ਦਿੱਤਾ ਜਾਂਦਾ ਹੈ। ਉਦਾਹਰਣ ਵਜੋਂ ਅੰਤਰਰਾਸ਼ਟਰੀ ਆਰਥਿਕ ਪ੍ਰਬੰਧ ਨਾਲ ਬੱਝੀਆਂ ਅੰਤਰਰਾਸ਼ਟਰੀ ਪੂੰਜੀ ਸੰਸਥਾਵਾਂ ਜਿਵੇਂ ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ. ਐਮ. ਐਫ.) ਅਤੇ ਵਿਸ਼ਵ ਬੈਂਕ (ਵਰਲਡ ਬੈਂਕ) ਵਲੋਂ ਗਰੀਬ ਦੇਸ਼ਾਂ ਤੇ ਠੋਸੇ 'ਸਟਰਕਚਰਲ' ਪ੍ਰੋਗਰਾਮਾਂ ਨੂੰ ਦੇਖਿਆ ਜਾ ਸਕਦਾ ਹੈ। ਵੱਡੀ ਗਿਣਤੀ ਵਿਚ ਸਬੂਤ ਮਿਲਦੇ ਹਨ ਕਿ ਪਿਛਲੇ 20 ਸਾਲਾਂ ਦੌਰਾਨ ਕਿੰਨੇ ਹੀ ਤੀਜੀ ਦੁਨੀਆਂ ਦੇ ਦੇਸ਼ ਹਨ ਜਿਹਨਾਂ ਵਿਚ ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਵਿਸ਼ਵ ਬੈਂਕ ਵਲੋਂ ਚਲਾਏ ਪ੍ਰੋਗਰਾਮ ਬੁਰੀ ਤਰ੍ਹਾਂ ਫੇਲ ਹੋਏ ਹਨ ਅਤੇ ਇਹਨਾਂ ਪ੍ਰੋਗਰਾਮਾਂ ਕਾਰਨ ਉਹਨਾਂ ਮੁਲਕਾਂ ਦੇ ਆਮ ਲੋਕਾਂ ਦੇ ਜੀਵਨ ਪੱਧਰ ਵਿਚ ਨਿਘਾਰ ਆਇਆ ਹੈ। (ਇਸ ਬਾਰੇ ਵਿਸਥਾਰ ਨਾਲ ਜਾਨਣ ਲਈ ਵਤਨ – ਦੇ ਜਨਵਰੀ/ਫਰਵਰੀ/ਮਾਰਚ 93 ਵਿਚ ਛਪਿਆ ਲੇਖਕ ਦਾ ਲੇਖ 'ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਤੀਜੀ ਦੁਨੀਆਂ ਦੇ ਦੇਸ਼ ਦੇਖਿਆ ਜਾ ਸਕਦਾ ਹੈ)। ਪਰ ਅੰਤਰਰਾਸ਼ਟਰੀ ਮੀਡੀਏ ਵਿਚ ਇਹਨਾਂ ਪ੍ਰੋਗਰਾਮਾਂ ਦੀ ਸਾਰਥਿਕਤਾ ਬਾਰੇ ਬਹੁਤ ਘੱਟ ਸਵਾਲ ਉਠਾਏ ਜਾਂਦੇ ਹਨ। ਇਹਨਾਂ ਪ੍ਰੋਗਰਾਮਾਂ ਦੀ ਅਸਫਲਤਾ ਦੀ ਵਿਆਖਿਆ ਕਰਨ ਲਈ ਗਰੀਬ ਦੇਸ਼ਾਂ ਤੇ ਦੋਸ਼ ਸੁੱਟ ਦਿੱਤਾ ਜਾਂਦਾ ਹੈ ਕਿ ਉਥੋਂ ਦੀ ਆਰਥਿਕਤਾ ਪਛੜੀ ਹੋਈ ਹੈ, ਉਥੋਂ ਦੇ ਨੇਤਾ ਅਤੇ ਸਮਾਜ ਭ੍ਰਿਸ਼ਟਾਚਾਰੀ ਹੈ। ਇਹ ਗੱਲ ਸੱਚ ਹੈ ਕਿ ਗਰੀਬ ਦੇਸ਼ਾਂ ਦੀ ਆਰਥਿਕ ਮੰਦਹਾਲੀ ਦਾ ਇਕ ਕਾਰਨ ਉਹਨਾਂ ਦੇਸ਼ਾਂ ਦੇ ਨੇਤਾਵਾਂ ਵਿਚ ਭ੍ਰਿਸ਼ਟਾਚਾਰੀ ਹੈ। ਪਰ ਇਸਦੇ ਨਾਲ ਹੀ ਇਹ ਗੱਲ ਵੀ ਸਹੀ ਹੈ ਕਿ ਉਹਨਾਂ ਦੇਸ਼ਾਂ ਦੀ ਆਰਥਿਕ ਮੰਦਹਾਲੀ ਦਾ ਕਾਰਨ ਸੰਸਾਰਕ ਸਰਮਾਏਦਾਰੀ ਪ੍ਰਬੰਧ ਹੈ ਜਿਸ ਕਾਰਨ ਗਰੀਬ ਦੇਸ਼ਾਂ ਤੋਂ ਵੱਡੀ ਗਿਣਤੀ ਵਿਚ ਦੌਲਤ ਅਮੀਰ ਦੇਸ਼ਾਂ ਵੱਲ ਦਾ ਸਫਰ ਕਰਦੀ ਹੈ। ਜਿਵੇਂ ਵੱਖ ਵੱਖ ਤੱਥਾਂ ਅਨੁਸਾਰ ਅੱਜ 2000 ਕਰੋੜ ਡਾਲਰ ਦੇ ਕਰੀਬ ਦੀ ਦੌਲਤ ਗਰੀਬ ਦੇਸ਼ਾਂ ਤੋਂ ਅਮੀਰ ਦੇਸ਼ਾਂ ਨੂੰ ਆਉਂਦੀ ਹੈ। ਪਰ ਇਸ ਤਰ੍ਹਾਂ ਦੇ ਤੱਥਾਂ ਦਾ ਜ਼ਿਕਰ ਅੰਤਰਰਾਸ਼ਟਰੀ ਖਬਰ ਮੀਡੀਏ ਵਿਚ ਬਹੁਤ ਘੱਟ ਆਉਂਦਾ ਹੈ।

ਉਂਞ ਇਥੇ ਅੰਤਰਰਾਸ਼ਟਰੀ ਮੀਡੀਏ ਵਲੋਂ ਭ੍ਰਿਸ਼ਟਾਚਾਰ ਸਾਬਤ ਕਰਨ ਲਈ ਵਰਤੇ ਜਾਂਦੇ ਦੂਹਰੇ ਮਾਪਾਂ ਤੇ ਵੀ ਇਕ ਸਰਸਰੀ ਨਿਗ੍ਹਾ ਮਾਰ ਲੈਣੀ ਚਾਹੀਦੀ ਹੈ। ਉਦਾਹਰਣ ਲਈ ਅਫਰੀਕਾ ਦੇ ਕਿਸੇ ਦੇਸ਼ ਵਿਚ ਜੇ ਅਫਰੀਕੀ ਦੇਸ਼ਾਂ ਦੇ ਨੇਤਾਵਾਂ ਦੀ ਕੋਈ ਕਾਨਫਰੰਸ ਹੋ ਰਹੀ ਹੋਵੇ ਤਾਂ ਉਸ ਕਾਨਫਰੰਸ ਦੇ ਸਥਾਨ ਨੇੜੇ ਖੜ੍ਹੀਆਂ ਮਹਿੰਗੀਆਂ ਕਾਰਾਂ – ਬੈਨਜ਼, ਮਰਸਡੀਜ਼ ਆਦਿ – ਨੂੰ ਦੇਖ ਕੇ ਅੰਤਰਰਾਸ਼ਟਰੀ ਮੀਡੀਏ ਦਾ ਰੀਪੋਰਟਰ ਇਹ ਸਿੱਟਾ ਕੱਢ ਲੈਂਦਾ ਹੈ ਕਿ ਅਫਰੀਕੀ ਨੇਤਾਵਾਂ ਵਿਚ ਭ੍ਰਿਸ਼ਟਾਚਾਰੀ ਹੈ। ਪਰ ਦੂਜੇ ਪਾਸੇ ਜੇ ਅਫਰੀਕਾ ਦੇ ਹੀ ਕਿਸੇ ਸ਼ਹਿਰ ਵਿਚ ਅੰਤਰਰਾਸ਼ਟਰੀ ਮੁਦਰਾ ਕੋਸ਼ ਜਾਂ ਵਿਸ਼ਵ ਬੈਂਕ ਦੀ ਕੋਈ ਕਾਨਫਰੰਸ ਹੋ ਰਹੀ ਹੋਵੇ ਅਤੇ ਉਸ ਕਾਨਫਰੰਸ ਦੇ ਥਾਂ ਦੇ ਨੇੜੇ ਵੀ ਮਹਿੰਗੀਆਂ ਕਾਰਾਂ – ਬੈਨਜ਼, ਮਰਸਡੀਜ਼ ਆਦਿ – ਖੜ੍ਹੀਆਂ ਹੋਣ ਤਾਂ ਅੰਤਰਰਾਸ਼ਟਰੀ ਮੀਡੀਏ ਦਾ ਇਹ ਰੀਪੋਰਟਰ ਇਹ ਨਤੀਜਾ ਨਹੀਂ ਕੱਢਦਾ ਕਿ ਅੰਤਰਰਾਸ਼ਟਰੀ ਮੁਦਰਾ ਕੋਸ਼ ਅਤੇ ਵਿਸ਼ਵ ਬੈਂਕ ਦੇ ਅਮਲੇ ਫੈਲੇ ਵਿਚ ਭ੍ਰਿਸ਼ਟਾਚਾਰੀ ਹੈ। ਅਜਿਹੇ ਦੂਹਰੇ ਮਾਪ ਕਿਉਂ?

ਅਜਿਹੇ ਹੀ ਦੂਹਰੇ ਮਾਪ ਗਰੀਬ ਦੇਸ਼ਾਂ ਅਤੇ ਅਮੀਰ ਦੇਸ਼ਾਂ ਦੀਆਂ ਆਰਥਿਕ ਮੰਡੀਆਂ ਵਿਚ ਵਾਪਰਦੀਆਂ ਘਟਨਾਵਾਂ ਬਾਰੇ ਪੇਸ਼ ਕੀਤੇ ਜਾਂਦੇ ਦ੍ਰਿਸ਼ਟੀਕੋਣਾਂ ਵਿਚ ਦੇਖੇ ਜਾ ਸਕਦੇ ਹਨ। ਉਦਾਹਰਣ ਲਈ ਜੇ ਤਾਂ ਮੋਟਰਕਾਰਾਂ ਜਾਂ ਟਰੈਕਟਰਾਂ ਦੀਆਂ ਕੀਮਤਾਂ ਵਿਚ ਵਾਧਾ ਹੋਵੇ ਤਾਂ ਅੰਤਰਰਾਸ਼ਟਰੀ ਮੀਡੀਏ ਤੋਂ ਮਿਲਣ ਵਾਲੇ ਪ੍ਰਭਾਵ ਅਨੁਸਾਰ ਕੀਮਤਾਂ ਦੇ ਇਸ ਵਾਧੇ ਵਿਚ ਕਿਸੇ ਦਾ ਕੋਈ ਦੋਸ਼ ਨਹੀਂ ਸਗੋਂ ਇਹ ਤਾਂ ਆਜ਼ਾਦ ਮੰਡੀ ਦੇ ਨਿਯਮਾਂ ਕਰਕੇ ਹੁੰਦਾ ਹੈ। ਪਰ ਦੂਸਰੇ ਪਾਸੇ ਜੇ ਤੇਲ ਜਾਂ ਪੈਟਰੋਲ ਦੀ ਕੀਮਤ ਵਿਚ ਵਾਧਾ ਹੋਵੇ ਤਾਂ ਅੰਤਰਰਾਸ਼ਟਰੀ ਮੀਡੀਏ ਤੋਂ ਮਿਲਣ ਵਾਲੇ ਪ੍ਰਭਾਵ ਤੋਂ ਇਸ ਤਰ੍ਹਾਂ ਲਗਦਾ ਹੈ ਕਿ ਤੇਲ ਜਾਂ ਪੈਟਰੋਲ ਦੀ ਕੀਮਤ ਵਿਚ ਇਹ ਵਾਧਾ ਅਰਬ ਦੇ ਸ਼ੇਖਾਂ ਦੇ ਲਾਲਚੀ ਹੋਣ ਕਰਕੇ ਹੈ।

ਆਰਥਿਕ ਖੇਤਰ ਵਿਚ ਅੰਤਰਰਾਸ਼ਟਰੀ ਮੀਡੀਏ ਦਾ ਇਕ ਹੋਰ ਰੋਲ ਹੈ – ਸਾਰੇ ਸੰਸਾਰ ਨੂੰ ਇਕਸਾਰ ਖਪਤਕਾਰੀ – ਮੰਡੀ ਵਿਚ ਲੜੀਬੱਧ ਕਰਨਾ ਤਾਂਕਿ ਸੰਸਾਰ ਭਰ ਵਿਚ ਅਮੀਰ ਦੇਸ਼ਾਂ ਦੀਆਂ ਬਹੁਕੌਮੀ ਕੰਪਨੀਆਂ ਵਲੋਂ ਤਿਆਰ ਕੀਤੀਆਂ ਵਸਤਾਂ ਵੇਚੀਆਂ ਜਾ ਸਕਣ। ਮੈਕਸੀਕੋ ਵਿਚ ਲੈਟਿਨ ਅਮਰੀਕਨ ਇੰਸਟੀਚਿਊਟ ਫਾਰ ਟਰਾਂਸਨੈਸ਼ਨਲ ਸਟੱਡੀਜ਼ ਦੇ ਜੁਆਨ ਸੋਮਾਵੀਆ ਦੇ ਸ਼ਬਦਾਂ ਵਿਚ, "ਅਜੋਕਾ ਪ੍ਰਬੰਧ ਗਰੀਬ ਦੇਸ਼ਾਂ ਵਿਚ ਅਜਿਹੇ ਜੀਵਨ ਢੰਗ ਅਤੇ ਕਦਰਾਂ ਕੀਮਤਾਂ ਨੂੰ ਫੈਲਾਉਣ ਦਾ ਸਾਧਨ ਹੈ ਜਿਸ ਨਾਲ ਉਹਨਾਂ ਦੇਸ਼ਾਂ ਵਿਚ ਵੀ ਖਪਤਕਾਰੀ ਵਿਚ ਵਾਧਾ ਹੋ ਸਕੇ ਅਤੇ ਅਜਿਹੇ ਸਮਾਜਾਂ ਦੀ ਬਣਤਰ ਨੂੰ ਉਤਸ਼ਾਹ ਮਿਲੇ ਜੋ ਸੰਸਾਰ ਪੱਧਰ ਤੇ ਸਰਮਾਏ ਦੇ ਫੈਲਾਅ ਲਈ ਲੋੜੀਂਦੇ ਹਨ।"

ਇਸ ਤਰ੍ਹਾਂ ਅੰਤਰਰਾਸ਼ਟਰੀ ਮੀਡੀਆ ਆਪਣੇ ਪ੍ਰੋਗਰਾਮਾਂ ਰਾਹੀਂ ਜੋ ਖਬਰਾਂ, ਫਿਲਮੀ ਕਹਾਣੀਆਂ, ਟੀ. ਵੀ. ਪ੍ਰੋਗਰਾਮ, ਇਸ਼ਤਿਹਾਰਬਾਜ਼ੀ ਆਦਿ ਪੇਸ਼ ਕਰਦਾ ਹੈ ਉਹਨਾਂ ਰਾਹੀਂ ਪੱਛਮੀ ਖਪਤਕਾਰੀ ਸਭਿਆਚਾਰਕ ਕਦਰਾਂ-ਕੀਮਤਾਂ ਦਰਸ਼ਕਾਂ/ਪਾਠਕਾਂ ਤੱਕ ਪਹੁੰਚਾਈਆਂ ਜਾਂਦੀਆਂ ਹਨ ਤਾਂਕਿ ਗਰੀਬ ਦੇਸ਼ਾਂ ਦੇ ਦਰਸ਼ਕਾਂ/ਪਾਠਕਾਂ ਦੇ ਜੀਣ ਦਾ ਮਕਸਦ ਵੀ ਇਹ ਹੋਵੇ –'ਮੈਂ ਖਪਤ ਕਰਦਾ ਹਾਂ, ਇਸ ਲਈ ਮੈਂ ਜ਼ਿੰਦਾ ਹਾਂ'।

ਅੰਤਰਰਾਸ਼ਟਰੀ ਮੀਡੀਆ ਦੁਨੀਆਂ ਦੀਆਂ ਬਹੁਕੌਮੀ ਕਾਰਪੋਰੇਸ਼ਨਾਂ ਨੂੰ ਸਾਰੀ ਦੁਨੀਆਂ ਵਿਚ ਆਪਣੀਆਂ ਵਸਤਾਂ ਦਾ ਪ੍ਰਚਾਰ ਕਰਨ ਲਈ ਇਸ਼ਤਿਹਾਰਬਾਜ਼ੀ ਦੇ ਮੌਕੇ ਪ੍ਰਦਾਨ ਕਰਦਾ ਹੈ। ਜਿਵੇਂ ਬਰਾਜ਼ੀਲ ਦੇ ਟੀ. ਵੀ. ਤੇ ਇਸ਼ਤਿਹਾਰ ਦੇਣ ਵਾਲੇ ਅਦਾਰਿਆਂ ਵਿਚੋਂ ਉਪਰਲੇ ਦਸ ਅਦਾਰੇ ਵਿਦੇਸ਼ੀ ਬਹੁਕੌਮੀ ਕਾਰਪੋਰੇਸ਼ਨਾਂ – ਫੋਰਡ, ਜਨਰਲ ਮੋਟਰਜ਼, ਵੌਕਸਵੈਗਨ, ਜੈਸੀ ਲੀਵਰ, ਨੈੱਸਲੇ ਅਤੇ ਕੋਲਗੇਟ-ਪਾਮਓਲੀਵ – ਹਨ। ਇਹ ਕਾਰਪੋਰੇਸ਼ਨਾਂ ਆਪਣੇ ਇਸ਼ਤਿਹਾਰਾਂ ਵਿਚ ਕਾਰਾਂ, ਫਰਿੱਜਾਂ, ਏਅਰ ਕੰਡੀਸ਼ਨਰਜ਼, ਮਾਇਕਰੋ ਕੰਪਿਊਟਰ ਅਤੇ ਵੀਡੀਉ ਗੇਮਜ਼ ਵੇਚਦੀਆਂ ਹਨ।

ਬਹੁਤੀ ਵਾਰੀ ਇਸ ਇਸ਼ਤਿਹਾਰਬਾਜ਼ੀ ਨਾਲ ਵੇਚੀਆਂ ਜਾ ਰਹੀਆਂ

ਵਸਤਾਂ ਨੂੰ ਖ਼ਰੀਦਣ ਦੀ ਸਮਰੱਥਾ ਦੇਸ਼ ਦੇ ਬਹੁਤ ਥੋੜ੍ਹੇ ਅਮੀਰ ਅਤੇ ਉਤਲੇ ਮੱਧ ਤਬਕੇ ਦੇ ਲੋਕਾਂ ਵਿਚ ਹੁੰਦੀ ਹੈ। ਉਦਾਹਰਣ ਲਈ ਬਰਾਜ਼ੀਲ ਵਿਚ ਅਜਿਹੀਆਂ ਵਸਤਾਂ ਕੁਲ ਵਸੋਂ ਦਾ 15% ਲੋਕ ਹੀ ਖ਼ਰੀਦ ਸਕਦੇ ਹਨ। ਬਰਾਜ਼ੀਲ ਦੀ ਅਬਾਦੀ ਦੇ ਅੱਧ ਦੇ ਨੇੜੇ ਦੇ ਲੋਕ ਭੁੱਖਮਰੀ ਦੇ ਲਾਗੇ ਦਾ ਜੀਵਨ ਗੁਜ਼ਾਰਦੇ ਹਨ। ਉਹਨਾਂ ਲਈ ਮੀਡੀਏ ਵਿਚ ਪੇਸ਼ ਕੀਤੇ ਪੱਛਮੀ ਸਭਿਆਚਾਰ ਨਾਲ ਸੰਬੰਧਤ ਜੀਵਨ ਢੰਗ ਅਤੇ ਬਹੁਕੌਮੀ ਕਾਰਪੋਰੇਸ਼ਨਾਂ ਵਲੋਂ ਤਿਆਰ ਕੀਤੀਆਂ ਵਸਤਾਂ ਦੀ ਇਸ਼ਤਿਹਾਰਬਾਜੀ ਦੀ ਕੀ ਮਹੱਤਤਾ ਹੈ।

ਇਸ ਤਰ੍ਹਾਂ ਦੀ ਹੀ ਸ਼ੁਰੂਆਤ ਹੁਣ ਹਿੰਦੁਸਤਾਨ ਵਿਚ ਵੀ ਦੇਖੀ ਜਾ ਸਕਦੀ ਹੈ। ਉਥੇ ਨਵੇਂ 'ਲਿਬਰਿਲਾਈਜ਼ੇਸ਼ਨ' ਪ੍ਰੋਗਰਾਮਾਂ ਅਧੀਨ ਟੈਲੀਵਿਜਨ ਦੇ ਪਸਾਰੇ ਕਾਰਨ ਖਪਤਕਾਰੀ ਵਸਤਾਂ ਦੀ ਇਸ਼ਤਿਹਾਰਬਾਜੀ ਵਿਚ ਇਕ ਵੱਡੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਇਸ ਇਸ਼ਤਿਹਾਰਬਾਜੀ ਵਿਚ ਸੈਂਟਸ, ਕੁਆਰਟਜ਼ ਘੜੀਆਂ, ਮੂੰਹ ਦੀ ਹਵਾੜ ਨੂੰ 'ਤਾਜ਼ਗੀ' ਪ੍ਰਦਾਨ ਕਰਨ ਵਾਲੇ ਪਦਾਰਥਾਂ, ਵੱਖ ਵੱਖ ਤਰ੍ਹਾਂ ਦੇ ਸਾਬਣ, ਭਾਂਤ ਭਾਂਤ ਦੇ ਨਿਰੋਧ, ਕਪੜੇ ਧੋਣ ਵਾਲੀਆਂ ਮਸ਼ੀਨਾਂ, ਸਕੂਟਰ, ਕਾਰਾਂ ਆਦਿ ਦੀ ਇਸ਼ਤਿਹਾਰਬਾਜੀ ਦੀ ਭਰਮਾਰ ਹੈ। ਇਕ ਰੀਪੋਰਟ ਮੁਤਾਬਕ ਟੈਲੀਵਿਜਨ ਤੇ ਇਸ਼ਤਿਹਾਰਬਾਜੀ ਕਰਨ ਵਾਲੇ ਮੁੱਖ 28 ਅਦਾਰਿਆਂ ਵਿਚੋਂ ਉਪਰਲੇ 7 ਦੀ ਇਸ਼ਤਿਹਾਰਬਾਜ਼ੀ ਵੱਖ ਵੱਖ ਤਰ੍ਹਾਂ ਦੇ ਸਾਬਣਾਂ, ਗੁਸਲਖਾਨਿਆਂ ਅਤੇ ਟੱਟੀਆਂ ਵਿਚ ਵਰਤੇ ਜਾਣ ਵਾਲੇ ਪਦਾਰਥਾਂ ਅਤੇ 'ਸਾਫਟ ਡਰਿੰਕਸ' ਨਾਲ ਸੰਬੰਧਤ ਹੈ।

ਜਿਸ ਦੇਸ਼ ਦੀ 40 ਪ੍ਰਤੀਸ਼ਤ ਤੋਂ ਵੱਧ ਅਬਾਦੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿੰਦੀ ਹੋਵੇ ਉਥੇ ਅਜਿਹੇ ਖਪਤਕਾਰੀ ਸਭਿਆਚਾਰ ਦੀ ਸਾਰਥਿਕਤਾ ਦੇ ਕੀ ਅਰਥ ਹਨ? ਇਸ ਖਪਤਕਾਰੀ ਸਭਿਆਚਾਰ ਦੇ ਬਹੁਗਿਣਤੀ ਲੋਕਾਂ ਦੇ ਜੀਵਨ ਤੇ ਕੀ ਅਸਰ ਪੈਣਗੇ? ਅਜਿਹੇ ਅਤੇ ਇਸ ਤਰ੍ਹਾਂ ਦੇ ਹੋਰ ਸੁਆਲ ਜੁਆਬਾਂ ਦੀ ਮੰਗ ਕਰਦੇ ਹਨ।

ਜਿਵੇਂ ਹਿੰਦੁਸਤਾਨ ਦੇ ਸ਼ਹਿਰਾਂ ਦੇ ਹਾਲਾਤ 'ਤੇ ਛਪੀ ਇਕ ਰੀਪੋਰਟ ਮੁਤਾਬਕ ਸੰਨ 2001 ਵਿਚ ਦੇਸ਼ ਦੀ ਰਾਜਧਾਨੀ ਦਿੱਲੀ ਦੀ 50 ਫੀਸਦੀ ਵਸੋਂ ਝੌਂਪੜਪੱਟੀਆਂ ਵਿਚ ਰਹਿ ਰਹੀ ਹੋਵੇਗੀ, ਇਸ ਤੋਂ ਅਗਲੀ 25 ਪ੍ਰਤੀਸ਼ਤ ਵਸੋਂ ਕਿਸੇ ਵੀ ਪਲੈਨ ਤੋਂ ਬਿਨਾਂ ਵਸੇ ਇਲਾਕਿਆਂ ਵਿਚ ਰਹਿ ਰਹੀ ਹੋਵੇਗੀ। ਬਿਨਾਂ ਪਲੈਨ ਤੋਂ ਵਸੇ ਇਹਨਾਂ ਇਲਾਕਿਆਂ ਦੀ ਹਾਲਤ ਵੀ ਝੌਂਪੜਪੱਟੀਆਂ ਤੋਂ ਕੋਈ ਬਹੁਤੀ ਚੰਗੀ ਨਹੀਂ ਹੋਵੇਗੀ। ਇਹ ਗੱਲ ਕਹਿਣੀ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਦੇਸ਼ ਦੀ ਰਾਜਧਾਨੀ ਦੇ ਇਹਨਾਂ 75 ਪ੍ਰਤੀਸ਼ਤ ਘਰਾਂ ਅੰਦਰ ਟੂਟੀਆਂ ਵਾਲੇ ਪਾਣੀ (ਪਾਈਪਡ ਵਾਟਰ) ਦੀ ਸੁਵਿਧਾ ਪ੍ਰਾਪਤ ਨਹੀਂ ਹੋਵੇਗੀ। ਅਜਿਹੀ ਹਾਲਤ ਵਿਚ ਜੇ ਮੀਡੀਏ ਦੀ ਇਸ਼ਤਿਹਾਰਬਾਜ਼ੀ ਨਾਲ ਕਪੜੇ ਧੋਣ ਵਾਲੀ ਮਸ਼ੀਨ ਨੂੰ ਲੋਕਾਂ ਦੀ ਮੁੱਢਲੀ ਲੋੜ ਬਣਾ ਕੇ ਪੇਸ਼ ਕੀਤਾ ਜਾਵੇ ਤਾਂ ਇਹਨਾਂ 75 ਪ੍ਰਤੀਸ਼ਤ ਘਰਾਂ ਵਿਚ ਰਹਿਣ ਵਾਲੇ ਲੋਕਾਂ ਨਾਲ ਇਸ ਤੋਂ ਵੱਡਾ ਮਖੌਲ ਕੀ ਹੋਵੇਗਾ?

ਸਭਿਆਚਾਰਕ ਪੱਖ ਤੋਂ ਦੇਖਿਆਂ ਜੋ ਪ੍ਰਮੁੱਖ ਗੱਲਾਂ ਸਾਹਮਣੇ ਆਉਂਦੀਆਂ ਹਨ ਉਹਨਾਂ ਵਿਚੋਂ ਪਹਿਲੀ ਤਾਂ ਇਹ ਹੈ ਕਿ ਅੰਤਰਰਾਸ਼ਟਰੀ ਮੀਡੀਏ ਰਾਹੀਂ ਪੱਛਮੀ ਸਭਿਆਚਾਰ ਦੀਆਂ ਕਦਰਾਂ, ਕੀਮਤਾਂ, ਵਰਤ-ਵਿਹਾਰ, ਦੁਨੀਆਂ ਨੂੰ ਦੇਖਣ ਦਾ ਨਜ਼ਰੀਆ ਆਦਿ ਸਾਰੀ ਦੁਨੀਆਂ ਦੇ ਪਾਠਕਾਂ, ਦਰਸ਼ਕਾਂ ਤੇ ਸ੍ਰੋਤਿਆਂ ਅੱਗੇ ਪੇਸ਼ ਕੀਤਾ ਜਾਂਦਾ ਹੈ। ਜੋ ਕੁੱਝ ਪੱਛਮੀ ਹੈ ਉਹ ਚੰਗਾ ਹੈ ਅਤੇ ਜੋ ਕੁੱਝ ਗੈਰ ਪੱਛਮੀ ਹੈ ਉਹ ਪਛੜਿਆ ਹੋਇਆ। ਇਸ ਤਰ੍ਹਾਂ ਤੀਜੀ ਦੁਨੀਆਂ ਦੇ ਦਰਸ਼ਕਾਂ ਨੂੰ ਅਹਿਸਾਸ ਕਰਾਇਆ ਜਾਂਦਾ ਹੈ ਕਿ ਉਹਨਾਂ ਦਾ ਸਭਿਆਚਾਰ ਪੱਛਮ ਦੇ ਮੁਕਾਬਲੇ ਘਟੀਆ ਹੈ। ਜੇ ਉਹਨਾਂ ਤਰੱਕੀ ਕਰਨੀ ਹੈ ਤਾਂ ਉਹਨਾਂ ਨੂੰ ਆਪਣੇ ਸਭਿਆਚਾਰ ਨੂੰ ਜਾਂ ਤਾਂ ਛੱਡਣਾ ਪਵੇਗਾ ਜਾਂ ਉਸਨੂੰ ਘੱਟ ਮਹੱਤਤਾ ਦੇਣੀ ਪਵੇਗੀ।

**ਤੀਜੀ ਦੁਨੀਆਂ ਦੇ ਗਰੀਬ ਦੇਸ਼ ਅਤੇ ਲੋਕ ਸੰਸਾਰ ਦੇ ਮੌਜੂਦਾ ਜਨਸੰਚਾਰ ਅਤੇ ਜਾਣਕਾਰੀ ਪ੍ਰਬੰਧ ਵਿਚ ਬਰਾਬਰ ਦੇ ਹਿੱਸੇਦਾਰ ਨਹੀਂ ਸਗੋਂ ਇਕ ਲੁੱਟੀ ਪੁੱਟੀ ਧਿਰ ਵਾਂਗ ਸ਼ਾਮਲ ਹਨ।**

ਦੂਸਰੀ ਗੱਲ ਜੋ ਅੰਤਰਰਾਸ਼ਟਰੀ ਮੀਡੀਏ ਦੇ ਸੰਦਰਭ ਵਿਚ ਸਭਿਆਚਾਰਕ ਪੱਖ ਤੋਂ ਸਾਹਮਣੇ ਆਉਂਦੀ ਹੈ ਉਹ ਹੈ ਪੱਛਮ ਦੇ ਪਾਠਕਾਂ/ਦਰਸ਼ਕਾਂ/ਸ੍ਰੋਤਿਆਂ ਸਾਹਮਣੇ ਗੈਰ-ਪੱਛਮੀ ਸਮਾਜਾਂ ਤੇ ਸਭਿਆਚਾਰਾਂ ਦੀ ਵਿਗੜੀ ਹੋਈ ਤੇ ਅਧੂਰੀ ਤਸਵੀਰ ਦਾ ਪੇਸ਼ ਹੋਣਾ। ਮਾਹਰਾਂ ਅਨੁਸਾਰ ਇਸ ਦਾ ਕਾਰਨ ਹੈ ਅੰਤਰਰਾਸ਼ਟਰੀ ਮੀਡੀਏ ਵਲੋਂ ਖਬਰ ਦੀ ਪਰਿਭਾਸ਼ਾ। ਪੱਛਮੀ ਦੇਸ਼ਾਂ ਦੇ ਮੀਡੀਏ ਦੀ ਖਬਰ ਦੀ ਪਰਿਭਾਸ਼ਾ ਅਨੁਸਾਰ ਜੋ ਕੁੱਝ ਸਾਧਾਰਣ ਤੇ ਸਾਮਾਨਯ (ਨਾਰਮਲ) ਹੈ, ਉਹ ਖਬਰ ਨਹੀਂ ਸਗੋਂ ਜੋ ਕੁੱਝ ਗਲਤ ਹੈ, ਵਿਗਾੜ ਹੈ, ਅਸਾਮਾਨਯ (ਅਬਨਾਰਮਲ) ਹੈ ਉਹ ਖਬਰ ਹੈ। ਇਸ ਲਈ ਅੰਤਰਰਾਸ਼ਟਰੀ ਮੀਡੀਏ ਵਿਚ ਪੇਸ਼ ਹੋਣ ਵਾਲੀਆਂ ਖਬਰਾਂ ਵਿਚ ਅਹਿੰਸਾਤਮਕ ਘਟਨਾਵਾਂ, ਜੰਗਾਂ-ਲੜਾਈਆਂ, ਜ਼ੁਰਮ, ਭ੍ਰਿਸ਼ਟਾਚਾਰੀ, ਕੁਦਰਤੀ ਆਫਤਾਂ, ਕਾਲ, ਹੜ੍ਹਾਂ ਆਦਿ ਦੀਆਂ ਖਬਰਾਂ ਹੁੰਦੀਆਂ ਹਨ। ਇਹ ਗੱਲ ਸੱਚ ਹੈ ਕਿ ਅੰਤਰਰਾਸ਼ਟਰੀ ਮੀਡੀਏ ਵਿਚ ਪੱਛਮ ਬਾਰੇ ਆਉਣ ਵਾਲੀਆਂ ਖਬਰਾਂ ਵੀ ਉੱਪਰ ਦੱਸੀਆਂ ਘਟਨਾਵਾਂ ਬਾਰੇ ਹੀ ਹੁੰਦੀਆਂ ਹਨ। ਪਰ ਪੱਛਮ ਬਾਰੇ ਖਬਰਾਂ ਦੇਖਣ ਸਮੇਂ ਪੱਛਮ ਦੇ ਪਾਠਕਾਂ/ਸਰੋਤਿਆਂ/ਦਰਸ਼ਕਾਂ ਕੋਲ ਕੁੱਝ ਹੱਦ ਤੱਕ ਇਹਨਾਂ ਖਬਰਾਂ ਪਿੱਛੇ ਕੰਮ ਕਰ ਰਹੇ ਪ੍ਰਸੰਗ, ਇਤਿਹਾਸ, ਅਨੁਭਵ ਆਦਿ ਬਾਰੇ ਜਾਣਕਾਰੀ ਹੁੰਦੀ ਹੈ। ਪਰ ਜਦੋਂ ਉਹ ਹੀ ਸਰੋਤੇ ਤੀਜੀ ਦੁਨੀਆਂ ਅਤੇ ਗੈਰ-ਪੱਛਮੀ ਦੇਸ਼ਾਂ ਬਾਰੇ ਅਜਿਹੀਆਂ ਖਬਰਾਂ ਦੇਖਦੇ ਹਨ ਤਾਂ ਉਹਨਾਂ ਕੋਲ ਇਹਨਾਂ ਖਬਰਾਂ ਪਿੱਛੇ ਕੰਮ ਕਰ ਰਹੇ ਪ੍ਰਸੰਗ, ਅਨੁਭਵ ਅਤੇ ਇਤਿਹਾਸਕ ਪਿਛੋਕੜ ਦੀ ਅਣਹੋਂਦ ਕਾਰਨ ਉਹਨਾਂ ਦੇ ਮਨ ਵਿਚ ਉਹਨਾਂ ਮੁਲਕਾਂ ਦੇ ਸਭਿਆਚਾਰਾਂ ਦੀ ਵਿਗੜੀ ਹੋਈ ਅਤੇ ਅਧੂਰੀ ਤਸਵੀਰ ਬਣਦੀ ਹੈ। ਅਜਿਹੀ ਵਿਗੜੀ ਅਤੇ ਅਧੂਰੀ ਤਸਵੀਰ ਹੋਣ ਕਾਰਨ ਹੀ ਬਹੁਤੀ ਵਾਰ ਪੱਛਮ ਦੇ ਆਮ ਲੋਕਾਂ ਦੇ ਮਨਾਂ ਵਿਚ ਗੈਰ ਪੱਛਮੀ ਦੁਨੀਆਂ ਦੇ ਲੋਕਾਂ ਬਾਰੇ ਨਫਰਤ, ਡਰ ਆਦਿ ਦੀ ਭਾਵਨਾ ਉਪਜਦੀ ਹੈ।

ਅੰਤਰਰਾਸ਼ਟਰੀ ਮੀਡੀਏ ਦਾ ਇਕ ਹੋਰ ਰੋਲ ਪੱਛਮ ਤੇ ਖਾਸ ਕਰਕੇ ਯੂਰਪ-ਕੇਂਦਰਿਤ ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਨੂੰ ਦੁਨੀਆਂ ਵਿਚ ਸੱਭ ਤੋਂ ਉੱਤਮ ਅਤੇ ਸਹੀ ਪੇਸ਼ ਕਰਨਾ ਹੈ। ਯੂਰਪ-ਕੇਂਦਰਿਤ ਵਿਚਾਰਧਾਰਾ ਅਤੇ ਦ੍ਰਿਸ਼ਟੀਕੋਣ ਉੱਪਰ ਇਸ ਮੀਡੀਏ ਵਿਚ ਬਹੁਤ ਘੱਟ ਸਵਾਲ ਉਠਾਏ ਜਾਂਦੇ ਹਨ। ਇਹੀ ਕਾਰਨ ਹੈ ਕਿ ਸਾਰੀ ਦੁਨੀਆਂ ਵਿਚ ਕੋਲੰਬਸ ਨੂੰ ਅਮਰੀਕੀ ਮਹਾਂਦੀਪ ਨੂੰ ਲੱਭਣ ਵਾਲਾ ਮੰਨਿਆ ਜਾਂਦਾ ਹੈ। ਬੇਸ਼ੱਕ ਇਤਿਹਾਸਕ ਤੱਥ ਇਸ ਤੋਂ ਉਲਟ ਗਵਾਹੀ ਭਰਦੇ ਹਨ। ਸੰਨ 1492 ਵਿਚ ਜਦੋਂ ਕੋਲੰਬਸ ਅਮਰੀਕੀ ਮਹਾਂਦੀਪ ਤੇ ਪਹੁੰਚਿਆ ਤਾਂ ਉਸ ਸਮੇਂ ਅਮਰੀਕਾ ਦੇ ਮਹਾਂਦੀਪ ਤੇ 100 ਮਿਲੀਅਨ (10 ਕਰੋੜ) ਦੇ ਲੱਗਪੱਗ ਲੋਕ ਰਹਿ ਰਹੇ ਸਨ। ਇਹ ਲੋਕ ਜੰਗਲਾਂ ਵਿਚ ਅਸੱਭਿਆ (barbarians) ਲੋਕਾਂ ਵਾਂਗ ਨਹੀਂ ਸਗੋਂ ਪਿੰਡਾਂ, ਕਸਬਿਆਂ ਤੇ ਸ਼ਹਿਰਾਂ

ਵਿਚ ਰਹਿ ਰਹੇ ਸਨ। ਉਸ ਸਮੇਂ ਅੱਜ ਦਾ ਮੈਕਸੀਕੋ ਸ਼ਹਿਰ ਐਜ਼ਟਕ ਸਲਤਨਤ ਦੀ ਰਾਜਧਾਨੀ ਸੀ ਅਤੇ ਇਸਦੀ ਅਬਾਦੀ ਢਾਈ ਲੱਖ ਸੀ। ਇਹਨਾਂ ਅੰਕੜਿਆਂ ਨੂੰ ਦੇਖ ਕੇ ਸੁਆਲ ਉੱਠਦਾ ਹੈ ਕਿ ਜਿਸ ਮਹਾਂਦੀਪ ਤੇ 10 ਕਰੋੜ ਲੋਕ ਰਹਿ ਰਹੇ ਹੋਣ ਅਤੇ ਜਿੱਥੇ ਢਾਈ ਲੱਖ ਦੀ ਵਸੋਂ ਵਾਲੇ ਸ਼ਹਿਰ ਹੋਣ, ਉਸ ਮਹਾਂਦੀਪ ਨੂੰ ਲੱਭਣ ਦਾ ਸਿਹਰਾ ਕੋਲੰਬਸ ਦੇ ਸਿਰ ਕਿਵੇਂ ਬੱਝ ਸਕਦਾ ਹੈ? ਅਜਿਹੇ ਸੁਆਲ ਅੰਤਰਰਾਸ਼ਟਰੀ ਮੀਡੀਏ ਵਿਚ ਨਹੀਂ ਉਠਾਏ ਜਾਂਦੇ।

ਹੁਣ ਤੱਕ ਵਿਚਾਰੇ ਤੱਥਾਂ ਦੇ ਆਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਅੱਜ ਅੰਤਰਰਾਸ਼ਟਰੀ ਮੀਡੀਏ ਤੇ ਪੱਛਮ ਦੇ ਅਮੀਰ ਮੁਲਕਾਂ ਦੇ ਕੁੱਝ ਕੁ ਅਦਾਰਿਆਂ ਦੀ ਅਜਾਰੇਦਾਰੀ ਹੈ। ਨਤੀਜੇ ਵੱਜੋਂ ਇਸ ਮੀਡੀਏ ਵਿਚ ਜੋ ਕੁੱਝ ਵੀ ਪੇਸ਼ ਹੁੰਦਾ ਹੈ ਉਹ ਪੱਛਮ ਅਤੇ ਅਮੀਰ ਦੇਸ਼ਾਂ ਦੇ ਹਿੱਤਾਂ ਦਾ ਖਿਆਲ ਰੱਖ ਕੇ ਪੇਸ਼ ਕੀਤਾ ਜਾਂਦਾ ਹੈ। ਤੀਜੀ ਦੁਨੀਆਂ ਦੇ ਗਰੀਬ ਦੇਸ਼ ਅਤੇ ਲੋਕ ਸੰਸਾਰ ਦੇ ਮੌਜੂਦਾ ਜਨਸੰਚਾਰ ਅਤੇ ਜਾਣਕਾਰੀ ਪ੍ਰਬੰਧ ਵਿਚ ਬਰਾਬਰ ਦੇ ਹਿੱਸੇਦਾਰ ਨਹੀਂ ਸਗੋਂ ਇਕ ਲੁੱਟੀ ਪੁੱਟੀ ਧਿਰ ਵਾਂਗ ਸ਼ਾਮਲ ਹਨ। ❑■

### ਜਾਣਕਾਰੀ ਦੇ ਸੋਮੇ:


Auleta, Ken. "Raiding the Global Village". The New Yorker, August 2, 1993, pp 25-30.
Basu, Tarun. "Heading for the Urban Apocalypse." India Abroad, 18 October, 1993, p. 12.
Chhaya, Mayank. "The Great Lifestyle Revolution". India Abroad, September 13, 1991, p. 15.
Herman, Edward S.The Real Terror Network: Terrorism in Fact and Propaganda Boston: South End Press, 1982.
Herman, Edward S. and Noam Chomsky. Manufacturing Consent: The Political Economy of the
Mass Media. New York: Pantheon Books, 1988.
Lorimar, Rowland and Jean McNulty. Mass Communication in Canada, 2nd ed.Toronto: McClelland & Stewart, 1991.
McClellan,Steve. "The growing focus on global news." Broadcasting News, May 31, 1993, pp 40- 41.
Mohamed, Hassan A. "Refugee Exodus from Somalia: Revisiting the Causes." Refuge, April 1994, pp 6-10.
Mowlana, Hamid, George Gerbner and Herbert I. Schiller, ed. Triumph of the Image: The Media's War in the Persian Gulf- A Global Perspective. Boulder: Westview Press, 1992.
The New Internationalis magazine, March, 1994.
Oliveira, Omar Souki. "Mass Media, Culture, and Communication in Brazil: The Heritage of Dependency." In Transnational Communications: Wiring The Third World. Ed. Gerald Sussman and John A. Lent. Newbury Park: Sage Publications, 1991.
O'heffernan, Patrick. Mass Media and American Foreign Policy. Norwood: New Jersey, 1991.
Smith, Anthony. The Geopolitics of Information: How Western Culture Dominates The World. London: Faber and Faber, 1980.
Tunstall, Jeremy. The Media are American: Anglo American Media in the World New York: Columbia University Press, 1977.


ਸਫਾ 21 ਦੀ ਬਾਕੀ

ਲਿਖਣ ਨੂੰ। ਲਿਖਣ ਨਾਲ ਕੁਝ ਨਹੀਂ ਬਦਲਦਾ। ਵਕਤੀ ਜਿਹੀ ਹਲਚਲ ਹੁੰਦੀ ਹੈ।" ਉਦੋਂ ਪੰਜਾਬ 'ਚ ਖਾੜਕੂ ਲਹਿਰ ਦਾ ਉਦੇ ਹੋ ਰਿਹਾ ਸੀ। ਪਾਸ਼ ਨੇ ਕਿਹਾ – "ਏਨੀ ਦੇਰ ਤੋਂ ਅਸੀਂ ਲੇਖਕ ਮਾਰਕਸਵਾਦ, ਪ੍ਰਗਤੀਵਾਦ, ਸਮਾਜਕ ਤਬਦੀਲੀ ਦੀ ਗੱਲ ਕਰਦੇ ਆਏ, ਪਰ ਦੇਖ ਲਉ, ਸਾਡੇ ਹੀ ਪਿੰਡਾਂ 'ਚ ਮੁੰਡੇ ਕੇਸਰੀ ਪੱਗਾਂ ਬੰਨ੍ਹੀ ਫਿਰਦੇ ਐ।"

ਕੁਝ ਇਸ ਤਰ੍ਹਾਂ ਦੀ ਹੀ ਗੱਲਬਾਤ ਕਹਾਣੀਕਾਰ ਵਰਿਆਮ ਸੰਧੂ ਨੇ ਕੀਤੀ ਜਦੋਂ ਮੈਂ ਜਲੰਧਰ ਉਸ ਨੂੰ ਜਾ ਮਿਲਿਆ। ਕਹਿਣ ਲੱਗਾ – "ਮੈਂ ਕੁਝ ਨਹੀਂ ਲਿਖ ਰਿਹਾ ਅੱਜ ਕੱਲ੍ਹ। ਪਹਿਲਾਂ ਲਿਖੇ ਬਾਰੇ ਸੋਚ ਰਿਹਾ ਹਾਂ। ਪੰਜਾਬ ਮੇਰੇ ਜ਼ਿਹਨ 'ਚ ਸੁਆਰ ਹੋਇਆ ਰਿਹਾ ਹੈ। ਮੈਂ ਹੋਰ ਕਿਸੇ ਮਸਲੇ ਬਾਰੇ ਨਾ ਸੋਚ ਸਕਦਾ ਸਾਂ, ਨਾ ਲਿਖ ਸਕਦਾ ਸਾਂ। ਤੁਸੀਂ ਦਿੱਲੀ, ਚੰਡੀਗੜ੍ਹ ਰਹਿਣ ਵਾਲੇ ਖਿਆਲ ਨਹੀਂ ਕਰ ਸਕਦੇ ਕਿ ਪਿੰਡਾਂ 'ਚ ਲੋਕਾਂ ਨੇ ਕਿਵੇਂ ਦਿਨ ਕੱਟੇ ਹਨ। ਰਤਾ ਜਿੰਨੀ ਆਵਾਜ਼ ਹੋਣੀ, ਕਿਤੇ ਮੋਟਰ ਸਾਈਕਲ ਰੁਕਣਾ, ਤਾਂ ਲੋਕਾਂ ਸੁੱਤੇ ਪਏ ਅਬੜਵਾਹੇ ਉੱਠ ਖੜ੍ਹਨਾ ਕਿ ਹੁਣੇ ਆਏ ਕੰਧ ਟੱਪ ਕੇ।"

ਵਰਿਆਮ ਸੰਧੂ 1988 ਤਕ ਅੰਮ੍ਰਿਤਸਰ ਜ਼ਿਲ੍ਹੇ ਦੇ ਸੁਰ ਸਿੰਘ ਪਿੰਡ ਵਿਚ ਸਕੂਲ ਵਿਚ ਪੜ੍ਹਾਂਦਾ ਰਿਹਾ। ਉਸ ਦੇ ਆਪਣੇ ਪੜ੍ਹਾਏ ਨਿੱਕੇ ਨਿੱਕੇ ਮੁੰਡੇ ਕੁਝ ਵਰ੍ਹਿਆਂ ਬਾਦ ਏ. ਕੇ. ਫੋਟੀਸੈਵਨ ਚੁੱਕੀ ਫਿਰਨ। ਜਦ ਉਹ ਜਲੰਧਰ ਲਾਇਲਪੁਰ ਖਾਲਸਾ ਕਾਲਜ ਵਿਚ ਲੈਕਚਰਾਰ ਆ ਲੱਗਿਆ ਤਦ ਉਹ ਇਹ ਦੇਖ ਕੇ ਹੈਰਾਨ ਹੋਇਆ ਕਿ ਲੋਕ ਤਾਂ ਸਵੇਰੇ ਉੱਠ ਕੇ ਕੁੱਤੇ ਦੀ ਸੰਗਲੀ ਫੜੀ ਮਜ਼ੇ ਨਾਲ ਸੈਰ ਕਰ ਰਹੇ ਹਨ। ਕਿੱਥੇ ਸੁਰ ਸਿੰਘ ਦਾ ਖੌਫ ਤੇ ਕਿੱਥੇ ਜਲੰਧਰ। ਚੰਡੀਗੜ੍ਹ ਅਤੇ ਦਿੱਲੀ 'ਚ ਖੌਫ ਦਾ ਕੋਈ ਮਸਲਾ ਹੀ ਨਹੀਂ ਸੀ।

ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਦੇਸ ਵਿਚ ਜਦੋਂ ਅਮਨ ਚੈਨ ਹੁੰਦਾ ਹੈ ਤਦ ਅੰਦਰਖਾਤੇ ਬੇਚੈਨੀ ਵੀ ਪਲ੍ਹਰ ਰਹੀ ਹੁੰਦੀ ਹੈ। ਫ਼ਰਕ ਇਹ ਹੈ ਕਿ ਇਹ ਬੇਚੈਨੀ ਉੱਭਰ ਕੇ ਨਹੀਂ ਆਉਂਦੀ, ਅਖਬਾਰਾਂ ਦੀਆਂ ਸੁਰਖੀਆਂ ਨਹੀਂ ਬਣਦੀ। ਕਿਉਂਕਿ ਇਸ ਬੇਚੈਨੀ 'ਚ ਸੁਲਘਦਾ ਕੁਝ ਹੈ, ਹੰਗਾਮਾ ਨਹੀਂ। ਹੰਗਾਮੇ ਬਗੈਰ ਅਖਬਾਰ ਵਿਕਦੀ ਨਹੀਂ। ਅੱਜ ਕੱਲ੍ਹ ਪੰਜਾਬੀ ਦੀਆਂ ਅਖਬਾਰਾਂ ਦੀ ਵਿਕਰੀ ਘਟ ਰਹੀ ਹੈ ਅਤੇ ਸੰਪਾਦਕ ਗਾਹਕ ਦਾ ਧਿਆਨ ਖਿੱਚਣ ਲਈ ਨੰਗੀਆਂ ਜਾਂ ਅੱਧ-ਨੰਗੀਆਂ ਤਸਵੀਰਾਂ ਛਾਪ ਰਹੇ ਹਨ। ਅਚੇਤ ਹੀ ਅਖਬਾਰਾਂ ਵਾਲੇ, ਸਿਆਸਤਦਾਨਾਂ ਵਾਂਗ, ਅਸਲੀਅਤ 'ਤੇ ਪਰਦਾ ਪਾਉਣ ਦਾ ਕੰਮ ਕਰਦੇ ਹਨ।

ਅਜਿਹੀ ਸਥਿਤੀ ਵਿਚ ਸਿਆਸਤਦਾਨ, ਬੁਰਛਿਆਂ ਦੀ ਸੈਨਾ, ਪੁਲਿਸ, ਕਿਸੇ ਗਰਮ ਮਸਲੇ ਦੀ ਤਲਾਸ਼ 'ਚ ਰਹਿੰਦੇ ਹਨ ਤਾਂ ਜੋ ਤਾਕਤ ਦੀ ਇਸ ਖੇਡ ਵਿਚ ਉਹ ਆਪੋ ਆਪਣਾ ਕਾਰੋਬਾਰ ਚਲਾ ਸਕਣ। ਇਸ ਖੇਡ ਦਾ ਇਕੋ ਮੁੱਦਾ ਹੈ ਕਿ ਲੋਕਾਂ ਨੂੰ ਪਤਾ ਨਾ ਚੱਲੇ ਕਿ ਅਸਲ ਦੁਸ਼ਮਣ ਕੌਣ ਹੈ। ਅਖਬਾਰਾਂ ਵਾਲੇ ਚਾਹੁੰਦਿਆਂ/ਨਾ ਚਾਹੁੰਦਿਆਂ ਇਸ ਖੇਡ ਵਿਚ ਭਾਈਵਾਲ ਬਣ ਜਾਂਦੇ ਹਨ, ਕਿਉਂਕਿ ਤਦ ਹੀ ਲੋਕ ਅਖਬਾਰਾਂ ਵਲ ਮੁੜਦੇ ਹਨ। ਇਹ ਖੇਡ ਇਸ ਕਦਰ ਸਰਵ-ਵਿਆਪੀ ਹੈ ਕਿ ਬਹੁਤ ਘੱਟ ਲੋਕ ਹੁਣ ਚੰਗੀਆਂ ਕਿਤਾਬਾਂ ਵਲ ਪਰਤ ਰਹੇ ਹਨ। ਪਾਸ਼, ਸੁਰਜੀਤ ਪਾਤਰ ਜਾਂ ਵਰਿਆਮ ਸੰਧੂ ਵਰਗੇ ਲੇਖਕਾਂ ਦੀ ਅਹਿਮੀਅਤ ਇਸ ਗੱਲ 'ਚ ਰਹੀ ਹੈ ਕਿ ਉਨ੍ਹਾਂ ਨੇ ਪੰਜਾਬੀ ਬੰਦੇ ਨੂੰ ਅਸਲ ਦੁਸ਼ਮਣ ਦੀ ਪਛਾਣ ਕਰਨ ਵੱਲ ਸੱਦਾ ਦਿੱਤਾ। ਅੱਜ ਪੰਜਾਬ ਵਿਚ ਕਿਸੇ ਹੋਰ ਮੁਹਿੰਮ ਦੀ ਲੋੜ ਨਹੀਂ, ਸਿਰਫ਼ ਇਸ ਮੁਹਿੰਮ ਦੀ ਲੋੜ ਹੈ ਕਿ ਪੰਜਾਬੀ ਬੰਦੇ ਨੂੰ ਪਤਾ ਲੱਗ ਸਕੇ ਕਿ ਕਿਹੜੀਆਂ ਸ਼ਕਤੀਆਂ ਉਸ ਨੂੰ ਵਰਤ ਰਹੀਆਂ ਹਨ; ਆਮ ਬੰਦੇ ਦੇ ਅਸਲ ਦੁਸ਼ਮਣ ਕੌਣ ਹਨ; ਸਿਸਟਮ ਅਤੇ ਇਸਦੀਆਂ ਜੁਗਤਾਂ ਕਿਵੇਂ ਉਸ ਨੂੰ ਹਨੇਰੇ 'ਚ ਰੱਖ ਰਹੇ ਹਨ।

ਪੰਜਾਬ ਦੇਸ ਕਿਸੇ ਅਜਿਹੀ ਮੁਹਿੰਮ ਦੀ, ਚੇਤਨਾ ਦੇ ਨਵੇਂ ਗਾਡੀ-ਰਾਹ ਦੀ, ਉਡੀਕ ਕਰ ਰਿਹਾ ਹੈ।

**– ਗੁਰਬਚਨ, ਚੰਡੀਗੜ੍ਹ**

ਸਥਾਈ ਕਾਲਮ

# ਦੇਸ ਤੋਂ ਚਿੱਠੀ

ਏਨੇ ਵਰ੍ਹੇ ਖਬਰਾਂ ਦਾ ਮੁੱਢ ਬਣੇ ਰਹਿਣ ਬਾਦ ਦੇਸ ਪੰਜਾਬ ਤੋਂ ਖਬਰਾਂ ਜਿਵੇਂ ਗਾਇਬ ਹੋ ਗਈਆਂ ਹੋਣ। ਜਾਂ ਖਬਰਾਂ 'ਚੋਂ ਪੰਜਾਬ ਗਾਇਬ ਹੋ ਗਿਆ ਹੈ। ਜੇ ਇਹ ਕਿਹਾ ਜਾਵੇ ਕਿ ਮੰਤਰੀ ਲੋਕ ਨੋਟ ਬਟਾਉਣ 'ਚ ਅਤੇ ਸੰਤਰੀ ਜ਼ੋਰ ਅਜ਼ਮਾਣ 'ਚ ਲੱਗੇ ਹੋਏ ਹਨ, ਇਹ ਏਦਾਂ ਦੀ ਗੱਲ ਹੈ ਜਿਵੇਂ ਕੋਈ ਕਹਵੇ ਕਿਸਾਨ ਨੇ ਹਾੜ੍ਹੀ ਵੱਢ ਕੇ ਸਾਉਣੀ ਬੀਜ ਲਈ ਹੈ। ਜੇ ਇਹ ਕਿਹਾ ਜਾਵੇ ਕਿ ਪੰਜਾਬੀ ਦੇ ਇਕ ਕਵੀ ਨੇ ਤਿੰਨ ਦਰਜਨ ਸਨਮਾਨਾਂ ਦੀਆਂ ਲੋਈਆਂ 'ਕੱਠੀਆਂ ਕਰ ਲਈਆਂ ਹਨ ਅਤੇ ਹੁਣ ਉਸ ਨੇ ਇਨ੍ਹਾਂ ਲੋਈਆਂ ਦੀ ਸੇਲ ਲਗਾਣ ਦਾ ਫੈਸਲਾ ਕੀਤਾ ਹੈ, ਇਹ ਵੀ ਨਵੀਂ ਖਬਰ ਨਹੀਂ।

ਲੋਕਾਂ ਦਾ ਜੀਵਨ ਕਿੱਦਾਂ ਬੀਤ ਰਿਹਾ ਹੈ, ਉਹ ਕਿੰਨੇ ਕੁ ਖੁਸ਼ ਤੇ ਕਿੰਨੇ ਉਦਾਸ ਹਨ, ਉਨ੍ਹਾਂ ਦਾ ਕੱਲ੍ਹ ਕਿਹੋ ਜਿਹਾ ਹੋਵੇਗਾ, ਇਨ੍ਹਾਂ ਗੱਲਾਂ ਦਾ ਪਤਾ ਉਸ ਥਾਂ 'ਚੋਂ ਉੱਗਣ ਵਾਲੀਆਂ ਖਬਰਾਂ ਤੋਂ ਲਗਦਾ ਹੈ ਜਿਥੇ ਉਹ ਲੋਕ ਰਹਿ ਰਹੇ ਹੋਣ। ਪੰਜਾਬ 'ਚ ਖਬਰ ਤਦ ਹੀ ਗਰਮ ਹੁੰਦੀ ਹੈ ਜਦ ਮੁੰਡੇ ਅਸੌਲਟਾਂ ਚੁੱਕੀ ਹਰਲ ਹਰਲ ਫਿਰਨ। ਤਦ ਹੀ ਇਨ੍ਹਾਂ ਵਲ ਦੂਜਿਆਂ ਦਾ ਧਿਆਨ ਜਾਂਦਾ ਹੈ। ਨਹੀਂ ਤਾਂ ਇਹ ਮੁੰਡੇ ਇਕ ਅੱਧ ਕਾਪੀ/ਕਿਤਾਬ ਹੱਥ 'ਚ ਫੜੀ ਬੱਸਾਂ ਫੜਦੇ ਹਨ; ਸਕੂਲ ਜਾਂ ਕਾਲਜ ਦਾ ਗੇੜਾ ਮਾਰਦੇ ਹਨ, ਕੰਟੀਨ 'ਚ ਸਮੋਸੇ ਖਾ ਕੇ ਚਾਹ ਪੀਂਦੇ ਹਨ ਅਤੇ ਇਮਤਿਹਾਨਾਂ ਦੇ ਦਿਨਾਂ 'ਚ ਨਕਲ ਮਾਰ ਕੇ ਪਾਸ ਹੋਣ ਦੀਆਂ ਤਰਕੀਬਾਂ ਸੋਚਦੇ ਹਨ। ਸ਼ਹਿਰਾਂ ਦੇ ਮੁੰਡੇ ਪਬਲਿਕ ਸਕੂਲਾਂ 'ਚ ਜਾਂਦੇ ਹਨ; ਸ਼ੁਰੂ ਤੋਂ ਹੀ ਕੰਪੀਟੀਸ਼ਨ ਦੀ ਭਾਵਨਾ ਨਾਲ ਪੜ੍ਹਦੇ ਹਨ, ਕੰਪਿਊਟਰ ਸਿਖਦੇ ਹਨ, ਡਾਕਟਰ ਜਾਂ ਐਂਜੀਨੀਅਰ ਬਣਨ ਦਾ ਪ੍ਰੋਗਰਾਮ ਬਣਾਂਦੇ ਹਨ। ਕੁਝ ਆਈ. ਏ. ਐਸ./ਆਈ. ਪੀ. ਐਸ. 'ਚ ਆ ਜਾਂਦੇ ਹਨ। ਪਿੰਡਾਂ ਦੇ ਮੁੰਡੇ ਰਤਾ ਕੁ ਵੱਡੇ ਹੋ ਕੇ ਵਿਦੇਸ਼ਾਂ ਲਈ ਏਜੰਟਾਂ ਮਗਰ ਘੁੰਮਦੇ ਹਨ। ਨਹੀਂ ਤਾਂ ਪੁਲਿਸ 'ਚ ਭਰਤੀ ਹੋ ਜਾਂਦੇ ਹਨ। ਰਹਿੰਦ-ਖੂੰਹਦ ਡਰਾਈਵਰ, ਕੰਡਕਟਰ ਜਾਂ ਵੱਧ ਤੋਂ ਵੱਧ ਪਟਵਾਰੀ ਲਗ ਜਾਂਦੇ ਹਨ। ਵੱਧ ਜ਼ਮੀਨਾਂ ਵਾਲੇ ਸਿਆਸਤ ਦੀ ਖੇਡ 'ਚ ਸ਼ਾਮਲ ਹੋ ਜਾਂਦੇ ਹਨ। ਇਹ ਸਭ ਗੱਲਾਂ ਪੁਰਾਣੀਆਂ ਹਨ। ਜਾਪਦਾ ਹੈ ਪੰਜਾਬ ਪਿਛਲੇ ਵੀਹ ਸਾਲ ਖੜੋਤਾ ਰਿਹਾ ਹੈ। ਰਾਜ ਕਰਨ ਵਾਲੇ ਕਰੀ ਜਾ ਰਹੇ ਹਨ ਅਤੇ ਆਮ ਬੰਦਾ ਹੁਣ ਇਸ ਗੱਲ ਦਾ ਸ਼ੁਕਰ ਮਨਾ ਰਿਹੈ ਕਿ ਮਾਵਾਂ ਦੇ ਪੁੱਤ ਮਰਨੋਂ ਬੰਦ ਹੋ ਗਏ ਹਨ।

ਅਜੀਬ ਮਾਜਰਾ ਹੈ ਕਿ ਜਦੋਂ ਆਮ ਲੋਕੀਂ ਮੌਤ ਵਰਗਾ ਸੰਤਾਪ ਭੋਗ ਰਹੇ ਸਨ ਤਾਂ ਅਫਸਰਸ਼ਾਹੀ ਦੀ ਚੜ੍ਹਤ ਸੀ, ਪੁਲਿਸ ਵਾਲਿਆਂ ਨੂੰ ਨਿਤਦਿਨ ਤਰੱਕੀਆਂ ਮਿਲਦੀਆਂ ਸਨ, ਪੁਲਿਸ ਮੁੱਖੀ ਦੀ ਹਰ ਦੂਜੇ ਦਿਨ ਫੋਟੋ ਛੱਪਦੀ ਸੀ। ਅਖਬਾਰਾਂ ਖੂਬ ਵਿਕਦੀਆਂ ਸਨ। ਹੁਣ ਅਫਸਰਸ਼ਾਹੀ ਮਲੇਰੀਆ ਦੇ ਮਰੀਜ਼ ਵਾਂਗ ਮੰਜੇ 'ਤੇ ਪਈ ਹੈ। ਪੁਲਿਸ ਨੂੰ ਕੌਮੀ ਪੱਧਰ 'ਤੇ ਪਬਲਿਸਟੀ ਲਈ ਪੱਤਰਕਾਰਾਂ ਨੂੰ ਕੁੱਟਣਾ ਪੈਂਦਾ ਹੈ। ਤੁਸੀਂ ਅਖਬਾਰਾਂ 'ਚ ਪੜ੍ਹਿਐ ਹੀ ਹੋਣੈ ਕਿ ਪੁਲਿਸ ਮੁੱਖੀ ਕੰਵਰਪਾਲ ਸਿੰਘ ਗਿੱਲ ਦੇ ਬੰਦਿਆਂ ਨੇ ਦਿੱਲੀ ਦੇ ਦੋ ਪ੍ਰੈਸ ਰਿਪੋਟਰਾਂ ਦੀ ਖੂਬ ਖੜਕਾਈ ਇਸ ਲਈ ਕਰ ਦਿੱਤੀ ਕਿ ਰਿਪੋਟਰ ਅਣਸੁਖਾਵੇਂ ਸੁਆਲ ਪੁੱਛ ਰਹੇ ਸਨ। ਜਦੋਂ ਪੁਲਿਸ ਮੁੱਖੀ ਨੂੰ ਪੱਕਾ ਪਤਾ ਚੱਲਿਆ ਕਿ ਦਿੱਲੀ ਸੱਚਮੁੱਚ ਪੰਜਾਬ 'ਚ ਨਹੀਂ ਤਾਂ ਉਸ ਨੇ ਅਖਬਾਰ ਦੇ ਦਫਤਰ ਆਪ ਜਾ ਕੇ ਰਿਪੋਟਰਾਂ ਤੋਂ ਮੁਆਫੀ ਮੰਗ ਲਈ।

ਪਾਸਾ ਉਲਟਾ ਪੈਂਦਾ ਦੇਖ ਮੁਆਫੀ ਮੰਗਣ ਦਾ ਰਿਵਾਜ ਨਵਾਂ ਨਹੀਂ। ਜਿਹੜੀ ਗੱਲ ਨਵੀਂ ਹੈ ਉਹ ਇਹ ਕਿ ਨਿੱਕੀ ਜਿਹੀ ਨੁਕਤਾਚੀਨੀ ਲਈ ਮੁਆਫ਼ੀ ਮੰਗਵਾਣ ਦੀ ਜ਼ਿੱਦ। ਮੁੱਲ੍ਹਾਵਾਦ ਸਿਰਫ਼ ਇਰਾਨ ਜਾਂ ਬੰਗਲਾਦੇਸ਼ 'ਚ ਹੀ ਨਹੀਂ, ਜਿੱਥੋਂ ਦੇ ਕੁਝ ਜਾਨੂੰਨੀ ਲੋਕ ਲੇਖਕਾਂ ਦੇ ਸਿਰ ਤਲਬ ਕਰ ਰਹੇ ਹਨ, ਥੋੜ੍ਹੇ ਬਹੁਤੇ ਫਰਕ ਨਾਲ ਇਹ ਮੁੱਲ੍ਹਾਵਾਦ ਆਪਣੇ ਦੇਸ ਵਿਚ ਵੀ ਮੌਜੂਦ ਹੈ। ਰਹਿ ਚੁੱਕੇ ਪ੍ਰੈਜ਼ੀਡੈਂਟ ਵੈਂਕਟਰਮਨ ਨੇ ਆਪਣੀ ਕਿਤਾਬ ਵਿਚ ਮਰਹੂਮ ਰਾਜੀਵ ਗਾਂਧੀ ਬਾਰੇ ਇਹ ਲਿਖਿਆ ਕਿ ਉਸ ਨੂੰ ਪਾਰਲੀਮੈਂਟ ਦਾ ਕੋਈ ਬਹੁਤਾ ਤਜ਼ਰਬਾ ਨਹੀਂ ਸੀ। ਇਸ ਗੱਲ ਨੇ ਕੁਝ ਇਕ ਕਾਂਗਰਸੀਆਂ ਨੂੰ ਬੇਚੈਨ ਕਰ ਦਿੱਤਾ। ਰਾਜੀਵ ਗਾਂਧੀ ਦੀ ਪੁਰਾਣੀ ਚਿਮਚਾ ਸੈਨਾ ਹੁਲੜ ਤਕ ਉੱਤਰ ਆਈ। ਇਹ ਉਹੋ ਸੈਨਾ ਹੈ ਜਿਸ ਨੇ ਦੋ ਸਾਲ ਪਹਿਲਾਂ ਹਰਿੰਦਰ ਸਿੰਘ ਮਹਬੂਬ ਦੀ ਕਿਤਾਬ ਬਾਰੇ ਹੁਲੜਬਾਜ਼ੀ ਕੀਤੀ ਸੀ। ਕੇਂਦਰੀ ਸਰਕਾਰ ਦੀ ਸਾਹਿਤ ਅਕਾਦਮੀ ਦੇ ਡਿਪਟੀ ਸਕੱਤਰ ਦਾ ਮੂੰਹ ਕਾਲਾ ਕਰ ਦਿੱਤਾ। ਕਾਰਨ: ਮਹਿਬੂਬ ਦੀ 'ਝਨਾਂ ਦੀ ਰਾਤ' ਦੀ ਇਕ ਕਵਿਤਾ ਵਿਚ ਇੰਦਰਾ ਗਾਂਧੀ ਦੇ ਖਿਲਾਫ ਲਿਖਿਆ ਹੋਇਆ ਸੀ ਅਤੇ ਇਸ ਕਿਤਾਬ ਨੂੰ ਸਾਹਿਤ ਅਕਾਦਮੀ ਦਾ ਇਨਾਮ ਦਿੱਤਾ ਗਿਆ ਸੀ।

ਦੇਸ ਵਿਚ ਲੱਖਾਂ ਲੋਕ ਅਜਿਹੇ ਹਨ ਜਿਨ੍ਹਾਂ ਪਾਸ ਕੰਮ ਨਹੀਂ ਪਰ ਉਹ ਹੁਲੜ ਪੈਦਾ ਕਰਨ 'ਚ ਸਰਗਰਮ ਰਹਿੰਦੇ ਹਨ। ਉਹ ਸਿਆਸਤਦਾਨ ਨਹੀਂ, ਨਾ ਹੀ ਧਾਰਮਿਕ ਲੋਕ ਹਨ। ਅਜਿਹਾ ਹੋਣ ਲਈ ਵੀ ਮਿਹਨਤ ਦੀ ਲੋੜ ਹੈ। ਇਹ ਲੋਕ ਚਾਪਲੂਸੀ ਰਾਹੀਂ ਸਿਆਸਤਦਾਨਾਂ ਦੇ ਇਰਦ ਗਿਰਦ ਘੁੰਮਦੇ ਹਨ, ਸ਼ੋਰ ਪਾਉਂਦੇ ਹਨ, ਹੁਲੜ ਮਚਾਂਦੇ ਹਨ, ਦੂਜੇ ਨੂੰ ਆਪਣੀ ਵੱਧ ਗਿਣਤੀ ਰਾਹੀਂ ਡਰਾਂਦੇ ਹਨ। ਹਰੇਕ ਕਾਮਯਾਬ ਸਿਆਸਤਦਾਨ ਪਾਸ ਅਜਿਹੇ ਬੁਰਛੇ ਹੁੰਦੇ ਹਨ। ਸ਼ੁਰੂ 'ਚ ਜਿਹੜੇ ਮੁੰਡਿਆਂ ਬਾਰੇ ਮੈਂ ਗੱਲ ਕੀਤੀ ਹੈ, ਜੋ ਹਰ ਪੱਖੋਂ ਸਮੇਂ ਤੋਂ ਪਿੱਛੇ ਰਹਿ ਰਹੇ ਹਨ, ਉਹੀ ਵੱਡੇ ਹੋ ਕੇ ਏ. ਕੇ. ਫੋਟੀਸੈਵਨ ਚੁੱਕਦੇ ਹਨ, ਕਦੇ ਦਿੱਲੀ ਵਰਗੇ ਸ਼ਹਿਰ 'ਚ ਜਿਉਂਦੇ ਮਨੁੱਖਾਂ ਦੇ ਗੱਲ 'ਚ ਸੜਦੇ ਟਾਇਰ ਪਾ ਕੇ ਤਾਲੀਆਂ ਮਾਰਦੇ ਹਨ, ਜਾਂ ਬੰਗਲਾਦੇਸ਼ ਵਰਗੇ ਦੇਸ਼ 'ਚ ਤਸਲੀਮਾ ਨਾਸਰੀਨ ਦੀ ਮੌਤ ਦੀ ਖਾਤਰ ਜਹਾਦ ਕਰਦੇ ਹਨ। ਦਿਲਚਸਪ ਗੱਲ ਇਹ ਹੈ ਕਿ ਸਿਸਟਮ ਇਨ੍ਹਾਂ ਨੂੰ ਪੈਦਾ ਕਰਦਾ ਹੈ, ਇਨ੍ਹਾਂ ਨੂੰ ਵਰਤਦਾ ਹੈ, ਅਤੇ ਲੋੜ ਪੈਣ 'ਤੇ ਇਨ੍ਹਾਂ ਨੂੰ ਭੁੰਡ ਵੀ ਦੇਂਦਾ ਹੈ। ਇਹ ਲੋਕ ਸਿਸਟਮ ਦੇ ਅੰਦਰ ਇਸ ਲਈ ਦਾਖਲ ਨਹੀਂ ਹੋ ਸਕਦੇ ਕਿਉਂਕਿ ਇਨ੍ਹਾਂ ਪਾਸ ਸਹੂਲਤਾਂ ਨਹੀਂ, ਜਿਵੇਂ ਪਿੰਡਾਂ ਦੇ ਸਕੂਲਾਂ 'ਚ ਸਮੇਂ ਅਨੁਕੂਲ ਪੜ੍ਹਾਈ ਦੀਆਂ ਸਹੂਲਤਾਂ ਨਹੀਂ।

ਜਦੋਂ ਸਾਹਿਤ ਵਿਚ ਵੀ ਬਹੁਤ ਕੁਝ ਵਾਪਰ ਨਾ ਰਿਹਾ ਹੋਵੇ ਮੈਂ ਖਾਲੀਪਣ ਤੋਂ ਮੁਕਤੀ ਪਾਉਣ ਲਈ ਲੇਖਕ ਦੋਸਤਾਂ ਨੂੰ ਮਿਲਣ ਚਲਾ ਜਾਂਦਾ ਹਾਂ, ਇਹ ਜਾਨਣ ਕਿ ਉਹ ਕੀ ਕਰ ਰਹੇ ਹਨ, ਤੇ ਕੀ ਸੋਚ ਰਹੇ ਹਨ। ਬਹੁਤ ਪਹਿਲਾਂ 1982 ਦੀ ਗੱਲ ਹੈ। ਮੈਨੂੰ ਪਤਾ ਨਹੀਂ ਸੀ ਚਲ ਰਿਹਾ ਕਿ ਪਾਸ਼ ਕੀ ਕਰ ਰਿਹਾ ਹੈ, ਕਿਉਂਕਿ ਕਾਫੀ ਦੇਰ ਤੋਂ ਨਾ ਉਹ ਮਿਲਿਆ ਸੀ, ਅਤੇ ਨਾ ਹੀ ਉਸ ਦੀ ਕੋਈ ਨਵੀਂ ਕਵਿਤਾ ਛਪੀ ਦੇਖੀ ਸੀ। ਮੈ ਬੱਸ ਫੜ ਕੇ ਜਲੰਧਰ ਗਿਆ, ਜਲੰਧਰੋਂ ਪਤਾ ਚੱਲਿਆ ਪਾਸ਼ ਉੱਗੀ ਪਿੰਡ ਵਿਚ ਇਕ ਪਬਲਿਕ ਸਕੂਲ ਚਲਾਂਦਾ ਹੈ। ਜਦ ਮੈਂ ਪਾਸ਼ ਨੂੰ ਲੱਭ ਲਿਆ ਤਾਂ ਉਸ ਨੇ ਕਿਹਾ – "ਕੁਝ ਨਵੀਂ ਗੱਲ ਨਹੀਂ

ਬਾਕੀ ਸਫਾ 20 'ਤੇ

ਸਫਾ 9, ਸੰਪਾਦਕੀ ਦੀ ਬਾਕੀ

ਇਹ ਹੈ ਕਿ ਇਨ੍ਹਾਂ ਵਿਚ ਸੇਵਾ ਭਾਵ ਜਾਂ ਲੇਬਰ ਆਫ ਲਵ ਦਾ ਕੋਈ ਸਥਾਨ ਨਹੀਂ ਹੁੰਦਾ। ਪਰਚੇ ਲਈ ਕੰਮ ਕਰਨ ਵਾਲੇ ਸਾਰੇ ਕਰਿੰਦਿਆਂ ਨੂੰ ਅਤੇ ਪਰਚੇ ਲਈ ਲਿਖਣ ਵਾਲੇ ਸਾਰੇ ਲੇਖਕਾਂ ਨੂੰ ਮੰਡੀ ਦੇ ਨਿਯਮਾਂ ਅਨੁਸਾਰ ਉਹਨਾਂ ਦੇ ਕੰਮ ਦਾ ਇਵਜ਼ਾਨਾ ਮਿਲਦਾ ਹੈ। ਅਜਿਹੀ ਸੂਰਤ ਵਿਚ ਵਤਨ ਵਰਗੇ ਤ੍ਰੈਮਾਸਕ ਪਰਚੇ ਦਾ ਸਾਲਾਨਾ ਬੱਜਟ ਇਕ ਲੱਖ ਤੋਂ ਵੀ ਵੱਧ ਹੋ ਸਕਦਾ ਹੈ ਜਦ ਕਿ ਹੁਣ ਦਸ ਬਾਰਾਂ ਹਜ਼ਾਰ ਵਿਚਕਾਰ ਹੈ।

ਸੱਭ ਤੋਂ ਮਹੱਤਵਪੂਰਨ ਸਵਾਲ ਤਾਂ ਇਹ ਹੈ ਕਿ ਕੀ ਪੰਜਾਬੀ ਕਮਿਊਨਿਟੀ ਦੇ ਮੌਜੂਦਾ ਮਾਹੌਲ ਵਿਚ ਇਕ ਸਾਹਿਤਕ ਅਤੇ ਸਭਿਆਚਾਰਕ ਪਰਚਾ ਵਪਾਰਕ ਤੌਰ 'ਤੇ ਸਫਲ ਹੋ ਸਕਦਾ ਹੈ? ਸਾਡਾ ਖਿਆਲ ਹੈ ਨਹੀਂ। ਜੇ ਇਹ ਗੱਲ ਸੰਭਵ ਹੁੰਦੀ ਤਾਂ ਹੁਣ ਤੱਕ ਜ਼ਰੂਰ ਹੀ ਕੋਈ ਨਾ ਕੋਈ ਅਜਿਹਾ ਪਰਚਾ ਨਿਕਲ ਆਉਣਾ ਸੀ। ਸਗੋਂ ਅਜਿਹੀਆਂ ਕਈ ਕੋਸ਼ਿਸ਼ਾਂ ਹੋਈਆਂ ਵੀ ਹਨ ਪਰ ਕਾਮਯਾਬ ਕੋਈ ਨਹੀਂ ਹੋਈ। ਅਸੀਂ ਦੇਖਦੇ ਹਾਂ ਕਿ ਵੈਨਕੂਵਰ ਤੋਂ ਪੰਜਾਬੀਆਂ ਦੁਆਰਾ ਹੀ ਅੰਗ੍ਰੇਜ਼ੀ ਜ਼ੁਬਾਨ ਵਿੱਚ ਤਕਨੀਕ ਤੇ ਦਿੱਖ ਪੱਖੋਂ ਸ਼ਾਨਦਾਰ ਪਰਚੇ ਨਿਕਲਣੇ ਸ਼ੁਰੂ ਹੋਏ ਹਨ। ਇਹ ਸਾਰੀ ਦੀ ਸਾਰੀ ਤਕਨੀਕ ਹੁਣ ਪੰਜਾਬੀ ਦਾ ਪਰਚਾ ਕੱਢਣ ਲਈ ਵੀ ਵਰਤੀ ਜਾ ਸਕਦੀ ਹੈ। ਪਰ ਪੰਜਾਬੀ ਵਿਚ ਅਜਿਹੀ ਕੋਸ਼ਿਸ਼ ਨਹੀਂ ਹੋ ਰਹੀ। ਕਿਉਂ? ਇਸ ਦੇ ਜਵਾਬ ਵਿਚ ਸਾਨੂੰ ਫੇਰ ਪੰਜਾਬੀ ਬੋਲੀ ਦੀ ਇਸਦੇ ਧਾਰਮਿਕ ਪੁੱਤਰਾਂ ਵਲੋਂ ਕੀਤੀ ਦੁਰਗਤੀ ਦਾ ਤੇ ਪੰਜਾਬ ਦੇ ਸਕੂਲੀ ਸਿੱਖਿਆ ਢਾਂਚੇ ਦਾ ਲੰਮਾ ਕਿੱਸਾ ਛੂਹਣਾ ਪਵੇਗਾ, ਜਿਸ ਤੋਂ ਤੁਸੀਂ ਸਾਰੇ ਚੰਗੀ ਤਰ੍ਹਾਂ ਵਾਕਿਫ ਹੋ।

ਦੋਸਤਾਂ ਵਲੋਂ ਆਏ ਵਪਾਰਕ ਬਦਲ ਬਾਰੇ ਅਖੀਰ ਵਿਚ ਏਨਾ ਕਹਿ ਕੇ ਹੀ ਗੱਲ ਬੰਦ ਕਰਦੇ ਹਾਂ ਕਿ ਇਸ ਮਾਡਲ ਅਧੀਨ ਪੰਜਾਬੀ ਦਾ ਕੋਈ ਆਮ ਪਰਚਾ ਤਾਂ ਸ਼ਾਇਦ ਕਿਸੇ ਦਿਨ ਕਾਮਯਾਬੀ ਨਾਲ ਨਿਕਲ ਸਕੇ, ਵਤਨ ਜਾਂ ਵਤਨ ਵਰਗਾ ਪਰਚਾ ਨਿਕਲਣਾ ਕਦੀ ਸੰਭਵ ਨਹੀਂ ਹੋਵੇਗਾ।

## ਤੀਸਰਾ ਬਦਲ

ਤੀਜਾ ਬਦਲ ਪੇਸ਼ ਕਰਨ ਵਾਲੇ ਇਹ ਸੁਝਾਅ ਦਿੰਦੇ ਹਨ ਕਿ ਸਾਨੂੰ ਵਤਨ ਦੇ ਪੈਟਰਨ ਤੇ ਛਪਣ ਵਾਲੇ ਅੰਗਰੇਜ਼ੀ ਦੇ ਪਰਚਿਆਂ ਦਾ ਨਿਰੀਖਣ ਕਰਨਾ ਚਾਹੀਦਾ ਹੈ। ਸਰਸਰੀ ਨਜ਼ਰ ਹੀ ਸਾਨੂੰ ਇਹ ਦੱਸ ਦਿੰਦੀ ਹੈ ਕਿ ਇਸ ਖਪਤਕਾਰੀ ਮਾਹੌਲ ਵਿਚ ਅਮਰੀਕੀ ਪ੍ਰਭਾਵ ਦੀ ਮਾਰ ਹੇਠ ਆਏ ਕਨੇਡਾ ਦੇ ਪਰਚਿਆਂ ਲਈ ਆਪਣਾ ਭਾਰ ਆਪ ਚੁੱਕਣਾ ਮੁਸ਼ਕਿਲ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦਿਆਂ ਕਨੇਡਾ ਦੀਆਂ ਹਰ ਪੱਧਰ ਦੀਆਂ ਸਰਕਾਰਾਂ ਅਤੇ ਹੋਰ ਅਦਾਰੇ ਇਸ ਤਰ੍ਹਾਂ ਦੇ ਪਰਚਿਆਂ ਨੂੰ ਆਰਥਿਕ ਸਹਾਇਤਾ ਦਿੰਦੇ ਹਨ। ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਸਥਾਪਤ ਕੀਤੀ 'ਕਨੇਡਾ ਕੌਂਸਲ' ਦਾ ਸਾਲਾਨਾ ਬੱਜਟ 75 ਮਿਲੀਅਨ ਡਾਲਰ ਹੈ। ਇਹ ਰਕਮ ਕਨੇਡਾ ਵਿਚ ਅੰਗਰੇਜ਼ੀ ਅਤੇ ਫਰਾਂਸੀਸੀ ਸਾਹਿਤ ਅਤੇ ਸਭਿਆਚਾਰ ਨੂੰ ਪ੍ਰਫੁਲਤ ਕਰਨ ਲਈ ਖਰਚੀ ਜਾਂਦੀ ਹੈ। ਸੁਝਾਅ ਇਹ ਮਿਲਦਾ ਹੈ ਕਿ ਵਤਨ ਨੂੰ ਵੀ ਇਸ ਤਰ੍ਹਾਂ ਦੀ ਮਦਦ ਲੈਣ ਲਈ ਕੋਸ਼ਿਸ਼ ਕਰਨੀ ਚਾਹੀਦੀ ਹੈ।

ਸਰਕਾਰੀ ਮਦਦ ਦੇ ਮੁਆਮਲੇ ਵਿਚ ਵਤਨ ਵਰਗੇ ਪਰਚੇ ਨੂੰ ਦੋ ਪੱਧਰਾਂ 'ਤੇ ਮੁਸ਼ਕਲ ਦਾ ਸਾਹਮਣਾ ਕਰਨਾ ਪੈਂਦਾ ਹੈ। ਸੱਭ ਤੋਂ ਪਹਿਲਾਂ ਤਾਂ ਸਰਕਾਰੀ ਪੱਧਰ 'ਤੇ ਕਨੇਡਾ ਦੀ ਸਰਕਾਰ ਵਲੋਂ ਅੰਗਰੇਜ਼ੀ ਅਤੇ ਫਰਾਂਸੀਸੀ ਤੋਂ ਬਿਨਾਂ ਹੋਰ ਕਿਸੇ ਵੀ ਭਾਸ਼ਾ ਨੂੰ ਸਰਕਾਰੀ ਮਦਦ ਲੈਣ ਦਾ ਬਰਾਬਰ ਦਾ ਹੱਕਦਾਰ ਨਹੀਂ ਮੰਨਿਆ ਜਾਂਦਾ ਭਾਵੇਂ ਕੁਝ ਸੂਬਿਆਂ ਦੀਆਂ ਸਰਕਾਰਾਂ ਵਲੋਂ ਅਜਿਹੀ ਮਦਦ ਮਿਲ ਸਕਦੀ ਹੈ। ਬੇਸ਼ੱਕ ਕਨੇਡਾ ਵਿਚ ਰਹਿਣ ਵਾਲੇ ਢਾਈ ਲੱਖ ਤੋਂ ਉਪਰ ਪੰਜਾਬੀ ਸਰਕਾਰ ਨੂੰ ਟੈਕਸ ਦਿੰਦੇ ਹਨ ਪਰ ਉਹਨਾਂ ਦੀ ਜ਼ੁਬਾਨ ਨੂੰ ਇਸ ਟੈਕਸ ਵਿਚੋਂ ਸਾਹਿਤ ਅਤੇ ਸਭਿਆਚਾਰ ਲਈ ਰੱਖੀ ਰਕਮ ਵਿਚੋਂ ਹਿੱਸਾ ਲੈਣ ਦਾ ਹੱਕ ਨਹੀਂ। ਇਹ ਹੱਕ ਹਾਸਿਲ ਕਰਨ ਲਈ ਕੋਸ਼ਿਸ਼ਾਂ ਹੋ ਰਹੀਆਂ ਹਨ ਪਰ ਅਜੇ ਇਸ ਵਿਚ ਵਕਤ ਲੱਗੇਗਾ।

ਜੇ ਇਹ ਸਰਕਾਰੀ ਮਦਦ ਮਿਲਣ ਵੀ ਲੱਗ ਪਵੇ ਤਾਂ ਵੀ ਇਕ ਅੜਚਨ ਹੋਰ ਆਉਂਦੀ ਹੈ। ਕਨੇਡੀਅਨ ਪੰਜਾਬੀ ਭਾਈਚਾਰਾ, ਖਾਸ ਕਰਕੇ ਸਾਹਿਤਕ ਤੇ ਸਿਆਸੀ ਭਾਈਚਾਰਾ ਗਰਾਂਟ ਲੈਣ ਨੂੰ ਇਕ ਚੋਰੀ ਜਾਂ ਬੇਈਮਾਨੀ ਸਮਝਦਾ ਹੈ। ਭਾਵੇਂ ਹੁਣ ਸਥਿਤੀ ਬਦਲ ਰਹੀ ਹੈ ਤੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਹੋ ਰਿਹਾ ਹੈ ਕਿ ਇਹ ਉਨ੍ਹਾਂ ਦੇ ਟੈਕਸ ਦਾ ਪੈਸਾ ਹੈ ਤੇ ਇਸ ਨੂੰ ਲੋੜੀਂਦੇ ਕੰਮਾਂ ਲਈ ਹਾਸਿਲ ਕਰਨਾ ਉਨ੍ਹਾਂ ਦਾ ਹੱਕ ਹੈ। ਇਹ ਗੱਲ ਵੀ ਸੱਚ ਹੈ ਕਿ ਕੁੱਝ ਲੋਕਾਂ ਨੇ ਗਰਾਂਟਾਂ ਲੈ ਕੇ ਉਹਨਾਂ ਦੀ ਕੁਵਰਤੋਂ ਕੀਤੀ ਹੈ। ਚਾਹੀਦਾ ਤਾਂ ਇਹ ਹੈ ਕਿ ਅਜਿਹੇ ਲੋਕਾਂ, ਜਿਹਨਾਂ ਨੇ ਗਰਾਂਟਾਂ ਦੀ ਕੁਵਰਤੋਂ ਕੀਤੀ ਹੈ, ਨੂੰ ਪੰਜਾਬੀ ਸਮਾਜ ਵਿਚੋਂ ਰੱਦ ਕੀਤਾ ਜਾਵੇ ਨਾ ਕਿ ਉਹਨਾਂ ਕਾਰਨ ਗਰਾਂਟਾਂ ਨੂੰ। ਜੇ ਗਰਾਂਟਾਂ ਨੂੰ ਵੀ ਰੱਦ ਕਰਨਾ ਹੈ ਤਾਂ ਉਸ ਬਾਰੇ ਬਹੁਤ ਹੀ ਸਪਸ਼ਟ, ਬੇਜਜ਼ਬਾਤ ਅਤੇ ਤਰਕ ਦੀ ਕਸਵੱਟੀ ਤੇ ਗੱਲਬਾਤ ਹੋਣੀ ਚਾਹੀਦੀ ਹੈ। ਜੇ ਇਸ ਗੱਲਬਾਤ ਤੋਂ ਬਾਅਦ ਇਸ ਨਤੀਜੇ ਤੇ ਪਹੁੰਚੀਏ ਕਿ ਗਰਾਂਟਾਂ ਲੈਣਾ ਪੰਜਾਬੀ ਸਾਹਿਤ ਅਤੇ ਸਭਿਆਚਾਰ ਲਈ ਹਾਨੀਕਾਰਕ ਹੈ ਤਾਂ ਇਸ ਨਤੀਜੇ ਨੂੰ ਮੰਨ ਲੈਣਾ ਚਾਹੀਦਾ ਹੈ। ਪਰ ਗੱਲ ਇਥੇ ਹੀ ਖਤਮ ਨਹੀਂ ਹੋਣੀ ਚਾਹੀਦੀ।

ਇਕ ਕਮਿਊਨਿਟੀ ਦੇ ਤੌਰ ਤੇ ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਕਮਿਊਨਿਟੀ ਵਿਚਲੇ ਜਾਂ ਬਾਹਰਲੇ ਉਨ੍ਹਾਂ ਸੋਮਿਆਂ ਦੀ ਨਿਸ਼ਾਨਦੇਹੀ ਕਰੀਏ ਜਿਨ੍ਹਾਂ ਦੀ ਵਰਤੋਂ ਨਾਲ ਨਰੋਏ, ਸਿਹਤਮੰਦ ਅਤੇ ਸੈਕੂਲਰ ਸਾਹਿਤ ਅਤੇ ਸਭਿਆਚਾਰ ਦੀ ਉਸਾਰੀ ਕੀਤੀ ਜਾ ਸਕੇ। ਮੌਜੂਦਾ ਸਥਿਤੀ ਬਹੁਤ ਹੀ ਨਿਰਾਸ਼ ਕਰਨ ਵਾਲੀ ਹੈ। ਕਮਿਊਨਿਟੀ ਦੀ ਸਮੁੱਚੀ ਮਾਇਕ ਸ਼ਕਤੀ ਧਾਰਮਿਕ ਅਦਾਰਿਆਂ ਦੇ ਕਬਜ਼ੇ ਥੱਲੇ ਹੈ। ਇਹ ਅਦਾਰੇ ਸਿਰਫ ਧਾਰਮਿਕ ਸਰਗਰਮੀਆਂ ਤੱਕ ਹੀ ਸੀਮਿਤ ਹਨ ਤੇ ਹੋਣੇ ਵੀ ਚਾਹੀਦੇ ਹਨ। ਇਨ੍ਹਾਂ ਅਦਾਰਿਆਂ ਵਿਚ ਹਰ ਸਾਲ ਕਈ ਕਈ ਮਿਲੀਅਨ ਡਾਲਰ ਚੜ੍ਹਾਵਾ ਚੜ੍ਹਦਾ ਹੈ। ਵੋਟ ਦੀ ਖਾਤਿਰ ਹਰ ਪੱਧਰ ਦੀਆਂ ਸਰਕਾਰਾਂ ਵੀ ਇਨ੍ਹਾਂ ਹੀ ਅਦਾਰਿਆਂ ਦੀ ਝੋਲੀ ਵਿੱਚ ਡਿੱਗਦੀਆਂ ਹਨ ਤੇ ਇਨ੍ਹਾਂ ਨੂੰ ਹੀ ਸਰਕਾਰੀ ਮਦਦ ਦਿੰਦੀਆਂ ਹਨ। ਅਜਿਹਾ ਹੋਣ ਦਾ ਕਾਰਨ ਇਹ ਹੈ ਕਿ ਕਮਿਊਨਿਟੀ ਵਿੱਚ ਕੋਈ ਵੀ ਸੈਕੂਲਰ ਆਧਾਰ ਵਾਲਾ ਸਿਆਸੀ/ ਸਭਿਆਚਾਰਕ ਅਦਾਰਾ ਅਜਿਹਾ ਨਹੀਂ ਜੋ ਇਨ੍ਹਾਂ ਦਾ ਬਦਲ ਪੇਸ਼ ਕਰ ਸਕੇ। ਨਤੀਜੇ ਵਜੋਂ ਪੰਜਾਬੀ ਦੀ ਕਿਸੇ ਵੀ ਕਿਸਮ ਦੀ ਕਲਾ – ਸਾਹਿਤ, ਨਾਟਕ, ਸੰਗੀਤ, ਨਾਚ, ਚਿੱਤਰਕਾਰੀ ਆਦਿ – ਵੱਲ ਕੋਈ ਧਿਆਨ ਨਹੀਂ ਦਿੱਤਾ ਜਾ ਰਿਹਾ। ਨਾ ਹੀ ਧਾਰਮਿਕ ਅਦਾਰਿਆਂ ਤੋਂ ਬਿਨਾਂ ਕਿਸੇ ਕਿਸਮ ਦਾ ਕੋਈ ਭਾਈਚਾਰਕ ਕੇਂਦਰ ਉਸਾਰਨ ਵੱਲ ਧਿਆਨ ਦਿੱਤਾ ਜਾ ਰਿਹਾ ਹੈ। ਨਤੀਜੇ ਵਜੋਂ ਲਾਇਬ੍ਰੇਰੀ, ਅਜਾਇਬਘਰ, ਇਤਿਹਾਸਕ ਦਸਤਾਵੇਜ਼ਾਂ ਦੀ ਸੰਭਾਲ, ਖੋਜ ਕੇਂਦਰ, ਪੰਜਾਬ ਦੀਆਂ ਲੋਕ ਕਲਾਵਾਂ ਆਦਿ ਦੀ ਸਹੀ ਪੇਸ਼ਕਾਰੀ, ਇੱਥੇ ਜੰਮਪਲ ਰਹੀ ਪੀੜ੍ਹੀ ਨੂੰ ਇਨ੍ਹਾਂ ਕਲਾਵਾਂ ਨਾਲ ਪ੍ਰੀਚਤ ਤੇ ਇਨ੍ਹਾਂ ਵੱਲ ਉਤਸ਼ਾਹਤ ਕਰਨਾ, ਕਮਿਊਨਿਟੀ ਵਿਚਲੇ ਕਲਾਕਾਰਾਂ ਨੂੰ ਸਹੀ ਮਾਣ ਦੇਣਾ ਆਦਿ ਵਰਗੇ ਅਨੇਕਾਂ ਕੰਮਾਂ ਵੱਲ

ਕਿਸੇ ਦਾ ਕੋਈ ਧਿਆਨ ਹੀ ਨਹੀਂ ਹੈ। ਇਹ ਕੰਮ ਕਿਸੇ ਵੀ ਸੰਸਥਾ ਦੇ ਏਜੰਡੇ 'ਤੇ ਨਹੀਂ ਹਨ।

ਪਰ ਮੁੜ ਕੇ ਵਤਨ ਵੱਲ ਪਰਤਦਿਆਂ ਸਵਾਲ ਉੱਠਦਾ ਹੈ ਕਿ ਵਤਨ ਵਰਗਾ ਪਰਚਾ ਸਰਕਾਰੀ ਗਰਾਂਟਾਂ ਵਰਗੀ ਮਦਦ ਲੈ ਸਕਦਾ ਹੈ? ਨਹੀਂ! ਘੱਟੋ ਘੱਟ ਜਿੰਨਾ ਚਿਰ ਮੌਜੂਦਾ ਢਾਂਚੇ ਵਿਚ ਵੱਡੀ ਤਬਦੀਲੀ ਨਹੀਂ ਕੀਤੀ ਜਾਂਦੀ, ਉਨਾਂ ਚਿਰ ਨਹੀਂ। ਪਹਿਲੀ ਗੱਲ ਤਾਂ ਇਹ ਹੈ ਕਿ ਸਰਕਾਰੀ ਗਰਾਂਟ ਆਦਿ ਲੈਣ ਵਾਸਤੇ ਜੋ ਕਾਗਜ਼ੀ ਕਾਰਵਾਈ ਕਰਨੀ ਪੈਂਦੀ ਹੈ ਅਤੇ ਜਿਸ ਕਿਸਮ ਦੀਆਂ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ ਉਹ ਕਰਨ ਵਾਸਤੇ ਇਕ ਵੱਖਰੀ ਕਿਸਮ ਦੀ ਸੂਝ, ਸਮਾਂ ਤੇ ਢਾਂਚਾ ਚਾਹੀਦਾ ਹੈ ਜੋ ਵਤਨ ਕੋਲ ਇਸ ਵਕਤ ਨਹੀਂ ਹੈ। ਇੱਥੇ ਇਹ ਗੱਲ ਸਾਂਝੀ ਕਰਨੀ ਵੀ ਕੁਥਾਂਈਂ ਨਹੀਂ ਹੋਵੇਗੀ ਕਿ ਵਤਨ ਦੇ ਕਰਿੰਦਿਆਂ ਨੇ ਇਕ ਵਾਰ ਅਜਿਹਾ ਤਜ਼ਰਬਾ ਕਰਨ ਦੀ ਕੋਸ਼ਿਸ਼ ਕਰ ਕੇ ਦੇਖੀ ਹੈ। ਅਸੀਂ ਜਦੋਂ ਕੁਝ ਵਰ੍ਹੇ ਪਹਿਲਾਂ ਅੰਗ੍ਰੇਜ਼ੀ ਦਾ ਪਰਚਾ ਅੰਕੁਰ ਕੱਢਿਆ ਸੀ ਤਾਂ ਹੋਰ ਆਸ਼ਿਆਂ ਦੇ ਨਾਲ ਨਾਲ ਸਾਡੇ ਮਨ ਵਿਚ ਇਕ ਆਸ਼ਾ ਇਹ ਵੀ ਸੀ ਕਿ ਅਸੀਂ ਹੌਲੀ ਹੌਲੀ ਅਜਿਹਾ ਢਾਂਚਾ ਉਸਾਰਨ ਵਿੱਚ ਕਾਮਯਾਬ ਹੋ ਜਾਵਾਂਗੇ ਜਿਸ ਨਾਲ ਅੰਕੁਰ ਵੀ ਚੱਲੇਗਾ ਅਤੇ ਵਤਨ ਵੀ ਚੱਲ ਸਕੇਗਾ। ਅੰਕੁਰ ਦੇ ਦੋ ਅੰਕ ਕੱਢਣ ਲਈ ਵੈਨਕੂਵਰ ਸੱਥ ਨੂੰ ਫੈਡਰਲ ਸਰਕਾਰ ਵਲੋਂ ਦਸ ਹਜ਼ਾਰ ਡਾਲਰ ਦੀ ਗਰਾਂਟ ਮਿਲੀ ਸੀ। ਅਸੀਂ ਉਸ ਦਸ ਹਜ਼ਾਰ ਵਿਚ ਦੋ ਦੀ ਥਾਂ ਅੰਕੁਰ ਦੇ ਤਾਂ ਭਾਵੇਂ ਛੇ ਅੰਕ ਕੱਢ ਦਿੱਤੇ ਪਰ ਉਸਨੂੰ ਅਜਿਹੇ ਸੋਮਿਆਂ ਤੋਂ ਲਗਾਤਾਰ ਮਦਦ ਲੈ ਕੇ ਚਲਦਾ ਰੱਖਣ ਲਈ ਲੋੜੀਂਦਾ ਢਾਂਚਾ ਕਾਇਮ ਕਰਨ ਵਿੱਚ ਕਾਮਯਾਬ ਨਹੀਂ ਹੋਏ। ਸੋ ਅਖੀਰ ਵਿਚ ਇਹੀ ਕਿਹਾ ਜਾ ਸਕਦਾ ਹੈ ਕਿ ਇਹ ਬਦਲ ਵੀ ਵਤਨ ਨੂੰ ਚੱਲਦਾ ਰੱਖਣ ਲਈ ਅਜੇ ਕਾਰਗਾਰ ਸਾਬਤ ਨਹੀਂ ਹੋਣ ਲੱਗਾ।

> **ਇਕ ਕਮਿਊਨਿਟੀ ਦੇ ਤੌਰ ਤੇ ਸਾਡੇ ਲਈ ਇਹ ਬਹੁਤ ਜ਼ਰੂਰੀ ਹੈ ਕਿ ਅਸੀਂ ਕਮਿਊਨਿਟੀ ਵਿਚਲੇ ਜਾਂ ਬਾਹਰਲੇ ਉਨ੍ਹਾਂ ਸੋਮਿਆਂ ਦੀ ਨਿਸ਼ਾਨਦੇਹੀ ਕਰੀਏ ਜਿਨ੍ਹਾਂ ਦੀ ਵਰਤੋਂ ਨਾਲ ਨਰੋਏ, ਸਿਹਤਮੰਦ ਅਤੇ ਸੈਕੂਲਰ ਸਾਹਿਤ ਅਤੇ ਸਭਿਆਚਾਰ ਦੀ ਉਸਾਰੀ ਕੀਤੀ ਜਾ**

## ਅੰਤਿਕਾ

ਹੁਣ ਤੱਕ ਅਸੀਂ ਕਨੇਡਾ ਵਿਚ ਜਿਸ ਢਾਂਚੇ ਵਿਚ ਵਤਨ ਛਪ ਰਿਹਾ ਸੀ ਉਸਦਾ ਵਿਸਥਾਰਪੂਰਬਕ ਜ਼ਿਕਰ, ਉਸਦੀਆਂ ਸੀਮਾਵਾਂ, ਬਦਲ ਵਿਚ ਉਸਾਰੇ ਜਾ ਸਕਣ ਵਾਲੇ ਹੋਰ ਢਾਂਚਿਆਂ ਅਤੇ ਉਹਨਾਂ ਦੀਆਂ ਸੀਮਾਵਾਂ ਬਾਰੇ ਗੱਲ ਕੀਤੀ ਹੈ। ਇਹਨਾਂ ਢਾਂਚਿਆਂ ਦੀਆਂ ਸੀਮਾਵਾਂ ਕਨੇਡਾ ਦੇ ਸਮੁੱਚੇ ਅਤੇ ਪੰਜਾਬੀ ਸਮਾਜ ਦੇ ਸਿਆਸੀ, ਆਰਥਿਕ ਅਤੇ ਸਭਿਆਚਾਰਕ ਹਾਲਤ ਨਾਲ ਸੰਬੰਧਤ ਹਨ। ਇਹਨਾਂ ਹਾਲਤਾਂ ਰਾਹੀਂ ਪੈਦਾ ਕੀਤੀਆਂ ਸੀਮਾਵਾਂ ਨੂੰ ਇਸ ਸਮੇਂ ਪਾਰ ਨਾ ਕਰ ਸਕਣ ਦੀ ਸਥਿਤੀ ਕਾਰਨ ਵਤਨ ਵਕਤੀ ਤੌਰ ਤੇ ਬੰਦ ਹੋ ਰਿਹਾ ਹੈ।

ਸਾਡੇ ਖਿਆਲ ਵਿਚ ਇਸ ਸਮੇਂ ਫਿਕਰ ਵਾਲੀ ਵੱਡੀ ਗੱਲ ਵਤਨ ਦਾ ਬੰਦ ਹੋਣਾ ਨਹੀਂ ਸਗੋਂ ਉਹ ਸੀਮਾਵਾਂ ਹਨ ਜਿਹੜੀਆਂ ਕਨੇਡਾ ਦੇ ਅਤੇ ਸਮੁੱਚੇ ਪੰਜਾਬੀ ਸਮਾਜ ਦੀਆਂ ਅਜੋਕੀਆਂ ਹਾਲਤਾਂ ਕਾਰਨ ਵਤਨ ਵਰਗੇ ਕੰਮਾਂ ਦੇ ਚਲਦਾ ਰਹਿਣ ਉੱਪਰ ਲੱਗ ਰਹੀਆਂ ਹਨ। ਇਸ ਸਥਿਤੀ ਬਾਰੇ ਫਿਕਰ ਕਰਨ ਵਾਲੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਸੀਮਾਵਾਂ ਬਾਰੇ ਗੱਲਬਾਤ ਕਰਨ। ਅਸਲ ਵਿਚ ਕਨੇਡਾ ਵਿਚ ਪੰਜਾਬੀ ਪੱਤਰਕਾਰੀ, ਤੇ ਖਾਸ ਤੌਰ ਤੇ ਪੰਜਾਬੀ ਸਾਹਿਤਕ ਪੱਤਰਕਾਰੀ ਦੀ ਰਾਜਨੀਤਿਕ ਆਰਥਕਤਾ (ਪੁਲੀਟੀਕਲ ਇਕਾਨਮੀ) 'ਤੇ ਗੰਭੀਰ ਵਿਚਾਰ ਵਟਾਂਦਰੇ ਦੀ ਲੋੜ ਹੈ।

ਹੁਣ ਸੁਆਲ ਇਹ ਉੱਠੇਗਾ ਕਿ ਅਜਿਹੀ ਬਹਿਸ ਲਈ ਮੰਚ ਕਿਹੜਾ ਹੋਵੇ? ਇਥੇ ਅਸੀਂ ਤੁਹਾਡੇ ਨਾਲ ਇਕ ਵਾਅਦਾ ਕਰਦੇ ਹਾਂ। ਜੇ ਸਾਨੂੰ ਇੱਥੇ ਵਿਚਾਰੇ ਵਿਸ਼ੇ ਬਾਰੇ ਵੱਡੀ ਗਿਣਤੀ ਵਿਚ ਲਿਖਤਾਂ ਆਉਣ ਤਾਂ ਅਸੀਂ ਉਸ ਬਹਿਸ ਨੂੰ ਤੁਹਾਡੇ ਸਾਰਿਆਂ ਤੱਕ ਪਹੁੰਚਾਉਣ ਲਈ ਵਤਨ ਦਾ ਅੰਕ ਕੱਢ ਸਕਦੇ ਹਾਂ।

ਇਸ ਲਈ ਬੇਨਤੀ ਹੈ ਕਿ ਤੁਸੀਂ ਸਾਨੂੰ ਇਸ ਸੰਬੰਧੀ ਆਪਣੀਆਂ ਟਿੱਪਣੀਆਂ, ਖੱਤ, ਲੇਖ ਆਦਿ ਭੇਜੋ। ਜੇ ਸਾਨੂੰ ਅਜਿਹੀਆਂ ਲਿਖਤਾਂ ਨਾ ਮਿਲੀਆਂ ਤਾਂ ਅਸੀਂ ਇਹ ਸਮਝਾਂਗੇ ਕਿ ਸਾਡੀ ਧਾਰਨਾ, ਕਿ ਕਨੇਡਾ ਦੇ ਪੰਜਾਬੀ ਸਮਾਜ ਦੀਆਂ ਅਜੋਕੀਆਂ ਹਾਲਤਾਂ ਵਿਚ ਵਤਨ ਵਰਗੇ ਪਰਚੇ ਦਾ ਨਿਕਲਣਾ ਇਕ ਤਾਂ ਕਾਫੀ ਮੁਸ਼ਕਿਲ ਹੈ ਦੂਜਾ ਇਸ ਦੀ ਲੋੜ ਬਹੁਤ ਥੋੜ੍ਹੇ ਲੋਕਾਂ ਨੂੰ ਹੈ, ਦੀ ਪੁਸ਼ਟੀ ਹੁੰਦੀ ਹੈ।

ਇਥੇ ਅਸੀਂ ਇਹ ਗੱਲ ਨਿਮਰਤਾ ਨਾਲ ਸਾਫ ਕਰਨੀ ਚਾਹੁੰਦੇ ਹਾਂ ਕਿ ਉੱਪਰ ਪੇਸ਼ ਕੀਤੀ ਗੱਲਬਾਤ ਦਾ ਮਕਸਦ ਆਪਣੇ ਆਪ ਨੂੰ ਵਤਨ ਬੰਦ ਹੋਣ ਦੀ ਜ਼ਿੰਮੇਵਾਰੀ ਤੋਂ ਬਚਾਉਣਾ ਅਤੇ ਇਹ ਜ਼ਿੰਮੇਵਾਰੀ ਦੂਜੇ ਲੋਕਾਂ ਤੇ ਸੁੱਟਣਾ ਬਿਲਕੁਲ ਨਹੀਂ। ਅਸੀਂ ਸਮਝਦੇ ਹਾਂ ਕਿ ਪੰਜ ਸਾਲ ਵਤਨ ਨਿਕਲਣ ਕਾਰਨ ਜੇ ਕੋਈ ਸ਼ਾਬਾਸ਼ੇ ਮਿਲੀ ਹੈ ਉਸਦੇ ਹੱਕਦਾਰ ਵੀ ਅਸੀਂ ਹਾਂ ਅਤੇ ਇਸਦੇ ਬੰਦ ਹੋਣ ਨਾਲ ਜੇ ਕੋਈ ਦੋਸ਼ ਦਾ ਭਾਗੀ ਬਣਦਾ ਹੈ ਉਹ ਵੀ ਅਸੀਂ ਹੀ ਹਾਂ। ਇਸ ਜ਼ਿੰਮੇਵਾਰੀ ਨੂੰ ਅਸੀਂ ਖਿੜੇ ਮੱਥੇ ਸਵੀਕਾਰ ਕਰਦੇ ਹਾਂ।

ਇਸਦੇ ਨਾਲ ਹੀ ਅਸੀਂ ਉਹਨਾਂ ਪਾਠਕਾਂ ਦਾ ਜੋ ਪਿਛਲੇ ਪੰਜਾਂ ਸਾਲਾਂ ਦੌਰਾਨ ਵਤਨ ਚੰਦਾ ਦੇ ਕੇ ਪੜ੍ਹਦੇ ਰਹੇ ਸਨ ਅਤੇ ਉਹਨਾਂ ਦੋਸਤਾਂ ਮਿੱਤਰਾਂ ਦਾ ਜਿਹਨਾਂ ਨੇ ਖੁਦ ਮਾਇਕ ਸਹਾਇਤਾ ਦਿੱਤੀ ਅਤੇ ਆਪਣਾ ਪੂਰਾ ਜ਼ੋਰ ਲਾ ਕੇ ਵਤਨ ਦੇ ਪਾਠਕ ਵਧਾਉਣ ਦੀ ਕੋਸ਼ਿਸ਼ ਕੀਤੀ ਦਾ ਤਹਿਦਿਲੋਂ ਧੰਨਵਾਦ ਕਰਦੇ ਹਾਂ। ਤੁਹਾਡੀ ਮਦਦ ਕਾਰਨ ਹੀ ਵਤਨ ਏਨਾ ਸਮਾਂ ਚੱਲ ਸਕਿਆ ਹੈ। ਜੇ ਵਤਨ ਦੇ ਬੰਦ ਹੋਣ ਨਾਲ ਤੁਹਾਡੇ ਵਲੋਂ ਸਾਡੇ ਵਿਚ ਪ੍ਰਗਟਾਏ ਯਕੀਨ ਨੂੰ ਕੋਈ ਠੇਸ ਪਹੁੰਚੀ ਹੋਵੇ ਤਾਂ ਅਸੀਂ ਮੁਆਫੀ ਚਾਹੁੰਦੇ ਹਾਂ। ●○

**– ਸਾਧੂ ਬਿਨਿੰਗ ਤੇ ਸੁਖਵੰਤ ਹੁੰਦਲ**

ਇਹ ਅੰਕ ਕੱਢਕੇ ਵਤਨ ਦੇ ਬੈਂਕ ਅਕਾਉਂਟ ਵਿਚ ਕੋਈ ਵੱਡੀ ਰਕਮ ਨਹੀਂ ਬਚੇਗੀ। ਪਰ ਜਿਹੜੇ ਪਾਠਕਾਂ ਦੇ ਚੰਦੇ ਅਜੇ ਰਹਿੰਦੇ ਹਨ ਅਤੇ ਉਹ ਆਪਣੇ ਚੰਦਿਆਂ ਦਾ ਬਕਾਇਆ ਵਾਪਸ ਚਾਹੁੰਦੇ ਹਨ, ਉਹ ਸਾਨੂੰ ਇਕ ਨੋਟ ਲਿਖ ਕੇ ਡਾਕ ਰਾਹੀਂ ਭੇਜ ਦੇਣ। ਅਸੀਂ ਉਹਨਾਂ ਦਾ ਬਕਾਇਆ ਉਹਨਾਂ ਤੱਕ ਪੁੱਜਦਾ ਕਰਾਂਗੇ।

ਹਰ ਪ੍ਰਕਾਰ ਦੀ ਇਨਸ਼ੋਰੈਂਸ ਲਈ

# ਪੰਜਾਬੀ ਮਾਰਕੀਟ ਦੇ ਸੱਭ ਤੋਂ ਭਰੋਸੇਯੋਗ ਇਨਸ਼ੋਰੈਂਸ ਦਫਤਰ



**S & S INSURANCE**
(Associated Professional Insurance Service Inc.)
**6656 Main St. (2nd Floor)**
**Vancouver, B.C.**
**Ph: 324-5711**

ਕਾਰਾਂ, ਟਰੱਕਾਂ, ਵੈਨਾਂ, ਟੈਕਸੀਆਂ ਤੇ ਹਰ ਤਰ੍ਹਾਂ ਦੀਆਂ ਗੱਡੀਆਂ ਤੋਂ ਇਲਾਵਾ ਘਰਾਂ, ਅਪਾਰਟਮੈਂਟਾਂ, ਵਪਾਰ ਤੇ ਨਿੱਜੀ ਵਸਤਾਂ ਦੀ ਇਨਸ਼ੋਰੈਂਸ ਲਈ ਤੁਹਾਡਾ ਆਪਣਾ ਇਨਸ਼ੋਰੈਂਸ ਦਫਤਰ।

**Auto - Home - Commercial Insurance**
**ਅਸੀ ਵਿਜ਼ਟਰਾਂ ਦੀ ਮੈਡੀਕਲ ਇਨਸ਼ੋਰੈਂਸ ਵੀ ਕਰਦੇ ਹਾਂ।**

# MINT AUTO BODY

**AT NEW MORE CONVENIENT LOCATION**

- Complete professional auto-body repairs and refinishing on all makes and models.
- Complete frame work
- Free estimates
- All work conditionally guaranteed
- ICBC claims handed promptly
- Uni-body repairs
- Courtesy cars

**ਕਾਰਾਂ, ਵੈਨਾਂ ਅਤੇ ਪਿੱਕ-ਅੱਪ ਟਰੱਕਾਂ ਦੀ ਅੱਛੀ ਤੇ ਪ੍ਰੋਫੈਸ਼ਨਲ ਮੁਰੰਮਤ ਲਈ ਅਤੇ ਤਸੱਲੀਬਖਸ਼ ਪੇਂਟਿੰਗ ਲਈ ਸਾਨੂੰ ਸੇਵਾ ਦਾ ਮੌਕਾ ਦਿਉ।**

## ਭੁਪਿੰਦਰ (ਬੌਬ) ਸਹੋਤਾ

**ਫੋਨ: 433-1207**

**6957 Waltham Ave., Burnaby, V5J 4V4**

# MOTI RAJA

**CURRY IN HURRY FOODS INC.**

**Serving Indian & Canadian Cuisine Since 1975**
**Complete Wedding Banquet Centre**

M·R MOTI RAJA

**8246 - FRASER ST.**
**VANCOUVER, B.C., V5X 3X6**

Ph: 325-5014
Fax: 321-3223

City Kitchen
Ph: 322-2489

# SIKANDER

HAIR STYLING (UNISEX)

**6605 FRASER ST. VANCOUVER**

**ਫਰੇਜ਼ਰ ਅਤੇ 50 ਐਵੀਨਿਊ ਉੱਪਰ**

ਅਸੀਂ ਹਰ ਤਰ੍ਹਾਂ ਦਾ ਕਟਿੰਗ ਤੇ ਸਟਾਇਲਿੰਗ ਦਾ ਕੰਮ ਕਰਦੇ ਹਾਂ। (Ladies & Gents)

- Colour
- Perms
- Facials Threadings
- Eyebrows Arching
- Lightening



**ਫੋਨ: 327-1483**

**ਅਸੀਂ ਵਿਆਹਾਂ ਵਾਸਤੇ ਦੁਲਹਨ ਨੂੰ ਸਜਾਉਣ ਦਾ ਕੰਮ ਵੀ ਕਰਦੇ ਹਾਂ**

# ਦਫਾ–188

## ਸਾਧੂ ਸਿੰਘ

ਚੇਹਰੇ ਤੇ ਅਚਾਨਕ ਟਾਰਚ ਦੀ ਤੇਜ਼ ਰੌਸ਼ਨੀ ਦੀ ਧਾਰ ਪੈਣ ਸਾਰ ਹੀ ਉਹਦੀਆਂ ਅੱਖਾਂ ਚੁੰਧਿਆ ਗਈਆਂ। ਭੀੜੇ ਪੁਲ ਦੀ ਚੜ੍ਹਾਈ ਚੜ੍ਹਦੇ ਸਕੂਟਰ ਨੂੰ ਇਕਦਮ ਬ੍ਰੇਕਾਂ ਲੱਗੀਆਂ। ਸਪੀਡ ਭਾਵੇਂ ਬਹੁਤੀ ਨਹੀਂ ਸੀ, ਫਿਰ ਵੀ ਪੈਰ ਤੇ ਹੀ ਰੁਕ ਜਾਣ ਕਾਰਨ, ਪਿਛਲੀ ਸਵਾਰੀ ਦੇ ਸੰਭਲਦਿਆਂ ਸੰਭਲਦਿਆਂ, ਅਵੇਸਲਿਓਂ ਹੀ ਅਗਾਂਹ ਉੱਲਰ ਜਾਣ ਕਾਰਨ, ਦਰਮਿਆਨ ਬੈਠਾ ਬੱਚਾ ਵਿਚਕਾਰ ਭੀਚਿਆ ਗਿਆ।

ਹੈੱਡ–ਲਾਈਟ ਦੀ ਰੌਸ਼ਨੀ ਵਿਚ ਬੰਦੂਕ ਦੀ ਨਾਲੀ ਧੌਣ ਅਕੜਾਈ ਖੜ੍ਹੀ ਸੀ। ਬਾਵਰਦੀ ਸਿਪਾਹੀ ਨੇ ਧੜੰਮ ਦੇ ਕੇ ਪੱਕੀ ਸੜਕ ਤੇ ਖੁਰੀਆਂ ਵਾਲਾ ਬੂਟ ਪਟਕਿਆ। ਰਾਤ ਦੀ ਖਾਮੋਸ਼ੀ ਵਿਚ ਭਰਾੜ ਪੈ ਗਿਆ। ਅਚਾਨਕ ਪਈ ਬਿੱਜ ਕਾਰਨ ਉਨ੍ਹਾਂ ਤਿੰਨਾਂ ਦੇ ਬੁੱਲ੍ਹ ਸੀਤੇ ਗਏ। ਬੌਂਦਲਿਆਂ ਹੋਇਆ ਬੱਚਾ ਸਿਪਾਹੀ ਦੇ ਮੋਢੇ ਤੇ ਲੱਗੀ ਫੀਤੀ ਵੱਲ ਬਿਤਰ ਬਿਤਰ ਝਾਕ ਰਿਹਾ ਸੀ।

"ਏਧਰ ਲਾ ਲਓ ਸਕੂਟਰ ਪਾਸੇ ਕਰਕੇ।" ਕੰਧਾ ਕੋਲਾ ਵਾਲੇ ਖੋਖੇ ਰੁਖ ਟਾਰਚ ਮਾਰਦਿਆਂ ਸਿਪਾਹੀ ਨੇ ਹੁਕਮੀਆ ਅੰਦਾਜ਼ ਵਿਚ ਕਿਹਾ।

ਹੁਕਮ ਦੀ ਤਾਮੀਲ ਹੋਣੀ ਹੀ ਸੀ। ਸੋ ਕਰ ਦਿੱਤੀ ਗਈ।

"ਕੀ ਨਾਂ ਵਾ?"

"ਸਰੂਪ ਸਿੰਘ। ਇਹ ਹਰਦੀਸ਼ ਸਿੰਘ ਨੇ।"

"ਤੇ ਇਹ ਬੱਚਾ?"

"ਇਹਨਾਂ ਦਾ ਪੁੱਤਰ ਵਾ।"

ਅਚੇਤੇ ਹੀ ਸਰੂਪ ਤੋਂ ਸਿਪਾਹੀ ਦੀ ਰੀਸ ਲੱਗ ਗਈ ਸੀ।

"ਕੀ ਕੰਮ ਕਰਦੇ ਓ"

"ਏਥੇ ਯੂਨੀਵਰਿਸਟੀ ਵਿਚ ਹੀ ਪੜ੍ਹਾਉਨਾਂ। ਇਹ ਪਿੰਡ ਖੇਤੀ ਕਰਦੇ ਨੇ।"

"ਚੱਲੇ ਕਿੱਥੇ ਓ?"

"ਆਹ ਜੀ ਨਾਲ ਹੀ ਭਾਈ ਰਣਧੀਰ ਸਿੰਘ ਨਗਰ ਵਿਚ"

ਸਰੂਪ ਸਿੰਘ ਨੇ ਯੂਨੀਵਰਸਿਟੀ ਵਿਚ ਪੜ੍ਹਾਉਣ ਤੇ ਭਾਈ ਰਣਧੀਰ ਸਿੰਘ ਲਫਜ਼ਾਂ ਨੂੰ ਆਮ ਨਾਲੋਂ ਜ਼ਰਾ ਕੁ ਘਰੋੜ ਕੇ ਉਚਾਰਿਆ ਸੀ। ਸ਼ਾਇਦ ਇਸ ਕਰਕੇ, ਕਿ ਇਸ ਆਦਰਯੋਗ ਕਿੱਤੇ ਅਤੇ ਗੁਆਂਢ–ਮੱਥੇ ਦੇ ਹੋਣ ਕਾਰਨ ਖੌਰੇ ਕੁੱਝ ਲਿਹਾਜ਼ ਹੋ ਜਾਏ।

"ਆਏ ਕਿੱਥੋਂ ਹੋ?" ਸਿਪਾਹੀ ਦੀ ਅਵਾਜ਼ ਪਹਿਲਾਂ ਨਾਲੋਂ ਵੀ ਕੁੱਝ ਖਹੁਰੀ ਹੋ ਗਈ ਸੀ।

"ਪੰਜਾਬੀ ਭਵਨ ਤੋਂ। ਨਾਟਕ ਦੇਖਕੇ।"

"ਅੱਛਾ ਨਾਟਕ ਦੇਖਕੇ ਆਏ ਓਂ।" ਸਿਪਾਹੀ ਦੀ ਆਵਾਜ਼ ਵਿਚ ਕੁੱਝ ਇਸ ਕਦਰ ਵਿਅੰਗ ਸੀ ਜਿਵੇਂ ਉਹ ਇਹ ਕਹਿਣਾ ਚਾਹੁੰਦਾ ਹੋਏ ਕਿ 'ਅਸਲ ਨਾਟਕ ਤਾਂ ਤੁਸੀਂ ਹੁਣ ਦੇਖੋਗੇ, ਜਿਹਦਾ ਪਰਦਾ ਹੁਣੇ ਹੀ ਤੁਹਾਡੀਆਂ ਅੱਖਾਂ ਦੇ ਸਾਹਮਣੇ ਹੀ ਉੱਠਣ ਵਾਲਾ ਹੈ।'

ਪਰਦਾ ਉੱਠਣ ਤੋਂ ਪਹਿਲਾਂ ਵਾਲਾ ਹੀ ਮਹੌਲ! ਪਰ ਤਿੰਨਾਂ ਦਰਸ਼ਕਾਂ ਦੇ ਮਨਾਂ ਨੂੰ ਉਤਸੁਕਤਾ ਨਾਲੋਂ ਚਿੰਤਾਂ ਨੇ ਵੱਧ ਘੇਰਿਆ ਹੋਇਆ ਸੀ।

"ਗੱਲ ਕੀ ਹੋ ਗਈ?" ਹੁਣ ਤੀਕ ਡੌਂਬਰੇ ਖੜ੍ਹੇ ਹਰਦੀਸ਼ ਨੇ ਚੁੱਪ ਤੋੜੀ।

"ਗੱਲ ਵੀ ਦੱਸਦੇ ਹਾਂ ਜਨਾਬ।" ਸਿਪਾਹੀ ਸ਼ਾਇਦ ਨਾਟਕ ਦੇ ਲਟਕਾਓ ਨੂੰ ਇਕ ਦਮ ਖਤਮ ਨਹੀਂ ਸੀ ਕਰਨਾ ਚਾਹੁੰਦਾ।

"ਫੇਰ ਵੀ ਕੁਛ ਪੱਲੇ ਤਾਂ ਪਾਓ।" ਹਰਦੀਸ਼ ਦੇ ਬੋਲ ਵਿਚ ਐਤਕੀਂ ਕੁੱਝ ਕਾਹਲੀ ਸੀ, ਸ਼ਾਇਦ ਤਲਖੀ ਵੀ।

ਖੋਖੇ ਦੇ ਪਿੱਛਿਓਂ ਹਨ੍ਹੇਰੇ ਦੀ ਬੁੱਕਲ 'ਚੋਂ ਦੋ ਤਿੰਨ ਸਿਪਾਹੀ ਹੋਰ ਨਮੂਦਾਰ ਹੋ ਗਏ। ਮਹੌਲ ਪਹਿਲਾਂ ਨਾਲੋਂ ਬੋਝਲ ਹੋ ਗਿਆ ਸੀ।

"ਦੇਖਦੇ ਨਹੀਂ ਉਪਰੋਂ ਸਮੇਂ ਕਿਹੋ ਜੇਹੇ ਨੇ।"

"ਸਮੇਂ ਤਾਂ ਸੱਚ ਮੁੱਚ ਹੀ ਬੜੇ ਚੰਦਰੇ ਨੇ।"

ਇਹ ਆਖਦਿਆਂ ਸਰੂਪ ਨੇ ਆਪਣਾ ਸ਼ਨਾਖਤੀ ਕਾਰਡ ਨਵੇਂ ਆਏ ਸਿਪਾਹੀ ਵਲ ਵਧਾਇਆ।

"ਇਹਦੀ ਕੋਈ ਜ਼ਰੂਰਤ ਨਹੀਂ। ਸਾਨੂੰ ਅਤਬਾਰ ਆ ਤੁਹਾਡੇ ਤੇ।"

"ਟੈਮ ਕੀ ਹੋਇਆ?"

"ਸਵਾ ਨੌਂ।"

"ਤੇ ਤੁਹਾਨੂੰ ਪਤਾ ਨਹੀਂ ਨੌਂ ਤੋਂ ਬਾਅਦ ਸਕੂਟਰ ਤੇ ਦੋਹਰੀ ਸਵਾਰੀ ਦੀ ਮਨਾਹੀ ਹੈ ਤੇ ਤੁਸੀਂ ਤਿੰਨ ਚੜ੍ਹੀ ਫਿਰਦੇ ਓਂ।"

ਸਰੂਪ ਦੇ ਸਿਰ ਸੌ ਘੜਾ ਪਾਣੀ ਦਾ ਪੈ ਗਿਆ। ਡਬਲ ਰਾਈਡਿੰਗ ਦੀ ਫੇਟ ਵਿਚ, ਉਹ ਇਕ ਵਾਰ ਪਹਿਲਾਂ ਵੀ ਆ ਚੁੱਕਾ ਸੀ। ਗੱਲ ਤਾਂ ਭਾਵੇਂ ਇਹ ਵਿਚੋਂ ਕੁੱਝ ਵੀ ਨਹੀਂ, ਪਰ ਖੱਜਲ–ਖੁਆਰੀ ਨੂੰ ਰਾਹ ਹੋ ਗਿਆ ਸੀ।

"ਹੌਲਦਾਰ ਜੀ, ਐਵੇਂ ਭੁਲੇਖੇ ਵਿਚ ਹੀ ਦਸਾਂ ਕੁ ਮਿੰਟਾਂ ਦਾ ਫਰਕ ਪੈ ਗਿਆ। ਚੇਤਾ ਹੀ ਭੁੱਲ ਗਿਆ। ਅੱਜ ਤਾਂ ਇਹ ਗਲਤੀ ਐਵੇਂ ਹੀ ਹੋ ਗਈ ਜੀ। ਆਹ ਹੁਣੇ ਜੋ ਫੀਅਟ ਗਈ ਹੈ, ਉਸ ਵਿਚ ਸਾਡੇ ਹੀ ਬੱਚੇ ਸਨ। ਇਕ ਬੰਦਾ ਹੋਰ ਨਾਲ ਬੈਠ ਸਕਦਾ ਸੀ। ਜੇ ਚੇਤਾ ਹੁੰਦਾ ਤਾਂ ਸਰਦਾਰ ਹੋਰਾਂ ਦੀ ਥਾਂ ਕਿਸੇ ਕੁੜੀ ਨੂੰ ਹੀ ਨਾਲ ਬਹਾਲ ਲੈਂਦੇ।" ਸਰੂਪ ਨੇ ਬੜੀ ਆਜਜ਼ੀ ਨਾਲ ਆਪਣੇ ਬੇਕਸੂਰ ਹੋਣ ਦੀ ਸਫਾਈ ਦਿੱਤੀ।

ਹਰਦੀਸ਼ ਦਾ ਚੇਹਰਾ ਕਸੂਰਵਾਰੀ ਦੇ ਇਹਸਾਸ ਨਾਲ ਧੁਆਂਖਿਆ ਗਿਆ ਸੀ। ਸਰੂਪ ਨੇ ਟੁਰਨ ਲੱਗਿਆਂ ਉਹਨੂੰ ਗੱਡੀ ਵਿਚ ਬੈਠਣ ਲਈ ਕਿਹਾ ਵੀ ਸੀ। ਉਹ ਹੀ ਨਹੀਂ ਸੀ ਮੰਨਿਆ। ਅਖੇ ਨਿਆਣੇ ਅਰਾਮ ਨਾਲ ਖੁੱਲ੍ਹੇ ਡੁੱਲ੍ਹੇ ਬੈਠ ਕੇ ਜਾਣਗੇ। ਕਿਹੜਾ ਲੰਮਾ ਸਫਰ ਹੈ। ਤਿੰਨਾਂ ਚਹੁੰ ਕਿਲੋਮੀਟਰਾਂ ਦਾ ਤਾਂ ਪੈਂਡਾ। ਆਪਾਂ ਸਕੂਟਰ ਤੇ ਹੀ ਚਲੇ ਚੱਲਦੇ ਹਾਂ। ਤੇ ਛੋਟੇ ਮੱਟੂ ਨੇ ਪਾਪਾ ਦੇ ਨਾਲ ਸਕੂਟਰ ਤੇ ਬੈਠਣ ਦੀ ਹੀ ਮਣਸ਼ਾ ਦੱਸੀ ਸੀ। ਤੇ ਐਡੀ ਗੱਲ ਵੀ ਕੀ ਸੀ? ਮੱਟੂ ਦੇ ਭਾਰ ਨਾਲ ਕਿਹੜੇ ਚੇਤਕ ਦੇ ਪਿਸਟਨ ਬੈਠ ਜਾਣੇ ਸਨ!

ਪਰ ਫੇਰ ਵੀ ਸਰਕਾਰੀ ਹੁਕਮਾਂ ਦੀ ਉਲੰਘਣਾਂ ਹੋ ਗਈ ਸੀ। ਬੈਠੇ ਬਿਠਾਇਆਂ ਘਿਓ ਨੂੰ ਘੜਾ ਤਾਂ ਹੋ ਹੀ ਗਿਆ ਸੀ 'ਕੇਰਾਂ।

ਹਰਦੀਸ਼ ਨੇ ਬੜੇ ਦੀਨ ਜੇਹੇ ਭਾਵ ਨਾਲ ਸਰੂਪ ਵਲ ਝਾਕਿਆ, ਜਿਵੇਂ ਆਖ ਰਿਹਾ ਹੋਵੇ ਚੰਗੇ ਕੁੜਿੱਕੀ ਵਿਚ ਫਸੇ ਭਾਅ ਜੀ!

"ਫਿਰ ਸਰਦਾਰ ਜੀ, ਕੋਈ ਕਰੋ ਹੀਲਾ ਵਸੀਲਾ। ਲੱਭੋ ਰਾਹ ਕੋਈ। ਗਲਤੀ ਹੋ ਗਈ, ਪਰ ਜੀ ਹੋ ਗਈ ਅਟੱਕਲੋਂ; ਜਾਣ ਕੇ ਨੀ ਕੀਤੀ।"

ਹਰਦੀਸ਼ ਨੂੰ ਕੋਈ ਸਬੀਲ ਨਿਕਲ ਆਉਣ ਦੀ, ਅੰਦਰੋਂ ਪੂਰੀ ਆਸ ਸੀ। ਕਿਹੜਾ ਏਨਾ ਹੀ ਸੰਗੀਨ ਦੋਸ਼ ਸੀ। ਨਾਲੇ ਇਨ੍ਹਾਂ ਪੁਲਸੀਆਂ ਦੀਆਂ ਛੋਟਾਂ ਕਿਹੜੀਆਂ ਕਿਸੇ ਤੋਂ ਗੁੱਝੀਆਂ ਨੇ। ਐਵੇਂ ਸੌਦਾ ਪਟਾਉਣ ਦੀ ਹੀ ਗੱਲ ਸੀ।

ਪਰ ਸੌਦਾ ਉਹਨਾਂ ਦੋਹਾਂ ਵਿਚੋਂ ਕਿਸੇ ਨੂੰ ਪਟਾਉਣਾ ਨਹੀਂ ਸੀ ਆਉਂਦਾ।

ਉਹਨਾਂ ਦੀ ਸ਼ਰਾਫਤ ਨੂੰ ਵੱਢੀ ਦੇਣ ਦੀ ਜਾਚ ਨਹੀਂ ਸੀ। ਕਦੇ ਲੋੜ ਹੀ ਨਹੀਂ ਸੀ ਪਈ। ਜੇ ਕਦੇ ਤਸੀਲੇ ਕਚਹਿਰੀ ਲੋੜ ਪਈ ਵੀ ਸੀ, ਤਾਂ ਗੱਲ ਪਹਿਲੋਂ ਹੀ ਟੁੱਕੀ ਹੋਈ ਹੁੰਦੀ ਸੀ। ਵਿਚ ਵਿਚਾਲਾ ਕਰਾਉਣ ਲਈ ਕੋਈ ਵਿਚੋਲਾ ਹਾਜ਼ਰ ਹੁੰਦਾ ਸੀ ਤੇ ਅੱਜ ਉਹ ਦੋਵੇਂ ਅਸਲੋਂ ਹੀ ਇਕੱਲੇ ਸਨ।

"ਫੇਰ ਜੀ ਕੋਈ ਲੜਾਓ ਸਬੀਲ।"

ਕਹਿਣਾ ਉਹ ਇਹ ਚਾਹੁੰਦਾ ਸੀ, ਕਿ ਕੁੱਝ ਲੈ ਦੇ ਕੇ ਛੱਡੋ ਸਾਡਾ ਪਿੱਛਾ। ਪਰ ਢੁੱਕਵੇਂ ਲਫਜ਼ ਉਹਨੂੰ ਔੜ ਨਹੀਂ ਸਨ ਰਹੇ। ਪਰ ਅੱਗੋਂ ਪੁਲਸੀਏ ਤਾਂ ਕੋਈ ਅਨਾੜੀ ਨਹੀਂ ਸਨ। ਅਣਬੋਲਤ ਹੀ ਵਿਥਿਆ ਜਾਨਣ ਦੇ ਹੰਢੇ ਵਰਤੇ ਖਿਡਾਰੀ ਸਨ।

"ਕੋਈ ਥੋੜ੍ਹ-ਸੁੱਥ ਤਾਂ ਜੀ ਕਰ ਲੈਂਦੇ, ਪਰ ਸਾਡਾ ਠਾਣੇਦਾਰ ਬੜਾ ਕੱਬਾ! ਬਹੁਤਾ ਈ ਅੜਬ ਵਾ।"

"ਚਲੋ ਠਾਣੇਦਾਰ ਕਿਹੜਾ ਕੋਲ ਹੈ ਹੁਣ।" ਹਰਦੀਸ਼ ਨੇ ਤਰਲਾ ਮਾਰਿਆ।

"ਜੋ ਸੇਵਾ ਕਹੋ; ਕਰ ਦਿੰਨੇ ਹਾਂ।"

ਅਖੇ ਮਰਦੀ ਕੀ ਨਾ ਕਰਦੀ। ਅਚਾਨਕ ਹੀ ਉਹਦਾ ਹੱਥ ਜੇਬ ਵਲ ਨੂੰ ਉਲਰਿਆ।

"ਅਸੀਂ ਕੋਈ ਤੁਹਾਥੋਂ ਨਾਬਰ ਤਾਂ ਨਹੀਂ ਸਰਦਾਰ ਜੀ, ਪਰ ਉਹਦੇ ਦੌਰੇ ਦਾ ਵੇਲਾ। ਐਵੇਂ ਮੂੰਹ ਚੁੱਕ ਕੇ ਏਧਰ ਨੂੰ ਆਉਂਦਾ ਹੋਇਆ ਤਾਂ ਉਹਨੇ ਟੰਗ ਦੇਣਾ ਸਾਨੂੰ।"

"ਫੇਰ?"

"ਠਾਣੇ ਤਾਂ ਜੀ ਤੁਹਾਨੂੰ ਚੱਲਣਾ ਹੀ ਪਊ। ਅੱਗੋਂ ਤੁਹਾਡੀ ਕਿਸਮਤ। ਜੇ ਉਹ ਉਥੇ ਨਾ ਹੋਇਆ ਤਾਂ ਤੁਸੀਂ ਜਿਵੇਂ ਕਹੋਗੇ, ਕਰ ਲਵਾਂਗੇ।"

"ਫੇਰ?" ਸਰੂਪ ਨੇ ਹਰਦੀਸ਼ ਨਾਲ ਨਜ਼ਰ ਮੇਲਦਿਆਂ ਪੁੱਛਿਆ।

"ਚਲੋ ਚਲੋ ਚਲਦੇ ਹਾਂ।" 'ਫਸ ਗਈ ਤੇ ਫਟਕਣ ਕੀ' ਦੇ ਲਹਿਜ਼ੇ ਵਿਚ ਉਸਨੇ ਆਖਿਆ।

ਸਕੂਟਰ ਧਰੀਕਦਿਆਂ ਉਹਨਾਂ ਠਾਣੇ ਵਲ ਨੂੰ ਚਾਲੇ ਪਾ ਦਿੱਤੇ। ਹਰਦੀਸ਼ ਦੀ ਉਂਗਲੀ ਫੜੀ, ਮੱਟੂ ਨਿੱਕੇ ਨਿੱਕੇ ਡੋਹਲੇ ਕਦਮ ਭਰਦਾ ਉਹਨਾਂ ਦੇ ਨਾਲ ਤੁਰਿਆ ਜਾਂਦਾ ਪਿਆ ਸੀ। ਵਿਚਾਰਾ ਮੱਟੂ। ਅਖੇ ਪੰਜਾਬ ਦੇ 'ਜੰਮਦਿਆਂ' ਨੂੰ ਨਿੱਤ ਮੁਹਿੰਮਾਂ।

ਆਸ ਦੀ ਇਕ ਮੱਧਮ ਜਿਹੀ ਕਿਰਨ ਸਭਨਾਂ ਦੇ ਮਨ ਵਿਚ ਲਰਜ਼ ਰਹੀ ਸੀ। ਠਾਣੇਦਾਰ ਸ਼ਾਇਦ ਉਥੇ ਨ ਹੀ ਹੋਵੇ।

ਠਾਣਾ ਕੁੱਝ ਕਰਮਾਂ ਦੀ ਵਿੱਥ ਤੇ ਹੀ ਸੀ।

ਹਾਤੇ ਵਿਚ ਸਕੂਟਰ ਸਟੈਂਡ ਤੇ ਜਾ ਲਾਇਆ। ਬੂਹਾ ਖੋਲ੍ਹ ਕੇ ਅੰਦਰ ਵੜਦਿਆਂ ਹੀ, ਹਰੇ ਮੇਜ਼ ਪੋਸ਼ ਦੇ ਪਿੱਛੇ ਤਣੇ ਬੈਠੇ ਹਰਦੀਪ ਸਿੰਘ ਤੇ ਨਜ਼ਰ ਪੈਂਦਿਆਂ ਹੀ, ਉਨ੍ਹਾਂ ਦੇ ਚੇਹਰੇ ਹਿਰਾਸੇ ਗਏ। ਚੌੜਾ-ਚਿੱਘਾ ਭੁਗਾਠਾ। ਚਿਣਵੀਆਂ ਫੱਟੀਆਂ ਵਾਲੀ ਖਾਕੀ ਪੱਗ। ਲਾਲ ਫਿਫਟੀ। ਲਾਲ ਧਾਰੀਆਂ ਵਾਲੀਆਂ ਵੱਡੀਆਂ ਵੱਡੀਆਂ ਅੱਖਾਂ ਵਿਚ ਨਸ਼ੇ ਦੀ ਲੋਰ। ਫਿਕਸੋ ਲੱਗੀ ਦਾਹੜੀ। ਨਗੌਰੀ ਸਾਹਨ ਦੇ ਸਿੰਗਾਂ ਵਾਂਗ ਆਕੜੀਆਂ, ਸਿਰਿਆਂ ਤੋਂ ਤਿੱਖੀਆਂ ਤੁਈਆਂ ਵਾਲੀਆਂ, ਮੁੱਛੋਂ ਭਰਵੀਆਂ ਮੁੱਛਾਂ।

ਮੂਸਿਆਂ ਅੱਗੇ ਤਣਕੇ ਖੜ੍ਹੀ ਮੌਤ।

"ਜੀ ਡਬਲ ਰਾਈਡਿੰਗ ਦਾ ਹੀ ਕੇਸ ਹੈ ਇਹ ਵੀ।" ਸਿਪਾਹੀ ਨੇ ਸਲੂਟ ਮਾਰਦਿਆਂ ਆਪਣੀ ਕਾਰਗੁਜ਼ਾਰੀ ਪਾਈ।

"ਹੂੰ"

ਖੱਬੇ ਬੰਨੇ ਫੱਟੀਆਂ ਵਾਲੇ ਢੋਅਦਾਰ ਬੈਂਚ ਵਲ ਰੂਲ ਦਾ ਇਸ਼ਾਰਾ ਕਰਦਿਆਂ, ਠਾਣੇਦਾਰ ਹਰਦੀਪ ਸਿੰਘ ਨੇ ਹੁਕਮ ਚਾੜ੍ਹਿਆ।

"ਉਥੇ ਬਹਾਓ ਇਨ੍ਹਾਂ ਨੂੰ"

"ਹਾਂ ਬਈ, ਤੁਸੀਂ ਦੱਸੋ, ਕਿਹੜੀ ਮਾਰ ਤੇ ਫਿਰਦੇ ਸੀ ਤੁਸੀਂ ਦੋਵੇਂ, ਅੱਧੀ ਰਾਤ ਨੂੰ ਸਕੂਟਰ ਤੇ।"

"ਜੀ ਕੁਛ ਨਹੀਂ। ਇਹਦੀ ਬਾਂਹ ਟੁੱਟ ਗਈ ਸੀ, ਬੰਨ੍ਹਾਅ ਕੇ ਆਇਆਂ ਲੱਤਾਂ ਬਾਹਾਂ ਚਾੜ੍ਹਨ ਵਾਲੇ ਤੋਂ। ਇਕ ਦੋ ਹੋਰ ਕੰਮ ਸੀ। ਕੁਵੇਲਾ ਹੋ ਗਿਆ। ਬੱਦੋਵਾਲ ਇਹਦੇ ਘਰ ਛੱਡਣ ਚੱਲਿਆ ਸਾਂ।"

"ਅੱਛਾ ਬੱਦੋਵਾਲ ਦੇ ਵੈਲੀ ਓ; ਤੁਸੀਂ। ਕੰਧ ਟੱਪਦੇ ਦੀ ਬਾਂਹ ਟੁੱਟੀ ਹੋਣੀ ਆਂ ਤੇਰੀ।"

"ਨਹੀਂ ਜੀ..."

"ਨਹੀਂ ਜੀ ਦੇ ਬੱਚੇ। ਰਾਤ ਨੂੰ ਵਾਰਦਾਤਾਂ ਕਰਦੇ ਫਿਰਦੇ ਨੇ ਸਾਲੇ। ਲਓ ਇਨ੍ਹਾਂ ਦੀ ਜਾਮਾ ਤਲਾਸ਼ੀ। ਕੱਟ ਓ ਚਲਾਨ ਇਨ੍ਹਾਂ ਬਤਿਆਂ ਬਦਮਾਸ਼ਾਂ ਦਾ। ਕਰੋ ਇਨ੍ਹਾਂ ਨੂੰ ਹਵਾਲਾਤ ਵਿਚ ਬੰਦ। ਦੇਖਦਾਂ ਕੌਣ ਇਨ੍ਹਾਂ ਦੇ ਮਗਰ ਆਉਂਦਾ।" ਹਰਦੀਪ ਸਿੰਘ ਦੇ ਨੱਕ ਵਿਚੋਂ ਬੇਸ਼ੁਮਾਰ ਨੂੰਹੇਂ ਡਿੱਗ ਰਹੇ ਸਨ।

ਦੋਹਰੀ ਸਵਾਰੀ ਵਾਲੇ ਸਕੂਟਰ ਸਵਾਰਾਂ ਦੇ ਵਾਰਦਾਤਾਂ ਕਰਨ ਦੀਆਂ ਖਬਰਾਂ ਅਖਬਾਰਾਂ ਵਿਚ ਨਿੱਤ ਦਿਹਾੜੇ ਛਪਦੀਆਂ ਹੀ ਰਹਿੰਦੀਆਂ ਸਨ। ਕਈ ਥਾਹੀਂ ਸਕੂਟਰ ਦੇ ਮਗਰ ਬੈਠੇ ਮੁੰਡਿਆਂ ਨੇ, ਬੜੇ ਲੋਕਾਂ ਨੂੰ ਗੋਲੀਆਂ ਨਾਲ ਭੁੰਨਿਆ ਸੀ। ਪਰ ਵਿਚਾਰੇ ਇਸ ਸਵਾਰ ਦੀ ਬਾਂਹ ਤਾਂ ਪਹਿਲੋਂ ਹੀ ਟੁੱਟ ਕੇ ਗੱਲ ਵਿਚ ਪਈ ਹੋਈ ਸੀ।

ਇਹ ਟੁੰਡੀਲਾਟ ਵਿਚਾਰਾ ਕੀ ਵਾਰਦਾਤ ਕਰਨ ਜੋਗਾ ਸੀ? ਸ਼ਕਲੋਂ ਵੀ ਬੜਾ ਜੀਅ-ਭਿਆਣਾ ਜਿਹਾ ਲਗਦਾ ਹੈ ਇਹ। ਇਹ ਕਿਹੋ ਜਿਹੇ ਕਾਨੂੰਨ ਨੇ? ਲੱਕੜ ਦੀ ਲੱਤ ਵਾਂਗ ਅਸਲੋਂ ਹੀ ਬੇਲਚਕ ਤੇ ਕਾਨੂੰਨ ਦੇ ਰਾਖੇ ਨਿਰੇ ਲੋਹੇ ਦੇ ਬਣੇ। ਸਰੂਪ ਦੇ ਮਨ ਵਿਚ ਇਹੋ ਜਿਹੇ ਬੜੇ ਖਿਆਲ ਆ ਰਹੇ ਸਨ, ਪਰ ਅੱਗੇ ਸੀ ਠਾਣੇਦਾਰ ਹਰਦੀਪ ਸਿੰਘ।

"ਵਜੀਦਾ ਕੌਣ ਆਖੇ ਸਾਹਿਬ ਨੂੰ, ਇੰਝ ਨਹੀਂ ਇੰਝ ਕਰ?"

"ਆ ਜਾਓ ਤੁਸੀਂ ਵੀ ਸਰਦਾਰੋ।"

ਉਹ ਦੋਨੋਂ ਜੀ-ਭਿਆਣੇ ਜੇਹੇ ਉੱਠਕੇ ਥਾਣੇਦਾਰ ਸਾਹਿਬ ਦੇ ਸਾਹਮਣੇ ਜਾ ਖਲੋਏ। ਮੱਟੂ ਮੇਜ਼ ਦੇ ਉਹਲੇ ਹਰਦੀਸ਼ ਦੀਆਂ ਲੱਤਾਂ ਨੂੰ ਚੰਬੜਿਆ ਡਰਿਆ ਖੜ੍ਹਾ ਸੀ।

-ਤੁਸੀਂ ਤਾਂ ਪੜ੍ਹੇ ਲਿਖੇ ਜਾਪਦੇ ਹੋਂ; ਸਿਆਣੇ ਬਿਆਣੇ।

-ਹਾਂ ਜੀ, ਦਰਅਸਲ....

ਸਰੂਪ ਨੇ ਆਪਣੀ ਸ਼ਨਾਖਤ ਸਮੇਤ ਸਾਰੀ ਕਹਾਣੀ ਸੰਖੇਪ ਵਿਚ ਕਹਿ ਸੁਣਾਈ।

-ਬੜਾ ਗੰਦ ਪਾਇਆ ਏਸ ਯੂਨੀਵਰਿਸਟੀ ਨੇ ਵੀ।

-ਮੁੰਡੇ ਦਿਨ-ਦਿਹਾੜੇ ਖਰੂਦ ਮਚਾਈ ਰੱਖਦੇ ਨੇ। ਤੁਸੀਂ ਸੰਭਾਲ ਨੀ ਸਕਦੇ ਤੇ ਆਪ ਰਾਤ ਨੂੰ ਕਾਨੂੰਨ ਤੋੜਦੇ ਫਿਰਦੇ ਹੋਂ।

ਸਰੂਪ ਦੀ ਜ਼ਬਾਨ ਤਾਲੂ ਨਾਲ ਲੱਗੀ ਹੋਈ ਸੀ। ਕਹਿਣ ਨੂੰ ਤਾਂ ਮੰਨੇ ਦੰਨੇ ਲੈਕਚਰਾਰ ਕੋਲ ਬੜਾ ਕੁੱਝ ਸੀ। ਪਰ ਭੈਂਸ ਅੱਗੇ ਬੀਨ ਦੀ ਕੀ ਵੱਟੀ ਜਾਣੀ ਸੀ? ਉਹਨੂੰ ਜਾਪਿਆ ਕਿ ਜੇ ਉਸਨੇ ਆਪਣੀ ਭੈਰਵੀ ਦੀ ਕੋਈ ਸੁਰ ਛੂਹੀ ਤਾਂ ਸਾਹਮਣੇ ਤਣਿਆ "ਦੀਪਕ" ਰਾਗ ਉਹਨੂੰ ਆਪਣੇ ਅੰਗਾਰਿਆਂ ਨਾਲ ਧੁਆਂਖਕੇ ਰੱਖ ਦੇਵੇਗਾ।

ਸੂਬੇ ਦਾ ਇਕ ਬੜਾ ਸੀਨੀਅਰ ਤੇ ਸਾਊ ਆਈ. ਜੀ. ਉਸਦਾ ਦੋਸਤ ਸੀ। ਪਲ ਭਰ ਲਈ ਉਹਦੇ ਜੀਅ ਵਿਚ ਆਇਆ ਕਿ ਹਰਦੀਪ ਸਿੰਘ ਨਾਲ ਆਪਣੀ ਉਸ ਨਾਲ ਦੋਸਤੀ ਦਾ ਜ਼ਿਕਰ ਛੇੜੇ। ਉਸਤੋਂ

ਉਹਨੂੰ ਟੈਲੀਫੋਨ ਕਰਨ ਦੀ ਇਜਾਜ਼ਤ ਮੰਗੇ। ਉਹ ਹਰਦੀਪ ਸਿੰਘ ਵਲ ਕੋਈ ਗੱਲ ਕਰਨ ਲਈ ਝਾਕਿਆ ਵੀ। ਪਰ ਇੱਲ੍ਹਾਂ ਦੇ ਆਲ੍ਹਣੇ 'ਚੋਂ ਮਾਸ ਦੀ ਮੁਰਾਦ ਕਰਨ ਦਾ ਕੋਈ ਮਤਲਬ ਉਹਨੂੰ ਨਜ਼ਰ ਨਾ ਆਇਆ।

ਹੋ ਸਕਦਾ ਹੈ; ਹਰਦੀਪ ਸਿੰਘ ਅੱਗੋਂ ਉਹਨੂੰ ਕੱਬਾ ਬੋਲੇ। ਗਾਲ੍ਹੀ ਦੁੱਪੜ ਹੀ ਕਰ ਦੇਵੇ। ਕੌਣ ਜਾਣੇ? ਉਹਨੇ ਚੁੱਪ ਧਾਰਨੀ ਹੀ ਬਿਹਤਰ ਸਮਝੀ। ਮੇਜ਼ ਤੇ ਪਏ ਟੈਲੀਫੋਨ ਦਾ ਚੋਂਗਾ ਉਹਨੂੰ ਖੜੱਪੇ ਸੱਪ ਦੇ ਫੰਨ੍ਹ ਵਾਂਗ ਸਿਰ ਚੁੱਕਦਾ ਨਜ਼ਰ ਆਇਆ। ਕੌਣ ਸੱਪ ਦੀ ਸਿਰੀ ਨੂੰ ਹੱਥ ਲਾਉਣ ਦੀ ਹਿੰਮਤ ਕਰੇ!

"ਸਰਦਾਰ ਜੀ ਕਾਨੂੰਨ ਸਾਰਿਆਂ ਲਈ ਬਰਾਬਰ ਹੁੰਦਾ। ਅਹੁ ਜਿਹਨਾਂ ਨੂੰ ਹੁਣੇ ਹਵਾਲਾਤ ਵਿਚ ਭੇਜਿਆ ਸਾਡੇ ਲਈ ਉਹ ਵੀ ਓਨੇ ਹੀ ਬਾਇੱਜ਼ਤ ਸ਼ਹਿਰੀ ਨੇ।"

ਹਰਦੀਪ ਸਿੰਘ ਦੇ 'ਕਾਨੂੰਨ ਦੇ ਸਾਹਮਣੇ ਬਰਾਬਰੀ' ਤੇ 'ਕਾਨੂੰਨ ਦੇ ਰਾਜ' ਦੇ ਉੱਚ ਪਾਏ ਦੇ ਸੰਕਲਪਾਂ ਦੀ ਉਲੰਘਣਾ ਕਰਨ ਦੀ ਸਰੂਪ ਜਾਂ ਹਰਦੀਸ਼ ਦੀ ਕੀ ਪਰੋਖੋਂ ਹੋ ਸਕਦੀ ਸੀ?

"ਮੁਣਸ਼ੀ ਕੱਟ ਥਈ ਚਲਾਨ, ਇਨ੍ਹਾਂ ਦਾ ਵੀ।"

ਮੁਣਸ਼ੀ ਦੇ ਮਨ ਵਿਚ ਸ਼ਾਇਦ ਕੋਈ ਦੁਚਿੱਤੀ ਸੀ ਜਾਂ ਉਹ ਉਂਞ ਹੀ ਜ਼ਰਾ ਬੇਧਿਆਨਾ ਜੇਹਾ ਬੈਠਾ ਸੀ।

"ਮੇਰੇ ਵਲ ਬਿਤਰ ਬਿਤਰ ਕੀ ਝਾਕੀ ਜਾਨਾਂ, ਚਲਾਨ ਕੱਟ!" ਹਰਦੀਪ ਸਿੰਘ ਗੁਸੈਲੀ ਜ਼ੁਬਾਨ ਵਿਚ ਗਰਜਿਆ।

ਡਡਿਆਏ ਮੱਟੂ ਦੀ ਇਕ ਦਮ ਲੇਰ ਨਿਕਲ ਗਈ। ਕੋਲ ਖੜ੍ਹੇ ਸਿਪਾਹੀ ਨੇ ਉਹਨੂੰ ਚੁੱਕ ਕੇ ਵਰਾਉਣ ਦੀ ਕੋਸ਼ਿਸ਼ ਕੀਤੀ।

"ਇਹ ਕੀ ਕਰਨ ਡਿਹੈਂ ਉਹ ਬਲੰਤਿਆ, ਤੈਨੂੰ ਪਤਾ ਨਹੀਂ ਮੁਲਜ਼ਿਮ ਨਾਲ ਕਿਵੇਂ ਪੇਸ਼ ਆਈਦਾ?"

ਸਿਪਾਹੀ ਦੇ ਮੋਢੇ ਨਾਲ ਚੰਬੜੇ ਮੱਟੂ ਨੂੰ ਸਰੂਪ ਨੇ ਆਪਣੀ ਢਾਕੇ ਲਾ ਲਿਆ। ਹਰਦੀਪ ਸਿੰਘ ਦੇ ਦੀਵੇ ਦੀ ਲਾਟ ਜ਼ਰਾ ਜ਼ਿਆਦਾ ਹੀ ਸੀਖੀ ਜਾ ਕੇ ਧੂੰਏਂਧਾਰ ਰੂਪ ਅਖਤਿਆਰ ਕਰ ਰਹੀ ਸੀ। ਸਰੂਪ ਦਾ ਮਸਾਂ ਮਸਾਂ ਸਾਂਭ ਕੇ ਰੱਖਿਆ ਬੰਨ੍ਹ ਟੁੱਟਣਹਾਕਾ ਹੋ ਕੇ ਟੁੱਟ ਹੀ ਗਿਆ ਸੀ।

"ਸਰਦਾਰ ਜੀ ਕਸੂਰ ਕੀਤਾ ਅਸੀਂ, ਇਸ ਬੱਚੇ ਤੋਂ ਕਿਹੜੀ ਖੁਨਾਮੀ ਹੋਈ ਹੈ? ਇਹ ਕਿਹੜੇ ਕਾਨੂੰਨ ਦੀ ਧਾਰਾ ਅਨੁਸਾਰ ਮੁਲਜ਼ਿਮ ਹੋ ਗਿਆ?" ਉਹਦੇ ਬੋਲਾਂ ਵਿਚਲੀ ਸੁਭਾਵਕ ਰੜਕ ਮੁੜ ਆਈ ਸੀ।

ਹਰਦੀਪ ਸਿੰਘ ਦੀ ਬੜ੍ਹਕ ਨੂੰ ਛਿੱਕਲੀ ਪੈ ਗਈ ਲਗਦੀ ਸੀ। ਉਹ ਸ਼ਾਇਦ ਜੋਸ਼ ਦੀ ਬਹੁਤੀ ਹੀ ਨੁਮਾਇਸ਼ ਕਰ ਬੈਠਾ ਸੀ। ਗਲਤ ਪੈਰੋਂ ਫੜਿਆ ਜਾਣ ਕਾਰਨ, ਉਹਨੂੰ ਕੋਈ ਉੱਤਰ ਨਹੀਂ ਸੀ ਔੜ ਰਿਹਾ।

ਸਰੂਪ ਨੇ ਤੱਤੇ ਤੱਤੇ ਘਾਹ ਹੀ ਸੱਟ ਮਾਰਨੀ ਬੇਹਤਰ ਸਮਝੀ।

"ਆਹ ਨੇੜੇ ਹੀ ਹੈ ਮੇਰਾ ਘਰ, ਐਚ 165. ਬੱਚੇ ਨੂੰ ਘਰ ਛੱਡਕੇ ਆਉਣ ਦੀ ਇਜਾਜ਼ਤ ਦਿਓ ਤਾਂ ਬੜੀ ਮਿਹਰਬਾਨੀ। ਮੈਂ ਮੁੜ ਆਵਾਂਗਾ, ਹੁਣੇ ਪਿਛਲੇ ਪੈਰੀਂ।"

"ਨਾਲ ਜਾਓ ਓਇ ਦੋਨੋਂ ਜਣੇ. ਛੱਡ ਆਓ ਮੁੰਡੇ ਨੂੰ ਘਰ। ਛੇਤੀਂ ਮੁੜਿਓ।" ਹਰਦੀਪ ਨੇ ਸਿਪਾਹੀਆਂ ਨੂੰ ਤਾੜਨਾ ਕੀਤੀ।

ਹਰਦੀਪ ਸਿੰਘ ਕੋਲ ਸ਼ਾਇਦ ਇਸ ਬੇਨਤੀ ਨੂੰ ਟਾਲਣ ਲਈ ਕੋਈ ਚਾਰਾ ਨਹੀਂ ਸੀ ਰਿਹਾ।

ਬੂਹੇ ਬਾਹਰ ਲੱਗੀ ਘੰਟੀ ਖੜਕਾਈ ਤਾਂ ਅੰਦਰੋਂ ਦੋਹਾਂ ਟੱਬਰਾਂ ਦੇ ਜੀਅ ਬਾਹਰ ਵੇਹੜੇ ਵਿਚ ਆ ਗਏ। ਜਾਲੀਦਾਰ ਜੀਪੋਂ ਵਿਚ ਪੁਲਸੀਆਂ ਮਗਰ ਸਰੂਪ ਤੇ ਮੱਟੂ ਨੂੰ ਉੱਤਰਦਿਆਂ ਦੇਖ ਕੇ ਉਹਨਾਂ ਸਭਨਾਂ ਦੀਆਂ ਜੀਭਾਂ ਤਾਲੂਏ ਲੱਗ ਗਈਆਂ ਸਨ।

"ਕੋਈ ਨੀ ਪੁੱਤ, ਕੁਛ ਨੀ ਹੋਇਆ। ਸਾਡਾ ਡਬਲ ਰਾਈਡਿੰਗ ਕਰਕੇ ਚਲਾਨ ਹੋ ਗਿਆ। ਮੈਂ ਮੱਟੂ ਨੂੰ ਛੱਡਣ ਆਇਆਂ। ਹਰਦੀਸ਼ ਠਾਣੇ ਹੈ। ਮੈਂ ਵੀ ਇਹਨਾਂ ਦੇ ਨਾਲ ਹੁਣੇ ਮੁੜਨਾਂ।"

"ਸਰਦਾਰ ਜੀ ਤੁਸੀਂ ਇਕ ਮਿੰਟ ਜ਼ਰਾ ਡਰਾਇੰਗ ਰੂਮ ਵਿਚ ਬੈਠੋ, ਮੈਂ ਹੁਣੇ ਕੁਰਤਾ ਪਾਜਾਮਾ ਪਾਕੇ ਆਇਆ।"

"ਚਾਹ ਬਣਾਉ, ਪੁੱਤ ਇਹਨਾਂ ਲਈ।"

"ਨਹੀਂ ਜੀ ਚਾਹ ਰਹਿਣ ਦਿਓ।" ਸਿਪਾਹੀ ਘਰ ਦਾ ਸਮੁੱਚਾ ਸਲੀਕੇ ਵਾਲਾ ਸ਼ਰੀਫਾਨਾ ਜੇਹਾ ਮਹੌਲ ਦੇਖਕੇ ਆਪਣੇ ਆਪ ਵਿਚ ਹੀ ਛਿੱਥੇ ਜੇਹੇ ਪਏ ਹੋਏ ਸਨ।

"ਆਪਾਂ ਛੇਤੀਂ ਚੱਲੀਏ, ਜੀ ਉਹ 'ਡੀਕਦੇ ਹੋਣੇ ਨੇ"

"ਚੰਗਾ, ਮੈਂ ਹੁਣੇ ਆਇਆਂ।"

ਅੰਦਰ ਆਕੇ ਸਰੂਪ ਨੇ ਕੱਪੜੇ ਬਦਲੇ। ਗੁੱਟੋਂ ਘੜੀ ਲਾਹੀ। ਹਰਦੀਸ਼ ਲਈ ਕੁਰਤਾ-ਪਾਜਾਮਾ ਤੇ ਰਾਤ ਨੂੰ ਉੱਪਰ ਲੈਣ ਲਈ ਦੋ ਖੇਸੀਆਂ ਕੱਢਵਾਈਆਂ।

ਸਾਰਾ ਟੱਬਰ ਹੈਰਾਨੀ ਦੀ ਮੂਰਤ ਬਣਿਆ ਦੁਆਲੇ ਖੜ੍ਹਾ ਸੀ।

ਅੱਛਾ ਤੁਸੀਂ ਏਦਾਂ ਕਰੋ। ਉਹ ਐਮ. ਐੱਲ. ਏ. ਗਰੇਵਾਲ ਸਾਹਿਬ ਮਿਲੇ ਸਨ ਨ ਆਪਾਂ ਨੂੰ ਪੰਜਾਬੀ ਭਵਨ 'ਚ। ਉਹਨਾਂ ਨੂੰ ਫੋਨ ਕਰ ਦਿਓ। ਸ਼ਾਇਦ ਹਾਲੇ ਵੀ ਰੇਖ ਵਿਚ ਮੇਖ ਵੱਜ ਹੀ ਜਾਵੇ। ਨਹੀਂ ਤਾਂ ਕੱਲ੍ਹ ਨੂੰ ਸਾਡੀ ਜ਼ਮਾਨਤ ਦਾ ਬੰਦੋਬਸਤ ਕਰ ਲਿਓ।" ਸਾਰੀਆਂ ਤਾਕੀਦਾਂ ਸਰੂਪ ਇਕੋ ਸਾਹੇ ਕਰ ਗਿਆ।

"ਚਲੋ ਬਾਈ ਜੀ, ਚੱਲੀਏ।" ਸਿਪਾਹੀ ਪਹਿਲਾਂ ਹੀ ਮੁੜਨ ਨੂੰ ਕਾਹਲੇ ਸਨ।

ਵਾਪਿਸ ਠਾਣੇਂ ਆਏ ਤਾਂ ਹਰਦੀਸ਼ ਉਸੇ ਬੈਂਚ ਤੇ ਬੈਠਾ ਸੀ। ਮੁਣਸ਼ੀ ਚਲਾਨ ਦੇ ਕਾਗਜ਼ ਤਿਆਰ ਕਰ ਬੈਠਾ ਸੀ। ਉਹਨਾਂ ਇਕ ਦੋ ਥਾਈਂ ਉਹਨਾਂ ਦੇ ਦਸਖਤ ਕਰਵਾਏ। ਉੱਥੇ ਖੜ੍ਹਿਆਂ ਖੜ੍ਹਿਆਂ ਹੀ ਗਰੇਵਾਲ ਸਾਹਿਬ ਦਾ ਪੀ. ਏ. ਆ ਹਾਜ਼ਿਰ ਹੋਇਆ। ਸਰੂਪ ਨੂੰ ਫਤਿਹ ਬੁਲਾਕੇ ਉਹਨੇ ਹਰਦੀਪ ਸਿੰਘ ਹੋਰਾਂ ਨਾਲ ਕੋਈ ਘੁਸਰ ਮੁਸਰ ਕੀਤੀ।

"ਹੁਣ ਕੁੱਝ ਨਹੀਂ ਹੋ ਸਕਦਾ। ਹੁਣ ਤਾਂ ਚਲਾਨ ਕੱਟਿਆ ਜਾ ਚੁੱਕਾ। ਸਵੇਰੇ ਜ਼ਮਾਨਤਾਂ ਹੀ ਕਰਾਉਣੀਆਂ ਪੈਣਗੀਆਂ।"

"ਅੱਜ ਤਾਂ ਰਾਤ ਹਵਾਲਾਤ 'ਚ ਹੀ ਕੱਟਣੀ ਪਊ ਹਰਦੀਸ਼ ਸਿਹਾਂ।"

"ਚਲੋ ਕੋਈ ਨੀ- ਵਿਚਾਰਾ ਮੱਟੂ ਤਾਂ ਰਮਾਨ ਨਾਲ ਘਰ ਸਊ। ਉਂਦਾਂ ਭਾ ਜੀ, ਥਾਣੇਦਾਰ ਹੈ ਨੇਮ ਕਾਨੂੰਨ ਦਾ ਪੂਰਾ। ਸਿਫਾਰਿਸ਼ ਵੀ ਨੀ ਮੰਨੀ।"

"ਹਾਂ, ਪਰ ਇਸ ਨੇਮ ਕਾਨੂੰਨ ਦਾ ਨਜ਼ਲਾ ਡਿਗਦਾ ਸਦਾ ਧਮਾਤੜਾਂ ਤੇ ਹੀ ਹੈ। ਪਰ ਚਲੋ, ਉਹ ਜਾਣੇ। ਕੋਈ ਹੋਰ ਫਸਿਆ ਹੁੰਦਾ ਤਾਂ ਬਾਹਰੋਂ ਸੌ ਸਬੀਲਾਂ ਕਰ ਸਕਦੇ ਸਾਂ। ਪਰ ਅੱਜ ਤਾਂ ਉਹ ਗੱਲ ਹੋਈ, ਅਖੇ, ਆਪੇ-ਫਾਥੜੀਏ ਤੈਨੂੰ ਕੌਣ ਛਡਾਏ?"

"ਹਾਂ, ਜੀ ਗੰਗਾ ਰਾਮ ਕੀ ਸਮਝ ਮੇਂ ਨ ਆਏ।"

"ਚੱਲ ਫੇਰ ਗੰਗਾ ਰਾਮਾ ਚੱਲੀਏ ਪਿੰਜਰੇ ਵਿਚ।"

-ਅੱਜ ਤਾਂ ਕੈਦ ਮੇਂ ਹੈ ਬੁਲਬੁਲ ਵਾਲੀ ਗੱਲ ਹੋ ਗਈ।

-ਚੱਲ ਚਲੋ ਚਲੀਏ ਲੌਂਦੀ ਝੌਂਪੀ ਲੈਕੇ, ਮਤੇ ਸਈਆਦ ਨੇ ਸੁਣ ਲਿਆ ਤਾਂ ਹੋਰ ਵੀ ਜਾਹ ਜਾਂਦੀ ਹੀ ਹੋ ਜਾਊ।

ਉਹ ਦੋਨੋਂ ਹਵਾਲਾਤ ਵਲ ਜਾਂਦੇ ਹੋਏ, ਲਫਜ਼ੀ ਚੁਹਲਬਾਜ਼ੀ ਨਾਲ ਇਕ ਦੂਜੇ ਦਾ ਚਿੱਤ ਪਰਚਾਉਣ ਦੀ ਕੋਸ਼ਿਸ਼ ਕਰ ਰਹੇ ਸਨ।

ਹਵਾਲਾਤ ਦਾ ਸੀਖਦਾਰ ਬੂਹਾ ਖੁੱਲ੍ਹਿਆ, ਅੰਦਰ ਜ਼ੀਰੋ ਦੇ ਮਿਟਿਆਲੇ

ਜਿਹੇ ਬਲਬ ਦੀ ਮੱਧਮ ਜੇਹੀ ਰੌਸ਼ਨੀ ਹਨ੍ਹੇਰਾ ਦੂਰ ਕਰਨ ਦਾ ਤਰਲਾ ਕਰਦੀ ਹਾਫਲੀ ਪਈ ਸੀ। ਦੱਬੇ ਦੱਬੇ ਪੈਰੀਂ ਉਹ ਦੋਨੋਂ ਅੰਦਰ ਵੜੇ, ਬਾਹਰੋਂ ਸੰਤਰੀ ਨੇ ਤਾਲਾ ਮਾਰਦਿਆਂ ਕਿਹਾ, "ਚੰਗਾ ਸਰਦਾਰ ਜੀ।" ਪਤਾ ਨਹੀਂ; ਉਹਦੇ ਸ਼ੁਭ-ਰਾਤਰੀ ਕਹਿਣ ਦੇ ਇਸ ਅੰਦਾਜ਼ ਵਿਚ ਕੋਈ ਸ਼ਰਮਿੰਦਗੀ ਸੀ ਜਾਂ ਮਜਬੂਰੀ ਵਿਚ ਮਿਲੀ ਤਨਜ਼ ਦੀ ਕੋਈ ਲੇਸ।

"ਚੰਗਾ ਬਾਈ ਸਿਹਾਂ।" ਹਰਦੀਸ਼ ਨੇ ਸਰਸਰੀ ਜੇਹੀ ਹੁੰਘਾਰਾ ਭਰਕੇ ਸਰੂਪ ਨਾਲ ਝੇਂਪਵੀਂ ਜਿਹੀ ਨਜ਼ਰ ਮਿਲਾਉਂਦਿਆਂ ਕਿਹਾ।

"ਦੋ ਸਿਤਾਰੋਂ ਕਾ ਹੈ ਜ਼ਮੀਨ ਪਰ ਮਿਲਨ..."

"ਬੜੇ ਜੱਭ 'ਚ ਪਾਇਆ ਭਾਅ ਜੀ ਤੁਹਾਨੂੰ ਅੱਜ।"

ਹਰਦੀਸ਼ ਦੀ ਸੁਰ ਅਚਾਨਕ ਉਦਾਸੀ ਵਾਲੀ ਹੋ ਗਈ ਸੀ।

"ਨ ਭਈ ਹਰਦੀਸ਼ ਏਦਾਂ ਨ ਕਹਿ, ਤੇਰੇ ਵੱਸ ਹੋਵੇ, ਤੂੰ ਤਾਂ ਤੱਤੀ ਵਾਅ ਨ ਲੱਗਣ ਦੇਵੇਂ ਮੈਨੂੰ। ਮੇਰੇ ਵੱਸ ਹੋਵੇ ਤਾਂ ਤਲੀਆਂ ਧਰਦਾ ਰਹਾਂ ਸਾਰੀ ਉਮਰ ਤੇਰੇ ਪੈਰਾਂ ਹੇਠ। ਇਹ ਤਾਂ ਜੋ ਵੀ ਭਾਣਾ ਵਰਤਿਆ ਅਚਿੰਤੇ ਬਾਜ ਪੈਣ ਵਾਂਗ ਵਰਤਿਆ। ਐਵੇਂ ਮਨ ਨ ਭੈੜਾ ਪਾ। ਅੱਖ ਮੀਟੀ ਰਾਤ ਘੜੀਸੀ।"

"ਉਹ ਤਾਂ ਤੁਹਾਡੀ ਗੱਲ ਠੀਕ ਆ ਪਰ ਅੱਖ ਲੱਗਣੀ ਕਿੱਦਾਂ ਹੈ, ਇਸ ਨ੍ਹੇਰ-ਕੋਠੜੀ ਵਿਚ।"

ਗੱਲਾਂ ਦੀ ਆਵਾਜ਼ ਸੁਣਕੇ ਇਕ ਖੂੰਜੇ ਪਏ ਦੋ ਪਰਛਾਵੇਂ ਜਿਹਾਂ ਨੇ ਉਸਲਵੱਟੇ ਲਏ। ਧਿਆਨ ਲਾਕੇ ਦੇਖਿਆ ਤਾਂ ਵਿਚਾਰਾ ਟੁੰਡੀਲਾਟ ਆਪਣੀ ਭੱਜੀ ਬਾਂਹ ਛਾਤੀ ਨੂੰ ਲਾਈ ਹਉਕੇ ਭਰ ਰਿਹਾ ਸੀ। ਕੋਲ ਹੀ ਉਹਦੀ ਬੇੜੀ ਦਾ ਮੁਹਾਣਾ ਪਿਆ ਸੀ। ਦੋਵੇਂ ਹਾਲ ਦੀ ਘੜੀ ਤਾਂ ਘੁੰਮਣਘੇਰੀ ਜੇਹੀ ਵਿਚ ਹੀ ਫਾਥੇ ਪਏ ਸਨ।

ਹਰਦੀਸ਼ ਨੇ ਉਹਨਾਂ ਦੇ ਕੋਲ ਹੀ ਪਈ ਤ੍ਰਪਾਲ ਨੂੰ ਫਰਸ਼ ਤੇ ਸਵਾਹਰਿਆਂ ਕਰਨ ਲਈ, ਕੰਨੀ ਸਰਕਾਈ ਤਾਂ ਚੂਹਿਆਂ ਦੀ ਅੱਥਰੀ ਹੇੜ੍ਹ ਹਰਲ ਹਰਲ ਕਰਦੀ ਦੂਜੇ ਕੋਨੇ ਵਿਚ ਓਟਾ ਬਣਾਕੇ ਬਣਾਈ ਟੱਟੀ ਵਲ ਭੱਜ ਖਲੋਈ। ਕਮਰਾ ਬੋਅ ਨਾਲ ਡਾਡਾਂ ਮਾਰਦਾ ਸੀ।

ਉਨ੍ਹਾਂ ਤਰਪਾਲ ਘਸੀਟਕੇ ਚੂਹਿਆਂ ਦੇ ਆਰਾਮ ਕਰਨ ਲਈ ਦੂਜੇ ਕੋਨੇ ਵਿਚ 'ਕੱਠੀ ਕਰ ਦਿੱਤੀ ਤੇ ਘਰੋਂ ਲਿਆਂਦੀਆਂ ਖੇਸੀਆਂ ਵਿਛਾਕੇ, ਉਨ੍ਹਾਂ ਉੱਪਰ ਟੇਢੇ ਹੋ ਗਏ। ਪਤਾ ਨਹੀਂ ਉੱਸਲਵੱਟੇ ਲੈਂਦਿਆਂ ਦੀ ਦੇਰ ਰਾਤ ਗਈ ਕਦ ਅੱਖ ਲੱਗੀ।

ਸਵੇਰੇ ਸਰੂਪ ਦੀ ਅੱਖ ਖੁੱਲ੍ਹੀ ਤਾਂ ਹਰਦੀਸ਼ ਪਹਿਲੋਂ ਹੀ ਜਾਗ ਰਿਹਾ ਸੀ। ਉਹਨੇ ਸੰਤਰੀ ਨੂੰ ਪੈਸੇ ਦੇਕੇ ਚਾਹ ਲਿਆਉਣ ਦੀ ਪਹਿਲਾਂ ਹੀ ਫਰਮਾਇਸ਼ ਪਾਈ ਹੋਈ ਸੀ।

-ਕਿੱਦਾਂ ਜੀ ਨੀਂਦ ਆਈ ਕੁਛ।

-ਹਾਂ ਲੱਗ ਗਈ ਸੀ ਅੱਖ। ਐਵੇਂ ਨੀ ਕਹਿੰਦੇ ਹੁੰਦੇ ਕਿ ਨੀਂਦ ਤਾਂ ਕੰਡਿਆਂ ਤੇ ਵੀ ਆ ਜਾਂਦੀ ਆ।

-ਭਾਅ ਜੀ, ਦੇਖ ਲਓ, ਇਹ ਮਾਡਲ ਥਾਣਾਂ। ਇਮਾਰਤ ਨਵੀਂ ਹੈ ਪਰ ਅੰਦਰ ਦੀ ਹਾਲਤ। ਤੋਬਾ ਕਰਾ ਤੀ, ਇੱਕੋ ਰਾਤ ਦੀ ਸਰਕਾਰੀ ਪ੍ਰਾਹੁਣਚਾਰੀ ਨੇ।

ਗਵਾਂਢੀ ਢਾਬੇ ਵਾਲਾ ਮੁੰਡਾ, ਸੀਖਾਂ ਵਿੱਚੀ ਚਾਰ ਗਲਾਸ ਚਾਹ ਦੇ ਅੰਦਰ ਉੱਪੜਦੇ ਕਰ ਗਿਆ। ਬਾਕੀ ਬਚਦੇ ਪੈਸੇ ਮੁੰਡੇ ਨੂੰ ਸ਼ੁਕ੍ਰਾਨੇ ਵਜੋਂ ਕੋਲ ਰੱਖਣ ਲਈ ਹੀ ਬੇਨਤੀ ਕਰ ਦਿੱਤੀ ਸੀ। ਨਾਂਹ ਨਾਂਹ ਕਰਦਿਆਂ ਹਰਦੀਸ਼ ਨੇ ਆਪਣੇ ਦੂਜੇ ਹਵਾਲਾਤੀ ਭਰਾਵਾਂ ਨੂੰ, ਚਾਹ ਦੇ ਦੋ ਗਲਾਸ ਥੰਮ੍ਹਾ ਦਿੱਤੇ ਸਨ।

-ਪੀਓ ਯਾਰ ਹੁਣ ਤੁਹਾਡੇ ਨਾਲ ਕਾਣਾ-ਵੰਡਾ ਕਰਦੇ ਚੰਗੇ ਲਗਦੇ ਹਾਂ।

ਚਾਹ ਦੇ ਦੋ ਘੁੱਟ ਭਰੇ ਹੀ ਸਨ ਕਿ ਦਰਵਾਜ਼ੇ ਦੇ ਬਾਹਿਰ ਖੜ੍ਹਾ ਸ਼ਰਾਰਤੀ ਹਾਸਾ ਹੱਸਦਾ ਅਸ਼੍ਵਨੀ ਨਜ਼ਰ ਆਇਆ।

"ਕਿੱਦਾਂ ਭਾਅ ਜੀ, ਬੈੱਡ ਟੀ- ਪੀਣੇ ਪਏ ਓ!"

ਬਾਹਰਲੇ ਦਰਵਾਜ਼ੇ ਦੀਆਂ ਸਲਾਖਾਂ ਫੜੀ ਕੱਕੇ ਵਾਲਾਂ ਵਾਲਾ, ਨਾਟਕ-ਨਿਰਦੇਸ਼ਕ ਅਸ਼੍ਵਨੀ ਮੁੱਛਾਂ 'ਚੋਂ ਸ਼ਰਾਰਤੀ ਮੁਸਕ੍ਰਾਹਟ ਦੀਆਂ ਫੁਹਾਰਾਂ ਛੱਡ ਰਿਹਾ ਸੀ।

"ਕਿੱਦਾਂ ਓ ਪਤੰਦਰਾ।" ਭਬੰਤਰੇ ਹੋਏ ਸਰੂਪ ਦੇ ਮੂੰਹੋਂ ਸਿਰਫ ਇਹੀ ਸ਼ਬਦ ਮਸਾਂ ਨਿਕਲ ਸਕੇ ਸਨ।

"ਕਿੱਦਾਂ ਕੀ ਭਾਅ ਜੀ ਜਨੇਤੇ ਨੀ ਜਾਣਾ?"

"ਉਹ ਤੇਰੇ ਦੀ, ਅੱਜ ਤੇ ਤੇਰਾਂ ਅਪ੍ਰੈਲ ਹੈ, ਵਸਾਖੀ ਵਾਲਾ ਦਿਨ। ਉਹ ਤੇਰਾ ਤਾਂ ਵਿਆਹ ਹੈ ਅੱਜ! ਮੈਨੂੰ ਤਾਂ ਇਸ ਗਧੀ ਗੇੜ 'ਚ ਚੇਤਾ ਹੀ ਭੁੱਲ ਗਿਆ ਸੀ।"

"ਦੇਖ ਲਓ ਫੇ' ਭਾਅ ਜੀ। ਚੰਗੀ ਗੱਲ ਨੀ ਏਹ, ਛੋਟੇ ਭਾਈ ਦਾ ਵਿਆਹ ਕੋਈ ਰੋਜ ਨੀ ਹੋਣਾ ਤੇ ਤੁਸੀਂ ਇੱਥੇ ਘੋੜੇ ਵੇਚ ਕੇ ਲੰਮੀਆਂ ਤਾਣੀਂ ਪਏ ਓ।"

ਹਰਦੀਸ਼ ਤੇ ਸਰੂਪ ਦੋਨੋਂ ਉੱਠ ਕੇ ਗੇਟ ਕੋਲ ਆਏ। ਅਸ਼੍ਵਨੀ ਨੇ ਦੋਹਾਂ ਨਾਲ ਹੱਥ ਮਿਲਾਉਣ ਲਈ, ਆਪਣੇ ਦੋਨੋਂ ਹੱਥ ਅੰਦਰ ਲੰਘਾਏ ਹੋਏ ਸਨ।

"ਕਿੱਦਾਂ ਫੇਰ ਕੀਤਾ ਕੋਈ ਜੁਗਾੜ?"

"ਹੋਰ ਕੀ? ਕਰਨਾ ਨ ਸੀ?"

"ਬੱਲੇ ਓਏ ਤੇਰੇ ਕੰਮਾਂਤਰੀ ਜੁਗਾੜੀਆ। ਤੈਨੂੰ ਪਤਾ ਕਿੱਦਾਂ ਲੱਗਾ।"

"ਮੈਨੂੰ ਤਾਂ ਭਾਅ ਜੀ ਸਵੇਰੇ ਐਵੇਂ ਬੈਠੇ ਬੈਠੇ ਨੂੰ ਖਿਆਲ ਆ ਗਿਆ। ਤੁਹਾਨੂੰ ਤਾਂ ਵਿਆਹ ਦਾ ਪਤਾ ਹੀ ਸੀ। ਘਰ ਨੀ ਸੀ ਦੱਸ ਹੋਇਆ ਭੱਜ ਨਸ 'ਚ। ਮੈਂ ਕਿਹਾ ਕਿਤੇ ਭਾਬੀ ਬੁੜ੍ਹੀਆਂ ਵਾਲੀ ਹੀ ਨ ਗੱਲ ਕਰੇ, ਪਈ ਮੈਨੂੰ ਤਾਂ ਕਿਹਾ ਹੀ ਨੀ। ਤੁਹਾਡਾ ਕੀ ਹੈ ਕਿਤੇ ਕੱਲੇ ਹੀ ਬਾਹਾਂ ਲਮਕਾਉਂਦੇ ਤੁਰੇ ਆਉਂਦੇ। ਘਰ ਗਿਆ ਤਾਂ ਅੱਗੇ ਤੁਹਾਡੇ ਸੀੜ੍ਹੀ,


## ਮਾਊਂਟ ਐਵਰੈਸਟ ਗੈਸ ਐਂਡ ਪਲੰਬਿੰਗ ਲਿਮ.

ਅਸੀਂ ਘਰਾਂ ਅਤੇ ਵਪਾਰਕ ਬਿਲਡਿੰਗਾਂ ਦੀ ਹੀਟਿੰਗ ਅਤੇ ਪਲੰਬਿੰਗ ਦਾ ਕੰਮ ਬਹੁਤ ਹੀ ਤਸੱਲੀਬਖਸ਼ ਅਤੇ ਵਾਜ਼ਬ ਕੀਮਤ ਤੇ ਕਰਦੇ ਹਾਂ।

*Our motto is your satisfaction*

**ਹੋਰ ਜਾਣਕਾਰੀ ਲਈ ਅਤੇ ਫਰੀ ਐਸਟੀਮੇਟ ਲਈ ਅੱਜ ਹੀ ਫੋਨ ਕਰੋ:**

**ਸੁਰਜੀਤ ਸਿੰਘ ਮਾਹਲ ਨੂੰ**

ਫੋਨ: (604) 572-1277

ਸਿਆਪੇ ਦਾ ਪਤਾ ਲੱਗਾ।"

"ਫੇਰ?"

"ਫੇਰ ਕੀ, ਠਾਣੇ ਵਾਲੇ ਕਹਿਣ ਐੱਸ. ਡੀ. ਐੱਮ. ਦੇ ਜ਼ਮਾਨਤਾਂ ਹੋਣਗੀਆਂ।"

"ਉਹਦੇ ਘਰੋਂ ਪਤਾ ਕੀਤਾ। ਅੱਜ ਛੁੱਟੀ ਸੀ। ਅਖੇ ਜ਼ਮਾਨਤਾਂ ਤਾਂ ਡਿਊਟੀ ਮੈਜਿਸਟ੍ਰੇਟ ਕਰੂ।"

"ਲੱਭਾ ਫੇਰ ਡਿਊਟੀ ਮੈਜਿਸਟ੍ਰੇਟ?"

"ਮੈਂ ਕਿਹਾ ਉਹਨੂੰ ਲੱਭਣ ਦਾ ਖਲਜਗਣ ਕੀ ਕਰੂੰ।"

"ਫੇਰ?"

"ਫੇਰ ਕੀ ਮੈਂ ਸਿੱਧਾ ਡੀ. ਸੀ ਦੇ ਘਰ ਜਾ ਵੱਜਾ। ਭਾ ਜੀ ਐਵੇਂ ਅਫਸਰਾਂ ਨੂੰ ਮਿਲਣੋਂ ਵਰਜਦੇ ਰਹਿੰਦੇ ਓਂ। ਓਦਣ ਵਾਲੇ ਨਾਟਕ ਦੀ ਡੀ. ਸੀ. ਤੋਂ ਪ੍ਰਧਾਨਗੀ ਕਰਵਾਈ ਅੱਜ ਵੇਲੇ ਤੇ ਬਹੁੜੀ। ਨਹੀਂ ਤਾਂ ਵਾੜ ਵਿਚ ਫਸੇ ਬਿੱਲੇ ਵਾਂਗ ਅੰਦਰੇ ਬਿਤਰ ਬਿਤਰ ਝਾਕਦੇ ਰਹਿੰਦੇ।"

"ਓ ਨਹੀਂ ਰੀਸਾਂ ਤੇਰੀਆਂ ਲਛਮਣ ਬੀਰ ਦੀਆਂ।"

"ਲਛਮਣ ਕਿੱਥੇ ਜੀ ਅੱਜ ਤਾਂ ਭੰਬੀਰੀ ਹੋਏ ਹਨੂਮਾਨ ਵਾਂਗ ਪੂਛ ਤੜਾਉਣੀ ਪਈ। ਉੱਤੋਂ ਚੜ੍ਹਨਾ ਜੰਜੇ, ਲਾੜਾ ਬਣਕੇ! ਤੇ ਡੀ. ਸੀ. ਕਹੇ ਮੈਂ ਹੁਣੇ ਬੰਦਾ ਭੇਜ ਦਿੰਦਾਂ। ਤੂੰ ਤਿਆਰੀ ਕਰ ਘੋੜੀ ਚੜ੍ਹਨ ਦੀ।"

"ਫੇਰ?"

"ਮੈਂ ਕਿਹਾ ਇਹ ਗੱਲ ਝੂਠੀ। ਹੁਣੇ ਕਰੋ ਫੂਨ ਥਾਣੇ। ਆਪਾਂ ਬਹਿ ਗਏ ਰਾਂਝੇ ਵਾਂਗ ਧੂਣੀ ਰਮਾਕੇ। ਮਗਰ ਭਰਾ ਨ ਹੋਣ ਹਾਥੀਆਂ ਵਾਂਗ ਮੇਲ੍ਹਦੇ ਆਉਂਦੇ, ਘੋੜੀ ਤੇ ਚੜ੍ਹਨ ਦਾ ਸੁਆਦ ਮੈਨੂੰ ਸੁਆਹ ਆਉਣਾ ਸੀ।"

"ਹੁਣ ਫੇਰ ਖੁਲ੍ਹਾ ਦੇ ਬੂਹੇ, ਲੰਕਾ ਦੇ। ਪਾਈਏ ਧਾਈਆਂ ਅਯੁਧਿਆ ਵਲ। ਚੜ੍ਹੀਏ ਛੈਲ ਨੱਢਿਆਂ ਵਾਂਗ ਧਨੁਸ਼ਧਾਰੀ ਹੋ ਕੇ ਰਾਜਾ ਜਨਕ ਦੇ ਡੇਰੇ।"

"ਬੱਸ ਹੁਣ ਬਿੰਦ ਕੁ ਦੰਦਾਂ ਹੇਠ ਜੀਭ ਦਿਓ। ਹੁਣੇ ਠਾਣੇਦਾਰ ਆਉਂਦਾ ਘਰੋਂ। ਵਰਦੀਧਾਰੀ ਹੁੰਦਾ ਸੀ।..."

"ਪਹਿਲਾਂ ਤਾਂ ਫੋਨ ਤੇ ਮੁਣਸ਼ੀ ਕਹੇ ਜੀ ਜਮਾਨਤਾਂ ਤੋਂ ਬਿਨਾਂ ਨੀ ਛੁੱਟ ਸਕਦੇ। ਦਫਾ-188 ਦੇ ਮੁਲਜ਼ਮ ਨੇ।"

"ਇਹ ਦਫਾ-188 ਕੀ ਹੋਈ!"

"ਹੋਊਗੀ, ਆਪਾਂ ਕੇਹੜੀ ਵਕਾਲਤ ਕਰਨੀ ਆਂ।"

ਡੀ. ਸੀ. ਨੇ ਚਕਾਅ ਤੇ ਚਹੁੰਟੇ ਟੈਲੀਫੋਨ ਤੇ। ਕਹਿੰਦਾ ਦਫਾ-188 ਵਿਚ ਬੱਝੇ ਛਡਾਉਣ ਲਈ ਆਪ ਆਵਾਂ ਸਾਰਾ ਅਮਲਾ ਫੈਲਾ ਲੈਕੇ! ਛੱਡੋ ਉਹਨਾਂ ਨੂੰ ਇਕ ਦਮ! ਮੈਂ ਡਿਪਟੀ ਕਮਿਸ਼ਨਰ ਬੋਲਦਾਂ।

-ਇਕ ਵਾਰ ਦੰਦਲ ਪੈ ਗਈ ਪੁਲਸੀਏ ਨੂੰ!

ਮਸਾਂ ਮੂੰਹ ਖੁਲ੍ਹਿਆ... ਮੈਂ ਜੀ ਹੁਣੇ ਖਬਰ ਕਰਦਾਂ ਐੱਸ. ਐੱਚ. ਓ. ਸਾਹਿਬ ਨੂੰ।

ਸੰਤਰੀ ਨੇ ਹਵਾਲਾਤ ਦਾ ਬੂਹਾ ਖੋਲ੍ਹਿਆ। ਖੇਸੀਆਂ ਕੱਛੇ ਮਾਰੀ ਉਹ ਦੋਨੋਂ ਇਵੇਂ ਬਾਹਰ ਆਏ, ਜਿਵੇਂ ਅਜ਼ਲਾਂ ਮਗਰੋਂ ਦਿਨ ਦਾ ਚਾਨਣ ਦੇਖਿਆ ਹੋਏ।

" ਜਾਮਾ-ਤਲਾਸ਼ੀ ਰੀਸਟੋਰ ਕਰਨ ਦੇ ਹੁਕਮ ਲੈ ਆਇਓ, ਸਕੂਟਰ ਤਾਂ ਮਿਲੂ..." ਠਾਣੇਦਾਰ ਹਰਦੀਪ ਸਿੰਘ ਦੀ ਤਾਕੀਦ ਅਣਸੁਣੀ ਜੇਹੀ ਕਰਕੇ ਉਹ ਅਸ਼੍ਨੀ ਦੀ ਜੀਪ ਵਿਚ ਜਾ ਚੜ੍ਹੇ। ਠਾਣੇਦਾਰ ਉਨ੍ਹਾਂ ਜਾਂਦਿਆਂ ਦੀਆਂ ਪਿੱਠਾਂ ਉਸ ਬੇਬਸ ਬਘਿਆੜ ਵਾਂਗ ਨਿਹਾਰ ਰਿਹਾ ਸੀ, ਜਿਸਦੇ ਜਬਾੜ੍ਹੇ ਹੇਠ ਆਏ ਸ਼ਿਕਾਰ ਅਣਚਬਾਏ ਹੀ ਨਿਕਲ ਕੇ ਹਰਨ ਹੋ ਗਏ ਹੋਣ।

ਕਾਹਲੀ ਕਾਹਲੀ ਹੱਥ-ਮੂੰਹ ਧੋ ਕੇ ਹੀ ਸਰੂਪ, ਹਰਦੀਸ਼ ਅਤੇ ਉਹਨਾਂ ਦੇ ਪਰਵਾਰ ਅਸ਼ਵਨੀ ਦੀ ਜਨੇਤੇ ਚੜ੍ਹੇ। ਅਸ਼੍ਨੀ ਨੂੰ ਵੀ ਚੱਜ ਹਾਲ ਨਾਲ ਨ੍ਹਾਉਣ ਦਾ ਵਕਤ ਨਹੀਂ ਸੀ ਮਿਲਿਆ। ਪਰ ਸਭਨਾਂ ਦੇ ਚੇਹਰਿਆਂ ਤੇ ਮੋਰਚਾ ਜਿੱਤ ਕੇ ਆਏ ਸੰਗ੍ਰਾਮੀਆਂ ਵਾਲਾ ਜਲਾਲ ਠਾਠਾਂ ਮਾਰ ਰਿਹਾ ਸੀ। ਜੰਗਲ ਦੀ ਅੱਗ ਵਾਂਗ ਫੈਲੀ ਪ੍ਰੋਫੈਸਰ ਸਰੂਪ ਸਿੰਘ ਦੀ ਹਵਾਲਾਤੀ ਰਾਤ ਦੀ, ਜਨੇਤ ਦੀਆਂ ਥਾਂਹੋ ਥਾਂਹੀਂ ਢਾਣੀਆਂ ਬੰਨ੍ਹਕੇ ਦਾਰੂ ਪੀਂਦੀਆਂ ਮਜਲਸਾਂ ਵਿਚ, ਆਮ ਚਰਚਾ ਸੀ।

ਦੋ-ਤਿੰਨਾਂ ਦਿਨਾਂ ਬਾਅਦ, ਸਕੂਟਰ ਤੇ ਆਉਂਦੇ ਸਰੂਪ ਸਿੰਘ ਨੂੰ ਉਸੇ ਸਿਪਾਹੀ ਨੇ ਬੜੀ ਹਲੀਮੀ ਨਾਲ ਹੱਥ ਦਾ ਇਸ਼ਾਰਾ ਕਰਕੇ ਰੋਕਿਆ। "ਅਠਾਈ ਤਾਰੀਕ ਹੈ ਤੁਹਾਡੀ। ਗੁਪਤਾ ਸਾਹਿਬ ਦੀ ਕਚਹਿਰੀ ਵਿਚ।"

ਕੱਚੀ ਜਿਹੀ ਪਰਚੀ ਬੋਝੇ ਵਿਚ ਪਾਉਂਦਿਆਂ, ਚੰਗਾ ਕਹਿ ਕੇ ਉਹਨੇ ਸਕੂਟਰ ਦੀ ਕੀਲੀ ਨੱਪ ਦਿੱਤੀ ਸੀ। ਹਰਦੀਸ਼ ਨੂੰ ਚਿੱਠੀ ਰਾਹੀਂ ਖਬਰ ਕਰ ਦਿੱਤੀ ਸੀ। ਮਿੱਥੇ ਦਿਨ ਉਹ ਦੋਵੇਂ ਗੁਪਤਾ ਸਾਹਿਬ ਦੀ ਕਚਹਿਰੀ ਵਿਚ ਦਸ ਵਜੇ ਹਾਜ਼ਿਰ ਹੋਏ। ਕਚਹਿਰੀ ਵਿਚ ਹਾਲੇ ਉੱਲੂ ਬੋਲ ਰਹੇ ਸਨ। ਵਾਜ ਮਾਰਨ ਵਾਲੇ ਚਪੜਾਸੀ ਤੋਂ ਲੱਗੇ ਮੁਕੱਦਮਿਆਂ ਦੀ ਤਫਸੀਲ ਪੁੱਛੀ। ਉਨ੍ਹਾਂ ਦੋਹਾਂ ਮੁਲਜ਼ਮਾਂ ਦੇ ਨਾਂ ਫਰਿਸਤ ਵਿਚ ਸ਼ਾਮਲ ਨਹੀਂ ਸਨ। ਅੱਧਾ ਕੁ ਘੰਟਾ ਬਾਅਦ ਆਏ ਸਟੈਨੋਂ ਨੂੰ ਪੁੱਛਿਆ। ਉਹਨੇ ਕਾਲੀ ਟ੍ਰੇਅ ਵਿਚ ਪਈਆਂ ਫਾਇਲਾਂ ਦੇ ਕਈ ਵਾਰ ਪੰਨੇ ਪਰਤੇ ਤੇ ਆਪਣੀ ਐਨਕ ਦੇ ਮੋਟੇ ਸ਼ੀਸ਼ਿਆਂ ਵਿੱਚੀਂ ਖਾਲੀ ਤੱਕਣੀ ਉਨ੍ਹਾਂ ਵਲ ਸੁੱਟੀ। ਉਹ ਦੋਨੋਂ ਸੁਰਖਰੂ ਜੇਹੇ ਹੋ ਕੇ ਕਚਹਿਰੀ 'ਚੋਂ ਬਾਹਰ ਆਏ। ਠਾਣੇਦਾਰ ਹਰਦੀਪ ਸਿੰਘ ਦੇ ਹੁਕਮ ਕਾਨੂੰਨ ਦਾ ਢਾਂਚਾ ਬਿਖਰ ਗਿਆ ਜਾਪਦਾ ਸੀ।

"ਹਰਦੀਸ਼, ਦਫਾ-188 ਦੀਆਂ ਤਣਾਵਾਂ ਤਾਂ ਢਿੱਲੀਆਂ ਪੈ ਗਈਆਂ ਜਾਪਦੀਆਂ ਨੇ। ਕੀ ਬਣੂੰ ਇਸ ਮੁਲਕ ਦੇ ਅਮਨ ਕਾਨੂੰਨ ਦਾ।"

"ਤੁਸੀਂ ਦਫਾ-188 ਦੀ ਚਿੰਤਾ ਵਿਚ ਹੀ ਫਸੇ ਪਏ ਓਂ। ਏਥੇ ਪੂਰੀ ਦੀ ਪੂਰੀ ਤਾਜ਼ੀ-ਰਾਤਿ-ਹਿੰਦ ਦੇ ਬਖੀਏ ਉੱਧੜੇ ਪਏ ਨੇ। 188 ਕਿਹਦੀ ਪਾਣੀਹਾਰ ਏ। ਅਗਲਿਆਂ ਦਫਾ-302 ਨੂੰ ਮਾਈ ਬੁੱਢੀ ਦੇ ਝਾਟੇ ਵਾਂਗ ਖੱਖੜੀਆਂ ਖੱਖੜੀਆਂ ਕਰਕੇ ਖਿੰਡਾ ਛੱਡਿਆ। ਹਰਦੀਸ਼ ਦੇ ਚੇਹਰੇ ਤੇ ਹਿਰਖ ਤੇ ਹਾਸੇ ਦਾ ਰਲਿਆ ਮਿਲਿਆ ਪ੍ਰਭਾਵ ਉੱਕਰਿਆ ਪਿਆ ਸੀ।

●○

ਸਾਧੂ ਦਾ ਦੂਜਾ
ਕਹਾਣੀ ਸੰਗ੍ਰਹਿ

**ਲੀਹੋਂ ਲੱਥੇ**

ਮਿਲਣ ਦਾ ਪਤਾ:
4333 Portland Street
Burnaby, B.C.
Canada, V5J 2N5
(604) 437-9014
or
Ravi Sahit Prakashan
Hall Bazaar, Amritsar
India, 143006



Remember the name for professional advice at reasonable rates

## M.S. NAT LTD.

CHARTERED ACCOUNTANT

- Accounting
- Auditing
- Bookkeeping
- Personal Income Tax
- Corporate Income Tax
- G.S.T. & P.S.T.
- Estate Taxation and Planning
- Financial Planning



Manjeet S. Nat
BBA (Hons.), C.A.

Free Initial Consultation

#201 - 8318 Scott Rd.,
Surrey, B.C. V3W 3N4
**Phone: 543-9223**
**Fax: 543-9225**

## DOSANJH & COMPANY

*Barristers & Solicitors*

Ujjal Dosanjh    Thomas Woolley
Pardip Nunrha

Appts. available for Saturday mornings
**With over 17 years of experience in:**

- Personal Injury (ICBC)
[handled on contingency (%) basis]
- Divorce & Family Cases
- Criminal Trials
- Supreme Court Civil Trials
- All Immigration Matters
- Workers Compensation Matters
- Buying & Selling Property

*Free Initial Consultation*
#202 - 5887 Victoria Dr.
Vancouver, BC V5P 3W5
327 - 6381

# BAINS

## INTERNATIONAL TRAVEL

Serving B.C. Since 1951

ਘੱਟ ਤੋਂ ਘੱਟ ਕਿਰਾਏ

● India ● Pakistan ● Africa ● U.K ● Europe ● Southeast Asia ● Fiji ● Bangladesh ● Srilanka

**Authorized Agents for:**
*Air Canada, British Airways, Canadian, Cathay Pacific, Thai Airway Intl, KLM and other major Airlines*

6354 Fraser Street, Vancouver, B.C. V5W 3A4
Ph: 324-2277
Out of town call Toll Free:
1-800-661-3488
Offices also in Victoria and North Van.

# SHAN - E - DARBAR

INDIAN CUISINE, L.L.B.O.

Dine in and take out

We cater to all kinds of parties.
**call Harpal Sandhu at (416)741-7406**

**Specialize in Fish Pakora, Chilly Chicken**

**2644 Islington Ave., Rexdale Ontario, M9V 2X5**
Second location at
**7166 Airport Rad. Malton, Ontario**

# ਰੋਜ਼ਗਾਰ ਬਰਾਬਰੀ ਐਕਟ: ਵਿਰੋਧ ਤੇ ਮਹੱਤਤਾ


## ਉਂਕਾਰਪ੍ਰੀਤ ਸਿੰਘ


ਰੋਜ਼ਗਾਰ ਬਰਾਬਰੀ ਐਕਟ (ਇੰਪਲਾਏਮੈਂਟ ਐਕੁਇਟੀ ਐਕਟ) ਕੈਨੇਡਾ ਦੇ ਰਾਸ਼ਟਰੀ ਕਾਨੂੰਨ ਵਿਚ ਲਗਭਗ ਇਕ ਦਹਾਕਾ ਪਹਿਲਾਂ ਸ਼ਾਮਲ ਕੀਤਾ ਗਿਆ ਸੀ। ਇਸ ਐਕਟ ਦਾ ਮੁੱਖ ਉਦੇਸ਼ ਇਸ ਗੱਲ ਨੂੰ ਯਕੀਨੀ ਬਣਾਉਣਾ ਹੈ ਕਿ ਕਿਸੇ ਵੀ ਕਾਮੇ ਨੂੰ ਕਾਬਲੀਅਤ ਦੇ ਅਧਾਰ ਤੋਂ ਇਲਾਵਾ ਕਿਸੇ ਹੋਰ ਕਾਰਨ ਕਰਕੇ ਰੋਜ਼ਗਾਰ ਦੇਣ ਤੋਂ ਨਾਂਹ ਨਾ ਕੀਤੀ ਜਾ ਸਕੇ ਤਾਂਕਿ ਹਰ ਇਕ ਕਨੇਡਾ ਵਾਸੀ ਨੂੰ ਰੋਜ਼ਗਾਰ ਦੇ ਬਰਾਬਰ ਮੌਕੇ ਮੁਹੱਈਆ ਹੋਣ।

ਐਕਟ ਦੇ ਲਾਗੂ ਹੋਣ ਦੇ ਸਮੇਂ ਤੋਂ ਲੈ ਕੇ ਹੁਣ ਤੱਕ ਇਸ ਐਕਟ ਦੇ ਹੱਕ ਅਤੇ ਵਿਰੋਧ ਵਿਚ ਲਗਾਤਾਰ ਬਹਿਸ ਚਲਦੀ ਆ ਰਹੀ ਹੈ। ਇਸ ਲੇਖ ਦਾ ਮਕਸਦ ਇਸ ਐਕਟ ਦੇ ਵਿਰੋਧ ਅਤੇ ਹੱਕ ਵਿਚ ਉਠਾਏ ਗਏ ਮੁੱਖ ਨੁਕਤਿਆਂ ਉੱਤੇ ਵਿਚਾਰ ਕਰਨਾ ਹੈ। ਐਕਟ ਦੇ ਵਿਰੋਧ ਅਤੇ ਹੱਕ ਵਿਚ ਉਠਾਏ ਗਏ ਨੁਕਤਿਆਂ ਤੇ ਗੱਲ ਕਰਨ ਤੋਂ ਪਹਿਲਾਂ, ਇਹ ਜਾਣਨਾ ਜ਼ਰੂਰੀ ਹੈ ਕਿ ਰੋਜ਼ਗਾਰ ਬਰਾਬਰੀ ਐਕਟ (ਇੰਪਲਾਏਮੈਂਟ ਐਕੁਇਟੀ ਐਕਟ) ਹੈ ਕੀ?

**ਰੋਜ਼ਗਾਰੀ ਬਰਾਬਰੀ ਐਕਟ–** ਇਸ ਐਕਟ ਦੇ ਮੁੱਖ ਮੁੱਦੇ ਇਸ ਪ੍ਰਕਾਰ ਹਨ:

- ਇਹ ਐਕਟ ਔਰਤਾਂ, ਰੰਗ-ਨਸਲ ਤੇ ਅਧਾਰਿਤ ਘੱਟਗਿਣਤੀ ਲੋਕਾਂ ਤੇ ਅਪਾਹਜ ਕੈਨੇਡੀਅਨਾਂ ਨੂੰ ਕੰਮ ਲੱਭਣ ਵਿਚ ਦਰਪੇਸ਼ ਵਿਤਕਰਿਆਂ ਦੀ ਨਿਸ਼ਾਨਦੇਹੀ ਕਰਕੇ ਉਹਨਾਂ ਨੂੰ ਦੂਰ ਕਰਦਾ ਹੈ।
- ਇਹ ਐਕਟ ਸਾਰੇ ਕੰਮ ਮਾਲਿਕਾਂ ਨੂੰ ਕਾਮਿਆਂ ਦੀ ਚੋਣ ਲਿੰਗ, ਰੰਗ, ਨਸਲ, ਜਾਤ ਪਾਤ ਆਦਿ ਨਜ਼ਾਇਜ਼ ਕਾਰਨਾਂ ਦੇ ਆਧਾਰ ਤੇ ਨਾ ਕਰਕੇ ਯੋਗਤਾ ਦੇ ਅਧਾਰ ਤੇ ਕਰਨ ਲਈ ਵਚਨਬੱਧ ਕਰਦਾ ਹੈ।
- ਇਹ ਐਕਟ ਮਰਦ ਤੇ ਔਰਤ ਕਾਮਿਆਂ ਦੀਆਂ ਤਨਖਾਹਾਂ ਵਿਚ ਬਰਾਬਰਤਾ ਯਕੀਨੀ ਬਣਾਉਂਦਾ ਹੈ ਬਸ਼ਰਤੇ ਕਿ ਦੋਵੇਂ ਇਕੋ ਜਿਹੀਆਂ ਹਾਲਤਾਂ ਤਹਿਤ ਇਕੋ ਜਿੰਨਾ ਕੰਮ ਕਰਦੇ ਹੋਣ।
- ਇਹ ਐਕਟ ਕੇਂਦਰੀ ਸਰਕਾਰ ਦੇ ਅਦਾਰਿਆਂ ਤੋਂ ਇਲਾਵਾ ਹਰ ਉਸ ਕੰਪਨੀ ਤੇ ਲਾਗੂ ਹੁੰਦਾ ਹੈ ਜਿਸ ਵਿਚ ਕਾਮਿਆਂ ਦੀ ਗਿਣਤੀ ਸੌ ਜਾਂ ਸੌ ਤਾਂ ਵਧੇਰੇ ਹੈ ਜਾਂ ਜਿਹੜੀਆਂ ਕੰਪਨੀਆਂ ਕੇਂਦਰ ਸਰਕਾਰ ਦੇ ਸਹਿਯੋਗ ਜਾਂ ਉਸਦੀ ਦੇਖ ਰੇਖ ਤਹਿਤ ਕੰਮ ਕਰਦੀਆਂ ਹਨ। ਇਹ ਐਕਟ ਹਰੇਕ ਐਸੀ ਕੰਪਨੀ ਲਈ ਇਹ ਲਾਜ਼ਮੀ ਬਣਾ ਦਿੰਦਾ ਹੈ ਕਿ ਉਹ ਹਰ ਸਾਲ ਨਵੇਂ ਕਾਮੇ ਭਰਤੀ ਕਰਦੇ ਸਮੇਂ ਰੋਜ਼ਗਾਰ-ਬਰਾਬਰੀ ਐਕਟ ਦੇ ਮੰਤਵਾਂ ਤੇ ਨਿਸ਼ਾਨਿਆਂ ਦੀ ਪੂਰਤੀ ਨੂੰ ਧਿਆਨ ਵਿਚ ਰੱਖੇ।

**ਐਕਟ ਦਾ ਵਿਰੋਧ –** ਰੋਜ਼ਗਾਰ ਬਰਾਬਰੀ ਐਕਟ ਨੂੰ ਆਪਣੀ ਇਨਸਾਫਮੰਦ ਪਹੁੰਚ ਹੋਣ ਦੇ ਬਾਵਜੂਦ ਸਮੇਂ ਸਮੇਂ ਲਗਾਤਾਰ ਵਿਰੋਧ ਦਾ ਸਾਹਮਣਾ ਕਰਨਾ ਪਿਆ ਹੈ। ਇਸ ਉਤੇ ਇਹ ਇਲਜ਼ਾਮ ਲਗਾਇਆ ਗਿਆ ਕਿ ਇਸ ਨਾਲ ਇਕ ਨਵੀਂ ਕਿਸਮ ਦੀ ਪੱਖਪਾਤ ਸ਼ੁਰੂ ਹੋ ਜਾਵੇਗੀ। ਇਹ ਵੀ ਕਿਹਾ ਗਿਆ ਕਿ ਐਕਟ ਦੀ ਨਿਸ਼ਾਨਦੇਹੀ ਵਾਲੀਆਂ ਘੱਟਗਿਣਤੀਆਂ ਤੇ ਹੋਰ ਪਛੜੀਆਂ ਸ਼੍ਰੇਣੀਆਂ ਨੂੰ ਤਰਜ਼ੀਹ ਦੇਣ ਨਾਲ ਗੋਰੇ ਕਨੇਡੀਅਨ ਲਈ ਰੋਜ਼ਗਾਰ ਦੇ ਮੌਕੇ ਸੀਮਤ ਹੋ ਕੇ ਰਹਿ ਜਾਣਗੇ ਅਤੇ ਇਸ ਤਰ੍ਹਾਂ ਇਸ ਐਕਟ ਦਾ ਨਤੀਜਾ ਬਹੁਗਿਣਤੀ ਲੋਕਾਂ ਪ੍ਰਤੀ ਵਿਤਕਰੇ ਭਰਿਆ ਹੋਵੇਗਾ। ਇਹ ਵੀ ਦਲੀਲ ਦਿੱਤੀ ਜਾਂਦੀ ਹੈ ਕਿ ਇਸ ਐਕਟ ਦੀ ਬਦੌਲਤ ਗੋਰਿਆਂ ਦਾ ਕਿਸੇ ਵੀ ਨੌਕਰੀ ਨੂੰ ਪ੍ਰਾਪਤ ਕਰਨਾ ਹੀ ਨਹੀਂ ਸਗੋਂ ਕਿਸੇ ਪ੍ਰਾਪਤ ਨੌਕਰੀ ਵਿਚ ਤਰੱਕੀ ਪ੍ਰਾਪਤ ਕਰਨਾ ਵੀ ਔਖਾ ਹੋ ਜਾਵੇਗਾ ਜਦ ਕਿ ਘੱਟਗਿਣਤੀਆਂ ਤੇ ਪ੍ਰਵਾਸੀ ਲੋਕਾਂ ਦਾ ਬਹੁਗਿਣਤੀ ਗੋਰਿਆਂ ਤੇ ਦਬਦਬਾ ਕਾਇਮ ਹੋ ਜਾਵੇਗਾ ਅਤੇ ਕੁਆਲੀਫਾਈਡ ਗੋਰਾ ਤਬਕਾ ਬਹੁਤ ਘੱਟ ਤਨਖਾਹ ਦੀਆਂ ਨੌਕਰੀਆਂ ਲਈ ਵੀ ਦਰ ਦਰ ਭਟਕਣ ਤੇ ਮਜ਼ਬੂਰ ਹੋ ਜਾਵੇਗਾ।

ਜੈਕ ਰੌਬਰਟਸ ਵਰਗੇ ਕਾਨੂੰਨ-ਦਾਨ ਇਸ ਐਕਟ ਨੂੰ ਘੱਟਗਿਣਤੀ ਤੇ ਬਹੁਗਿਣਤੀ ਦੋਹਾਂ ਲਈ ਘਾਤਕ ਗਿਣਦੇ ਹਨ। ਉਹਨਾਂ ਅਨੁਸਾਰ ਇਸ ਐਕਟ ਦੀ ਬਦੌਲਤ ਘੱਟਗਿਣਤੀਆਂ ਨੌਕਰੀ ਪਾਉਣ ਦੇ ਬਾਵਜੂਦ ਅਤੇ ਬਹੁਗਿਣਤੀ ਨੌਕਰੀ ਨਾ ਮਿਲਣ ਸਦਕਾ ਆਪਣੇ ਆਪ ਵਿਚ ਰੰਗ, ਜਾਤ ਤੇ ਅਧਾਰਿਤ ਘਟੀਆਪਨ ਮਹਿਸੂਸ ਕਰਨ ਲੱਗ ਜਾਣਗੇ।

ਮਾਰਕਫਿਜਸਾਈਮਨ ਅਤੇ ਕਈ ਹੋਰ ਇਸਨੂੰ ਪੱਖਪਾਤ ਹਟਾਉਣ ਦੀ ਆੜ ਵਿਚ ਸ਼ੁਰੂ ਕੀਤਾ ਗਿਆ ਨਵਾਂ ਪੱਖਪਾਤ ਗਿਣਦੇ ਹਨ ਅਤੇ ਇਸਨੂੰ ਮੋੜਵਾਂ ਵਿਤਕਰਾ (ਰੀਵਰਸ ਡਿਸਕਰੀਮੀਨੇਸ਼ਨ) ਦਾ ਨਾਮ ਦਿੰਦੇ ਹਨ।

ਯੂਨੀਵਰਸਿਟੀ ਆਫ ਕੈਲਗਰੀ ਦੇ ਰਾਜਨੀਤੀ ਵਿਗਿਆਨੀ ਟਾਮ ਫਲੈਨਗਨ ਅਨੁਸਾਰ ਰੋਜ਼ਗਾਰ ਬਰਾਬਰੀ ਐਕਟ ਦੇ ਘਾੜਿਆਂ ਅਤੇ ਹਮਾਇਤੀਆਂ ਨੇ ਜਾਤ ਨਸਲ ਜਾਂ ਲਿੰਗ ਤੇ ਅਧਾਰਿਤ ਜੋ ਅੰਕੜੇ ਪੇਸ਼ ਕੀਤੇ ਹਨ ਉਹ ਭੁਲੇਖਾਪਾਊ ਹਨ ਅਤੇ ਜੇ ਕਰ ਇਹਨਾਂ ਨੂੰ ਸਹੀ ਤੇ ਨਿਰਪੱਖ ਪਹੁੰਚ ਨਾਲ ਘੋਖਿਆ ਜਾਵੇ ਤਾਂ ਅਸਲ ਵਿਚ ਰਿਆਇਤੀ ਨਿਯੁਕਤੀਆਂ (ਪਰੈਫਰੈਂਸ਼ਲ ਹਾਈਰਿੰਗਜ਼) ਬਿਲਕੁਲ ਬੇਅਰਥ ਤੇ ਅਣਉਚਿਤ ਸਿੱਧ ਹੁੰਦੀਆਂ ਹਨ।

ਪ੍ਰੋਫੈਸਰ ਗਰਾਂਟ ਬਰਾਊਨ ਇਸ ਐਕਟ ਦਾ ਵਿਰੋਧ ਇਸ ਕਰਕੇ ਕਰਦੇ ਹਨ ਕਿਉਂਕਿ ਉਹਨਾਂ ਦੇ ਮਤ ਅਨੁਸਾਰ ਇਹ ਐਕਟ ਬੌਧਿਕਤਾ ਦੇ ਵਖਰੇਵੇਂ ਜਾਂ ਸਮਤੋਲ ਦੀ ਬਜਾਏ ਨਸਲੀ ਤੇ ਲਿੰਗ ਵਖਰੇਵੇਂ ਨੂੰ ਵਧੇਰੇ ਉਜਾਗਰ ਕਰਦਾ ਹੈ ਅਤੇ ਅਜਿਹੀ ਬਿਰਤੀ ਕਿਸੇ ਵੀ ਰਾਸ਼ਟਰ ਲਈ ਘਾਤਕ ਸਿੱਧ ਹੁੰਦੀ ਹੈ।

ਇਸ ਐਕਟ ਦੇ ਪ੍ਰਭਾਵਾਂ ਬਾਰੇ ਫਰੈਡਰਿਕ ਲਿੰਚ ਨੇ ਆਪਣੀ ਖੋਜ ਦੁਆਰਾ ਇਹ ਸਿੱਧ ਕਰਨ ਵਿਚ ਕੋਈ ਕਸਰ ਨਹੀਂ ਛੱਡੀ ਕਿ ਇਸ ਐਕਟ ਦੇ ਨਤੀਜੇ ਵਜੋਂ ਹਰ ਦਸ ਗੋਰੇ ਕੈਨੇਡੀਅਨਾਂ ਵਿਚੋਂ ਇਕ ਗੋਰਾ ਕੈਨੇਡੀਅਨ ਮੋੜਵੇਂ ਵਿਤਕਰੇ (ਰੀਵਰਸ ਡਿਸਕਰੀਮੀਨੇਸ਼ਨ) ਦਾ ਸ਼ਿਕਾਰ ਹੋਇਆ ਹੈ। ਲਿੰਚ ਅਨੁਸਾਰ ਭਾਵੇਂ ਕਿ ਸਮੁੱਚੇ ਤੌਰ ਤੇ ਇਸ ਐਕਟ ਦਾ ਵਿਰੋਧ ਕੀਤਾ ਗਿਆ ਹੈ ਪਰ ਇਸ ਸਭ ਦੇ ਬਾਵਜੂਦ ਇਸਦੇ ਲਾਗੂ ਹੋਣ ਦੇ ਦੋ ਪ੍ਰਮੁੱਖ ਕਾਰਨ ਹਨ ਜਿਹਨਾਂ ਵਿਚੋਂ ਪਹਿਲਾ ਤੇ ਪ੍ਰਮੁੱਖ ਕਾਰਨ ਇਸਦੇ ਸ਼ਿਕਾਰ ਹੁੰਦੇ ਲੋਕਾਂ ਦਾ ਕਿਸੇ ਵੀ ਕਿਸਮ ਦਾ ਵਿਰੋਧ ਕਰਨੋਂ ਅਸਮਰਥ ਹੋਣਾ ਹੈ। ਕਿਉਂਕਿ ਇਹ ਲੋਕ ਅਜਿਹੇ ਹੁੰਦੇ ਹਨ ਜਿਹਨਾਂ ਨੂੰ ਨੌਕਰੀ ਲਈ ਇੰਟਰਵਿਊ ਤਾਂ ਕੀਤਾ ਜਾਂਦਾ ਹੈ ਪਰ ਬਾਅਦ ਵਿਚ ਨੌਕਰੀ ਨਾ ਮਿਲਣ ਦਾ ਕਾਰਨ ਨਹੀਂ ਦੱਸਿਆ ਜਾਂਦਾ। ਕੋਈ ਵੀ ਸਬੂਤ ਨਾ ਹੋਣ ਕਾਰਨ ਅਜਿਹੇ ਲੋਕ ਇਸ ਜ਼ਿਆਦਤੀ ਦੇ ਵਿਰੋਧ ਵਿਚ ਅਵਾਜ਼ ਉਠਾਉਣੋਂ ਅਸਮਰੱਥ ਮਹਿਸੂਸ ਕਰਦੇ ਹਨ। ਲਿੰਚ ਅਨੁਸਾਰ ਇਸ ਐਕਟ ਵਿਰੁੱਧ ਉਠਣ ਵਾਲੀ ਹਰ ਅਵਾਜ਼ ਨੂੰ ਅਸਿੱਧੀ ਸੈਂਸਰਸ਼ਿਪ ਅਧੀਨ ਮੀਡੀਏ ਤਕ ਪੁੱਜਣ ਤੋਂ ਰੋਕਿਆ ਜਾਣਾ ਇਸ ਦੇ ਹੋਂਦ ਵਿਚ ਰਹਿਣ ਦਾ ਦੂਸਰਾ ਵੱਡਾ ਕਾਰਨ ਹੈ।

**ਐਕਟ ਦੀ ਮਹੱਤਤਾ:–** ਬੇਸ਼ੱਕ ਰੋਜ਼ਗਾਰ ਬਰਾਬਰੀ ਐਕਟ ਦਾ ਨਸਲਵਾਦੀ ਲਾਬੀ ਵਲੋਂ ਸਖਤ ਵਿਰੋਧ ਕੀਤਾ ਗਿਆ ਹੈ ਅਤੇ ਲਗਾਤਾਰ ਕੀਤਾ ਜਾ ਰਿਹਾ ਹੈ ਪਰ ਅਸਲੀਅਤ ਵਿਚ ਇਹ ਐਕਟ ਨਿਰਪੱਖ ਨਿਯੁਕਤੀਆਂ ਵੱਲ ਇਕ ਨਰੋਆ ਕਦਮ ਹੈ। ਜੇਕਰ ਅਸੀਂ ਕੈਨੇਡਾ ਦੀ ਤੇਜ਼ ਰਫਤਾਰ ਨਾਲ ਬਦਲ ਰਹੀ ਕਾਮਾ ਸ਼ਕਤੀ (ਲੇਬਰ ਫੋਰਸ) ਦੇ ਪਰਿਪੇਖ ਵਿਚ ਇਸ ਐਕਟ ਨੂੰ ਵਾਚੀਏ ਤਾਂ ਕੈਨੇਡਾ ਵਰਗੇ ਰਾਸ਼ਟਰ ਲਈ ਐਸੇ ਐਕਟ ਦੀ ਵਪਾਰਕ ਦ੍ਰਿਸ਼ਟੀ ਤੋਂ ਹੋਰ ਵੀ ਜ਼ਿਆਦਾ ਮਹੱਤਤਾ ਅਤੇ ਜ਼ਰੂਰਤ ਹੈ। ਹੇਠ ਦਿੱਤੇ ਕੁੱਝ ਪ੍ਰਮੁੱਖ ਤੱਤ ਸਾਡੀ ਇਸ ਦਲੀਲ ਦੀ ਪੁਸ਼ਟੀ ਕਰਦੇ ਹਨ:

- ਪਿਛਲੇ ਦੋ ਦਹਾਕਿਆਂ ਤੋਂ ਲਗਾਤਾਰ ਆਪਣੀ ਘੱਟ ਜਨਮ-ਦਰ (ਲੋਅ ਬਰਥ ਰੇਟ) ਕਾਰਨ ਕੈਨੇਡਾ ਦੀ ਕਾਮਾ ਸ਼ਕਤੀ ਮੁੱਖ ਰੂਪ ਵਿਚ ਪ੍ਰਵਾਸੀਆਂ

ਤੇ ਨਿਰਭਰ ਹੈ। ਇਹੀ ਕਾਰਨ ਹੈ ਕਿ ਇਹਨੀ ਸਾਲੀਂ ਕੈਨੇਡਾ ਵਿਚ ਅਵਾਸੀ ਦਾਖਲੇ ਦੀ ਦਰ ਕੈਨੇਡਾ ਦੇ ਇਤਿਹਾਸ ਵਿਚ ਸਭ ਤੋਂ ਵਧੇਰੇ ਹੈ। ਲਗਭਗ 60% ਤੋਂ ਵੀ ਵੱਧ ਅਵਾਸੀ (ਇਮੀਗਰੈਂਟਸ) ਅੱਜ ਕੈਨੇਡਾ ਦੀਆਂ ਘੱਟ ਗਿਣਤੀਆਂ ਵਜੋਂ ਪ੍ਰਵਾਨਿਤ ਹੋ ਚੁੱਕੇ ਹਨ।

- ਸਟੈਟਿਸਟਿਕਸ ਕੈਨੇਡਾ ਦੇ 1991 ਵਿਚ ਕੀਤੇ ਇਕ ਸਰਵੇਖਣ ਅਨੁਸਾਰ 4.2 ਮਿਲੀਅਨ (42 ਲੱਖ) ਕੈਨੇਡੀਅਨ ਲੋਕੀਂ ਜੋ ਕਿ ਕੈਨੇਡਾ ਦੀ ਕੁੱਲ ਅਬਾਦੀ ਦਾ 15% ਬਣਦੇ ਹਨ ਕਿਸੇ ਨਾ ਕਿਸੇ ਰੂਪ ਵਿਚ ਸਰੀਰਕ ਅਪੰਗਤਾ ਦਾ ਸ਼ਿਕਾਰ ਹਨ। ਇਹਨਾਂ 15% ਕੈਨੇਡੀਅਨ ਦੀ ਔਸਤ-ਆਮਦਨ ਰਿਸ਼ਟ-ਪੁਸ਼ਟ ਕੈਨੇਡੀਅਨਾਂ ਦੀ ਔਸਤ ਆਮਦਨ ਤੋਂ ਕਿਤੇ ਘੱਟ ਹੈ। ਇਹਨਾਂ ਵਿਚੋਂ ਬਹੁਤਿਆਂ ਨੂੰ ਆਪਣੇ ਸਾਕ ਸੰਬੰਧੀਆਂ ਜਾਂ ਸਰਕਾਰੀ ਮਦਦ ਤੇ ਨਿਰਭਰ ਹੋਣਾ ਪੈ ਰਿਹਾ ਹੈ। ਇਥੇ ਹੀ ਬੱਸ ਨਹੀਂ ਲਗਭਗ 1.8 ਮਿਲੀਅਨ (18 ਲੱਖ) ਕੈਨੇਡੀਅਨ ਜਿਹਨਾਂ ਦੀ ਉਮਰ 16 ਤੋਂ 65 ਸਾਲ ਦੇ ਦਰਮਿਆਨ ਹੈ ਪੂਰੀ ਤਰ੍ਹਾਂ ਅਪੰਗ ਹਨ ਅਤੇ ਅੱਧ ਤੋਂ ਜ਼ਿਆਦਾ ਲੋਕੀਂ ਰੋਜ਼ਗਾਰ ਮਿਲਣ ਤੋਂ ਪੂਰੀ ਤਰ੍ਹਾਂ ਬੇਆਸ ਹੋ ਚੁੱਕੇ ਹਨ। ਇਕ ਅਨੁਮਾਨ ਅਨੁਸਾਰ ਅਪੰਗ ਕੈਨੇਡੀਅਨਾਂ ਦੀ ਬੇਰੁਜ਼ਗਾਰੀ ਦੀ ਦਰ 60% ਤੋਂ ਵੀ ਵੱਧ ਹੈ ਜੋ ਕਿ ਕੈਨੇਡਾ ਦੀ ਰਾਸ਼ਟਰੀ ਦਰ ਤੋਂ ਕਈ ਗੁਣਾਂ ਵਧੇਰੇ ਹੈ।
- ਕੈਨੇਡਾ ਦੇ ਮੂਲ ਵਸਨੀਕ ਲੋਕਾਂ ਵਿੱਚ ਬੇਰੁਜ਼ਗਾਰੀ ਦੀ ਦਰ ਉਹਨਾਂ ਲੋਕਾਂ ਦੀ ਬਨਿਸਬਤ ਦੁੱਗਣੀ ਤੋਂ ਵੀ ਵਧੇਰੇ ਹੈ ਜੋ ਲੋਕ ਕੈਨੇਡਾ ਦੇ ਮੂਲ ਵਸਨੀਕ ਨਹੀਂ ਹਨ।
- ਪਿਛਲੇ ਕੁੱਝ ਵਰ੍ਹਿਆਂ ਤੋਂ ਔਰਤਾਂ ਲਗਾਤਾਰ ਮਰਦਾਂ ਦੇ ਮੁਕਾਬਲੇ ਵੱਧ ਯੂਨੀਵਰਸਿਟੀ ਡਿਗਰੀਆਂ ਹਾਸਿਲ ਕਰ ਰਹੀਆਂ ਹਨ ਅਤੇ ਮਰਦਾਂ ਦੇ ਮੁਕਾਬਲੇ ਯੋਗ ਔਰਤ-ਕਾਮਿਆਂ ਦੀ ਗਿਣਤੀ ਲਗਾਤਾਰ ਵੱਧ ਰਹੀ ਹੈ। ਕਾਮਿਆਂ ਦੇ ਤੌਰ ਤੇ ਔਰਤਾਂ ਮਰਦਾਂ ਦੇ ਮੁਕਾਬਲੇ ਕੰਮ ਤੇ ਵਧੇਰੇ ਟਿਕਦੀਆਂ ਵੀ ਹਨ। ਪਰ ਇਸ ਸੱਭ ਦੇ ਬਾਵਜੂਦ ਵੀ ਇਹ ਇਕ ਪ੍ਰਤੱਖ ਸਚਾਈ ਹੈ ਕਿ ਔਰਤਾਂ ਦਫਤਰਾਂ ਵਿਚ ਕਲਰਕ ਜਾਂ ਆਮ ਸੇਵਾਵਾਂ ਦੀਆਂ ਨੌਕਰੀਆਂ ਤੀਕ ਹੀ ਸੀਮਤ ਰਹਿ ਰਹੀਆਂ ਹਨ ਜਾਂ ਇਹ ਕਹਿ ਲਵੋ ਕਿ ਉਹਨਾਂ ਨੌਕਰੀਆਂ ਤੀਕ ਸੀਮਤ ਹਨ ਜਿਹਨਾਂ ਵਿਚ ਯੋਗਤਾ ਤੇ ਤਨਖਾਹ ਦੋਹਾਂ ਦਾ ਮਿਆਰ ਨੀਵਾਂ ਹੈ। ਹਰ ਪੱਖੋਂ ਯੋਗ ਹੋਣ ਦੇ ਬਾਵਜੂਦ ਰਾਜਨੀਤਕ, ਵਪਾਰਕ ਅਤੇ ਖੋਜ ਨਾਲ ਸੰਬੰਧਤ ਉੱਚ-ਦਰਜੇ ਦੀਆਂ ਸਰਕਾਰੀ ਨੌਕਰੀਆਂ ਤੇ ਨਿਯੁਕਤੀ ਵੇਲੇ ਅਕਸਰ ਔਰਤਾਂ ਦੀ ਸਮਰੱਥਾ ਨੂੰ ਘਟਾ ਕੇ ਪਰਖਿਆ ਜਾਂਦਾ ਹੈ ਸਿਰਫ ਇਸ ਕਰਕੇ ਕਿਉਂਕਿ ਉਹ ਮਰਦ ਨਹੀਂ ਔਰਤਾਂ ਹਨ। ਇਹੀ ਕਾਰਨ ਹੈ ਕਿ ਅੱਜ ਜ਼ਿਆਦਾ ਯੋਗ ਅਤੇ ਪੜ੍ਹੀਆਂ ਲਿਖੀਆਂ ਔਰਤਾਂ ਗਰੀਬੀ ਦਾਵੇ ਦਾ ਜੀਵਨ ਬਤੀਤ ਕਰਨ ਲਈ ਮਜ਼ਬੂਰ ਹਨ।
- ਕਿਸੇ ਵੀ ਰਾਸ਼ਟਰ ਨੂੰ ਖੁਸ਼ਹਾਲ ਹੋਣ ਵਾਸਤੇ ਸੰਸਾਰ ਪੱਧਰ ਦੀ ਆਰਥਿਕਤਾ (ਗਲੋਬਲ ਇਕਾਨਮੀ) ਦੇ ਹਾਣ ਦਾ ਹੋਣਾ ਅੱਜ ਸਮੇਂ ਦੀ ਮੁੱਖ ਲੋੜ ਹੈ। ਇਹ ਵੀ ਨੰਗੀ ਸਚਾਈ ਹੈ ਕਿ ਸੰਸਾਰ ਪੱਧਰ ਦੀ ਆਰਥਿਕਤਾ ਪ੍ਰਮੁੱਖ ਤੌਰ ਤੇ ਹਰ ਇਕ ਕਾਮੇ ਦੇ ਗਿਆਨ ਅਤੇ ਵਿਗਿਆਨਕ ਬੌਧਿਕਤਾ ਤੇ ਨਿਰਭਰ ਕਰਦੀ ਹੈ। ਪਰ ਕੈਨੇਡੀਅਨ ਨਿਜ਼ਾਮ ਦੀ ਬਦਕਿਸਮਤੀ ਇਹ ਰਹੀ ਹੈ ਕਿ ਜਿਹਨਾਂ ਲੋਕਾਂ ਪਾਸ ਉਚ ਦਰਜੇ ਦੀਆਂ ਨੌਕਰੀਆਂ ਹਨ ਉਹਨਾਂ ਲਈ ਹੀ ਆਧੁਨਿਕ ਕਿਸਮ ਦੀਆਂ ਸਿਖਲਾਈਆਂ ਅਤੇ ਸਰੋਤਾਂ ਦੀ ਪਹੁੰਚ ਰਾਖਵੀਂ ਹੈ ਅਤੇ ਕਿਉਂਕਿ ਐਸੀਆਂ ਬਹੁਗਿਣਤੀ ਨੌਕਰੀਆਂ ਤੇ ਗੋਰੇ ਮਰਦਾਂ ਦਾ ਦਬਦਬਾ ਕਾਇਮ ਹੈ, ਇਸ ਲਈ ਔਰਤਾਂ, ਕਾਲੇ ਅਤੇ ਹੋਰ ਘੱਟ ਗਿਣਤੀ ਲੋਕ ਇਸ ਸੰਦਰਭ ਵਿਚ ਲਗਾਤਾਰ ਪਛੜੇ ਹੋਏ ਹਨ ਅਤੇ ਇਹ ਰੁਝਾਨ ਕੈਨੇਡੀਅਨ ਆਰਥਿਕਤਾ ਨੂੰ ਵੱਡੀ ਢਾਹ ਲਾ ਰਿਹਾ ਹੈ।

**ਸਿੱਟਾ:** ਉਪਰ ਬਿਆਨੇ ਸਾਰੇ ਤੱਥ ਤੇ ਅੰਕੜੇ ਨਿਰਸੰਦੇਹ ਰੋਜ਼ਗਾਰ ਬਰਾਬਰੀ ਐਕਟ ਦੀ ਅਹਿਮੀਅਤ ਤੇ ਜ਼ਰੂਰਤ ਨੂੰ ਉਜਾਗਰ ਕਰਦੇ ਹਨ। ਦਰਅਸਲ ਇਹ ਐਕਟ ਕੰਮ ਮਾਲਕਾਂ ਨੂੰ ਉਹਨਾਂ ਹਾਲਤਾਂ ਲਈ ਪੂਰੀ ਤਿਆਰ ਕਰਦਾ ਹੈ ਜਿਹਨਾਂ ਦਾ ਸਾਹਮਣਾ ਤੇਜ਼ ਰਫਤਾਰ ਨਾਲ ਬਦਲ ਰਹੀ ਕੈਨੇਡੀਅਨ ਕਾਮਾ-ਸ਼ਕਤੀ ਦੇ ਫਲਸਰੂਪ ਕਰਨਾ ਪੈ ਰਿਹਾ ਹੈ ਜਾਂ ਨੇੜਲੇ ਭਵਿੱਖ ਕਰਨਾ ਪਵੇਗਾ। 60ਵਿਆਂ ਤੋਂ ਲਗਾਤਾਰ ਘੱਟ ਰਹੀ ਜਨਮ-ਦਰ, ਕਾਮਾ ਸ਼ਕਤੀ ਵਿਚ ਨਵੀਂ ਪਨੀਰੀ ਦੀ ਲਗਾਤਾਰ ਘੱਟ ਰਹੀ ਸ਼ਮੂਲੀਅਤ, ਲੋੜੀਂਦੀ ਕਾਮਾ ਸ਼ਕਤੀ ਨੂੰ ਪੂਰਾ ਕਰਨ ਲਈ ਲਗਾਤਾਰ ਵੱਧ ਰਹੀ ਆਵਾਸੀ ਸ਼ਮੂਲੀਅਤ ਤੇ ਨਿਰਭਰਤਾ ਆਦਿ ਸਾਰੇ ਤੱਥ ਪ੍ਰਮੁੱਖ ਤੌਰ ਤੇ ਇਸ ਗੱਲ ਦੀ ਸੂਚਨਾ ਦਿੰਦੇ ਹਨ ਕਿ ਸਮਾਂ ਆ ਗਿਆ ਹੈ ਕਿ ਕਾਮਿਆਂ ਦੀ ਚੋਣ ਕਰਦੀਆਂ ਰਵਾਇਤੀ ਨੀਤੀਆਂ ਨੂੰ ਤਿਆਗ ਕੇ ਤਬਦੀਲ ਹੋ ਚੁੱਕੀ ਕਾਮਾ-ਸ਼ਕਤੀ ਦੇ ਆਧਾਰ ਤੇ ਕਾਮਿਆਂ ਦੀ ਚੋਣ ਸੰਬੰਧੀ ਨਵੀਆਂ ਤੇ ਨਰੋਈਆਂ ਚੋਣ ਨੀਤੀਆਂ ਨੂੰ ਅਪਣਾਇਆ ਜਾਵੇ ਤਾਂ ਕਿ ਉਪਲਬਧ ਸਮੂਹ ਕਾਮਾ ਸ਼ਕਤੀ ਦਾ ਉਪਯੋਗ ਸੁਚੱਜੇ ਢੰਗ ਨਾਲ ਕੀਤਾ ਜਾ ਸਕੇ ਅਤੇ ਕੈਨੇਡਾ ਨੂੰ ਮਜ਼ਬੂਤ ਆਰਥਿਕਤਾ ਦੇ ਰਾਹ ਤੋਰਿਆ ਜਾ ਸਕੇ।

ਅਜਿਹਾ ਤਦ ਹੀ ਸੰਭਵ ਹੋ ਸਕਦਾ ਹੈ ਜੇ ਕਰ ਆਪਣੇ ਨਿੱਜੀ ਦਾਇਰਿਆਂ 'ਚੋਂ ਨਿਕਲ ਕੇ ਸਮੁੱਚੇ ਸਮਾਜੀ ਦ੍ਰਿਸ਼ਟੀਕੋਣ ਤੋਂ ਸਥਿਤੀ ਨੂੰ ਵਾਚਿਆ ਜਾਵੇ। ਮਿਸਾਲ ਵਜੋਂ ਜੇਕਰ ਕਿਸੇ ਕਾਮੇ ਨੂੰ ਸਿਰਫ ਰੰਗ, ਨਸਲ, ਜਾਂ ਲਿੰਗ ਆਦਿ ਦੇ ਅਪ੍ਰਸੰਗਿਕ ਕਾਰਨਾਂ ਕਰਕੇ ਕੰਮ ਤੋਂ ਵਾਂਝਿਆ ਰੱਖਿਆ ਜਾਂਦਾ ਹੈ ਤਾਂ ਉਸਦੀ ਉਪਜੀਵਕਾ ਦਾ ਭਾਰ ਟੈਕਸਾਂ ਰਾਹੀਂ ਸਮੁੱਚੇ ਸਮਾਜ ਤੇ ਠੋਸਿਆ ਜਾਂਦਾ ਹੈ ਜੋ ਕਿ ਕੈਨੇਡਾ ਦੀ ਅਜੋਕੀ ਸਥਿਤੀ ਵਿਚ ਤਾਂ ਹੋਰ ਵੀ ਵਧੇਰੇ ਘਾਟੇ ਦਾ ਸੌਦਾ ਹੈ। ਰੋਜ਼ਗਾਰ ਬਰਾਬਰੀ ਐਕਟ ਵਰਗੀ ਪਹੁੰਚ ਅਪਣਾ ਕੇ ਅਜਿਹੀ ਸਾਰੀ ਸਥਿਤੀ ਤੋਂ ਨਿਜ਼ਾਤ ਪਾਈ ਜਾ ਸਕਦੀ ਹੈ। ਕਿਉਂਕਿ ਇਹ ਨਾ ਕੇਵਲ ਔਰਤਾਂ ਅਤੇ ਘੱਟਗਿਣਤੀਆਂ ਲਈ ਹੀ ਲਾਹੇਵੰਦ ਹੈ ਸਗੋਂ ਸਮੁੱਚੇ ਕੈਨੇਡੀਅਨ ਸਮਾਜ ਦੀ ਮਜ਼ਬੂਤ ਆਰਥਿਕਤਾ ਅਤੇ ਲੋੜੀਂਦੇ ਠੋਸ ਵਪਾਰਿਕ ਅਧਾਰ ਲਈ ਵੀ ਬੜਾ ਲਾਭਕਾਰੀ ਹੈ।

ਇਸ ਸੱਭ ਦੇ ਬਾਵਜੂਦ ਇਸ ਵਧੀਆ ਅਤੇ ਉਸਾਰੂ ਐਕਟ ਦਾ ਵਿਰੋਧ ਕੈਨੇਡਾ ਦੇ ਹਿਤਾਂ ਲਈ ਬੜੀ ਮੰਦਭਾਗੀ ਗੱਲ ਹੈ। ਲੋੜ ਹੈ ਕਿ ਇਸ ਐਕਟ ਸਬੰਧੀ ਜਨਸਾਧਾਰਨ ਵਿਚ ਚੇਤਨਾ ਪੈਦਾ ਕੀਤੀ ਜਾਵੇ। ਇਸ ਅਧੀਨ ਲਾਗੂ ਹੁੰਦੀਆਂ ਨੀਤੀਆਂ ਅਤੇ ਘੱਟਗਿਣਤੀਆਂ ਨੂੰ ਪ੍ਰਾਪਤ ਹੁੰਦੇ ਹੱਕਾਂ ਬਾਰੇ ਕਾਮਿਆਂ ਨੂੰ ਜਾਣਕਾਰੀ ਦਿੱਤੀ ਜਾਵੇ ਤਾਂ ਕਿ ਅਸੀਂ ਇਸ ਐਕਟ ਨੂੰ ਨਸਲ, ਲਿੰਗ, ਸਰੀਰਕ ਯੋਗਤਾ ਤੇ ਰੰਗ ਭੇਦ ਆਦਿ ਦੇ ਸੌੜੇ ਦਾਇਰਿਆਂ 'ਚੋਂ ਨਿਕਲ ਕੇ ਸਮੁੱਚੇ ਸਮਾਜਿਕ ਦ੍ਰਿਸ਼ਟੀਕੋਣ ਤੋਂ ਵਾਚ ਸਕੀਏ। ਅਜਿਹਾ ਕਰਕੇ ਅਸੀਂ ਨਿਰਸੰਦੇਹ ਇਸ ਐਕਟ ਵਿਚਲੇ ਰੋਜ਼ਗਾਰ ਬਰਾਬਰੀ ਵਾਲੇ ਕੈਨੇਡੀਅਨ ਸਮਾਜ ਦਾ ਸੁਪਨਾ ਸਾਕਾਰ ਕਰ ਸਕਾਂਗੇ ਅਤੇ ਕੈਨੇਡਾ ਨੂੰ ਪੁਖਤਾ ਆਰਥਿਕਤਾ ਦੇ ਰਾਹ ਤੋਰ ਸਕਾਂਗੇ। ●○

**(ਟਰਾਂਟੋ, ਉਨਟੈਰੀਓ, ਕੈਨੇਡਾ)**

**ਜਾਣਕਾਰੀ ਦੇ ਸੋਮੇ:**

"Employment Equity: now a fact of corporate lefe", Canadian Insurance/Agent & Broker- September 1988.
"The Employment Equity", Policy Options, March,1993.
"Employment Equity & People With Disabilities", Policy Options, March, 1993.
"North American Women: Cinderellas at equity ball", Canadian Women Studies, V.12(3), Spring-1992
"Employment Equity or Employment Inequity", The Work Life Report, V.8(4), 1992.
"Confronting The Backlash", Our Times, July/August ,1993.
"Employment Equity Not Fair", Readers Digest, August, 1991.
"Balancing Act", Imperial Oil Review, Summer, 1993
"Employment Equity Vs. Intellectual Freedom", Western Report, October, 1993

# ਆਜ਼ਾਦ ਭਾਰਤ ਵਿਚ ਧਰਮ-ਨਿਰਪੱਖਤਾ ਦਾ ਭਵਿੱਖ

## ਸ਼ਸ਼ੀ ਜੋਸ਼ੀ ਅਤੇ ਭਗਵਾਨ ਜੋਸ਼

ਇੰਡੀਆ ਨੈਸ਼ਨਲ ਕਾਂਗਰਸ ਦੇ ਨੇਤਾਵਾਂ ਨੇ ਮੁੱਢ ਤੋਂ ਹੀ "ਹਿੰਦੂ ਸੱਭਿਆਚਾਰਕ ਰਾਸ਼ਟਰਵਾਦ" ਅਤੇ "ਰਾਜਨੀਤਕ ਰਾਸ਼ਟਰਵਾਦ" ਨੂੰ ਅੱਡ ਅੱਡ ਰੱਖਿਆ ਤਾਂ ਕਿ ਇਕ ਵਿਸ਼ਾਲ ਸਾਮਰਾਜ-ਵਿਰੋਧੀ ਲਹਿਰ ਖੜ੍ਹੀ ਕੀਤੀ ਜਾ ਸਕੇ। ਇਹ ਹੀ ਉਪ-ਮਹਾਂਦੀਪ ਦੇ ਵੱਖ ਵੱਖ ਧਾਰਮਿਕ ਫਿਰਕਿਆਂ ਨੂੰ ਮਿਲਾਕੇ ਉਸਾਰੀ ਜਾਣ ਵਾਲੀ ਕੌਮ ਦਾ ਮੁੱਢਲਾ ਰੂਪ ਸੀ। 1940-42 ਦੇ ਅਵਾਮੀ ਅੰਦੋਲਨਾਂ ਸਮੇਂ ਅਤੇ ਆਜ਼ਾਦੀ ਤੇ ਵੰਡ ਪਿਛੋਂ ਵੀ ਕਾਂਗਰਸ ਪਾਰਟੀ ਇਸ ਵਖਰੇਵੇਂ ਪ੍ਰਤੀ ਆਪਣੀ ਦ੍ਰਿੜਤਾ ਨੂੰ ਦੁਹਰਾਉਂਦੀ ਰਹੀ। ਸੱਭਿਆਚਾਰਕ ਅਨੇਕਤਾ ਨੂੰ ਵੇਖਦਿਆਂ ਜਾਪਦਾ ਹੈ ਕਿ ਸ਼ੁਰੂ-ਸ਼ੁਰੂ ਦੇ ਕੌਮਪ੍ਰਸਤ ਦਾਨਿਸ਼ਵਰਾਂ ਲਈ ਇਹ ਗੱਲ ਮੰਨਣ ਤੋਂ ਬਿਨਾਂ ਇਕ ਸਰਬ-ਸਾਂਝੀ ਭਾਰਤੀ ਕੌਮ ਦਾ ਸੁਪਨਾ ਲੈਣਾ ਮੁਸ਼ਕਿਲ ਸੀ। ਪਰ ਇਕ ਆਜ਼ਾਦ ਕੌਮੀ ਰਾਜ ਦੇ ਸਥਾਪਿਤ ਹੋਣ ਨਾਲ ਉੱਠੇ ਸੱਭਿਆਚਾਰਕ ਮਸਲਿਆਂ ਤੋਂ ਸਾਫ ਜ਼ਾਹਿਰ ਹੋ ਜਾਂਦਾ ਹੈ ਕਿ "ਹਿੰਦੂ ਸੱਭਿਆਚਾਰਕ ਰਾਸ਼ਟਰਵਾਦ", "ਰਾਜਨੀਤਕ ਰਾਸ਼ਟਰਵਾਦ" ਅਤੇ ਰਾਜ ਦੀ ਰਾਜਨੀਤੀ ਵਿਚਕਾਰ ਰਿਸ਼ਤਾ ਕਾਫੀ ਗੁੰਝਲਦਾਰ ਹੈ। ਇਹਨਾਂ ਵਿਚੋਂ ਕੁੱਝ ਮਸਲੇ ਸਨ: ਸੋਮਨਾਥ ਮੰਦਰ ਦੀ ਉਸਾਰੀ, ਗਊ ਹੱਤਿਆ ਉਪਰ ਪਾਬੰਦੀ, ਹਿੰਦੀ ਨੂੰ ਕੌਮੀ ਭਾਸ਼ਾ ਦਾ ਰੁਤਬਾ ਅਤੇ ਹਿੰਦੂ ਕੋਡ ਬਿਲ ਜੋ ਅੰਦਰੂਨੀ ਮੱਤਭੇਦ ਹੋਣ ਦੇ ਬਾਵਜੂਦ ਵੀ ਹਿੰਦੂਆਂ ਦੇ ਇਕ ਆਜ਼ਾਦ, ਇਕਸਾਰ ਭਾਈਚਾਰਾ ਹੋਣ ਦੀ ਹਾਮੀ ਭਰਦਾ ਹੈ। ਧਰਮ-ਨਿਰਪੇਖ ਇਤਿਹਾਸਕਾਰ ਵੀ ਇਸ ਤੱਥ ਨੂੰ ਪਕੜਨ ਵਿਚ ਨਾਕਾਮਯਾਬ ਰਹੇ ਹਨ ਕਿ ਬਹੁਤ ਸਾਰੇ ਹਿੰਦੁਸਤਾਨੀਆਂ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਲਈ 1947 ਇਕ ਰਾਜਨੀਤਕ ਆਜ਼ਾਦੀ ਦੀ ਘੜੀ ਹੀ ਨਹੀਂ ਸਗੋਂ, ਹਿੰਦੂ ਰਾਸ਼ਟਰਵਾਦ ਦੇ ਸਿਰਕੱਢ ਪੈਰੋਕਾਰ ਵਿਵੇਕਾਨੰਦ ਦਿਆਂ ਸ਼ਬਦਾਂ ਵਿਚ, "ਗੁਲਾਮੀ ਦੇ ਹਜ਼ਾਰ ਸਾਲਾਂ" ਦੇ ਖਾਤਮੇ ਦੀ ਘੜੀ ਵੀ ਸੀ। ਉਹਨਾਂ ਲਈ ਇਹ ਮੌਕਾ ਸੱਭਿਆਚਾਰਕ ਮਾਣ ਅਤੇ ਹਿੰਦੂਆਂ ਦੀ ਚੜ੍ਹਦੀ ਕਲਾ ਨੂੰ ਮਨਾਉਣ ਦਾ ਅਵਸਰ ਵੀ ਸੀ। ਪਰ ਕਾਂਗਰਸ ਅੰਦਰ ਨਹਿਰੂ ਤੇ ਉਸਦੇ ਪੈਰੋਕਾਰਾਂ ਦਾ ਧੜਾ ਇਸ ਮੱਤ ਨਾਲ ਪੂਰੀ ਤਰ੍ਹਾਂ ਅਸਹਿਮਤ ਸੀ। ਉਹ ਇਸ ਵਿਚਾਰ ਨੂੰ ਮੱਧਕਾਲੀਨੀ ਤੇ ਫਿਰਕਾਪ੍ਰਸਤੀ ਦਾ ਰੂਪ ਸਮਝਦੇ ਸਨ। ਆਜ਼ਾਦ ਭਾਰਤ ਦੀ ਸਰਕਾਰ ਨੇ ਜੋ ਪਹੁੰਚ ਅਖਤਿਆਰ ਕੀਤੀ ਉਹ ਧਰਮ ਦੀ ਵਿਰੋਧਤਾ ਨਹੀਂ ਸਗੋਂ ਜਨਤਕ ਮਾਮਲਿਆਂ ਵਿਚੋਂ ਧਰਮ ਨੂੰ ਉੱਕਾ ਹੀ ਖਾਰਜ ਕਰਨ ਦੀ ਸੀ। ਰਾਜ ਤੇ ਧਰਮ ਦੀ ਵੱਖਰੀ ਹੋਂਦ ਅਤੇ ਧਰਮ ਨੂੰ ਸਿਰਫ ਵਿਅਕਤੀਗਤ ਰੂਪ 'ਚ ਹੀ ਲੈਣਾ, ਜਿਸਦਾ ਸਿਵਿਲ ਹੱਕਾਂ ਤੇ ਫਰਜ਼ਾਂ ਨਾਲ ਕੋਈ ਸਰੋਕਾਰ ਨਾ ਹੋਵੇ। ਅਜਿਹੀ ਪਹੁੰਚ ਇਕ 'ਆਧੁਨਿਕ ਦਿੱਖ' ਦਾ ਹੀ ਹਿੱਸਾ ਨਹੀਂ ਸਗੋਂ "ਸਭ ਤੋਂ ਵੱਧ ਅਮਲੀ" ਪਹੁੰਚ ਵੀ ਸੀ। ਪਰ ਧਰਮ ਤੇ ਰਾਜ ਨੂੰ ਵੱਖ ਕਹਿਣਾ ਕਰਨ ਨਾਲੋਂ ਬਹੁਤ ਸੌਖਾ ਸੀ। 1947 ਤੋਂ ਬਾਅਦ ਉਠੇ ਵਿਵਾਦਗ੍ਰਸਤ ਮਸਲਿਆਂ ਉਪਰ ਸਰਸਰੀ ਜਿਹੀ ਨਜ਼ਰ ਮਾਰੀਏ ਤਾਂ ਸਪਸ਼ਟ ਹੋ ਜਾਂਦਾ ਹੈ ਕਿ ਜਦੋਂ ਵੀ ਇਮਤਿਹਾਨ ਦੀ ਘੜੀ ਆਈ ਤਾਂ ਨਹਿਰੂ ਇਹਨਾਂ ਨਿਯਮਾਂ ਨੂੰ ਲਾਗੂ ਨਹੀਂ ਕਰ ਸਕਿਆ। ਉਹ ਰਾਜ ਦੇ ਬਣਦੇ ਫਰਜ਼ਾਂ ਤੋਂ ਪਿਛੇ ਹਟ ਗਿਆ। ਕਿਹਾ ਜਾਂਦਾ ਹੈ ਕਿ ਸਿਧਾਂਤ ਤੇ ਅਮਲ ਵਿਚਕਾਰ ਹਿਚਕਚਾਹਟ ਦੀ ਖਾਈ ਹੁੰਦੀ ਹੈ। ਪਰ ਹੌਲੀ-ਹੌਲੀ ਹਿਚਕਚਾਹਟ ਦਾ ਇਹ ਪਾੜਾ ਵਧਣ ਲੱਗਾ ਅਤੇ ਧਰਮ-ਨਿਰਪੱਖਤਾ ਦਾ ਸਿਧਾਂਤ ਰਾਜ ਨੂੰ ਸੇਧ ਅਤੇ ਦਖਲ ਦੇਣ ਤੋਂ ਘੱਟਦਾ - ਘੱਟਦਾ ਸਿਰਫ ਇਕ ਆਦਰਸ਼ ਮਾਤਰ ਬਣਕੇ ਰਹਿ ਗਿਆ। ਪਰ ਇਸ "ਹਿਚਕਚਾਹਟ" ਦੀਆਂ ਸਮਾਜੀ ਜੜ੍ਹਾਂ ਕੀ ਸਨ?

(1947-51) ਦੌਰਾਨ ਸੁਤੰਤਰਤਾ ਦੇ ਮੁਢਲੇ ਦੌਰ ਵਿਚ, ਨਹਿਰੂ ਦੇ ਧਰਮ-ਨਿਰਪੱਖਤਾ ਦੇ ਸਿਧਾਂਤ ਅਤੇ ਸਰਕਾਰੀ ਫੈਸਲੇ ਅਤੇ ਨੀਤੀਆਂ ਵਿਚਕਾਰ ਇਕ ਖਾਈ ਦੇਖਣ ਨੂੰ ਮਿਲਦੀ ਹੈ। 22-23 ਦਸੰਬਰ, 1949 ਨੂੰ ਅਯੁੱਧਿਆ ਦੀ ਮਸਜਦ ਵਿਚ ਚਿੱਤਰ ਪਾਏ ਗਏ ਤਾਂ ਨਹਿਰੂ ਝੱਟ ਹੀ ਇਸਦੇ ਦੂਰਰਸ ਸਿੱਟਿਆਂ ਨੂੰ ਤਾੜ ਗਿਆ। ਹਮੇਸ਼ਾਂ ਦੀ ਤਰ੍ਹਾਂ ਉਹ ਪੂਰੀ ਤਰ੍ਹਾਂ ਭਖਦੇ ਮਸਲੇ ਵਿਚ ਕੁੱਦ ਪਿਆ ਤੇ ਸ਼ਰਾਰਤ ਨੂੰ ਸ਼ੁਰੂ 'ਚ ਹੀ ਦਬਾ ਦਿੱਤਾ। ਪਰ ਥੋੜ੍ਹਾ ਸੋਚਣ ਤੇ ਜਾਪਦਾ ਹੈ ਕਿ ਨਹਿਰੂ ਛੋਟੀਆਂ ਘਟਨਾਵਾਂ ਪਿੱਛੇ ਛੁਪੇ ਵੱਡੇ ਤੇ ਗੁੰਝਲਦਾਰ ਸੰਦਰਭ ਨੂੰ ਗੁਆ ਬੈਠਦਾ ਸੀ। ਇਸ ਮੌਕੇ ਤੇ ਸਰਦਾਰ ਪਟੇਲ ਉਹਨਾਂ ਕਾਂਗਰਸੀਆਂ ਵਿਚੋਂ ਸੀ ਜਿਹਨਾਂ "ਅਯੁੱਧਿਆ ਦੀਆਂ ਘਟਨਾਵਾਂ ਪਿਛੇ ਲੁਕੀ ਵਿਆਪਕ ਮਾਨਸਿਕਤਾ" ਨੂੰ ਪੂਰੇ ਸੰਦਰਭ ਵਿਚ ਵੇਖਣ ਬਾਰੇ ਜ਼ੋਰ ਦਿੱਤਾ ਸੀ। ਪਰ ਨਾਲ ਹੀ ਉਹ ਨਹਿਰੂ ਨਾਲ ਇਸ ਗੱਲ ਉਪਰ ਸਹਿਮਤ ਸੀ ਕਿ "ਅਮਨ ਕਾਨੂੰਨ ਦੀਆਂ ਸ਼ਕਤੀਆਂ ਨੇ ਸ਼ਾਂਤੀ ਹਰ ਕੀਮਤ 'ਤੇ ਕਾਇਮ ਰੱਖਣੀ ਹੈ।" ਸ਼ਾਇਦ ਇਹੀ ਖਿਆਲ ਸੀ ਜਿਸ ਤਹਿਤ ਸਰਦਾਰ ਪਟੇਲ ਨੇ ਦੁਖੀ ਮਨ ਨਾਲ ਕਿਹਾ ਸੀ ਕਿ "ਮਹਾਤਮਾ ਜੀ ਦਾ ਕਾਤਲ ਸਾਡੇ ਵਿਚੋਂ ਹੀ ਹੈ" ਅਤੇ ਆਰ. ਐਸ. ਐਸ. ਦੇ ਮੈਂਬਰ ਵੀ "ਸਾਡੇ ਭਰਾ" ਹੀ ਹਨ। ਇਥੇ ਕੌਮੀ ਲੋੜਾਂ ਦੇ ਸਮਰੂਪੀਕਰਨ ਦੌਰਾਨ ਵਾਪਰੀਆਂ ਘਟਨਾਵਾਂ ਨੂੰ ਪੂਰੇ ਸੰਦਰਭ ਵਿਚ ਸਮਝਣ ਦੀ ਲੋੜ ਹੈ। ਭਾਰਤੀ ਸੈਨਾ ਦੁਆਰਾ ਨਿਜ਼ਾਮ ਨੂੰ ਹਟਾਏ ਜਾਣ ਬਾਅਦ ਗ੍ਰਿਹ ਮੰਤਰੀ ਸਰਦਾਰ ਪਟੇਲ ਨੇ ਵਿਦਿਆ ਸ਼ੰਕਰ ਨੂੰ "ਨਿਜ਼ਾਮ ਦੁਆਰਾ ਲਿਖੀਆਂ ਉਹ ਸਤਰਾਂ ਦੁਹਰਾਉਣ ਲਈ ਕਿਹਾ ਜਿਸ ਵਿਚ ਉਸ ਘੋਗੇ ਅਤੇ ਪਾਕ ਧਮਕੀ ਦੀ ਹਾਰ ਨੂੰ ਸਰਾਹਿਆ ਸੀ। ਤਦ ਨਿਜ਼ਾਮ ਨੇ ਮੁਆਫ ਕੀਤੇ ਜਾਣ ਲਈ ਬੇਨਤੀ ਕੀਤੀ ਅਤੇ ਸਰਦਾਰ ਪਟੇਲ ਨੂੰ ਕਿਹਾ ਕਿ ਉਹ "ਸੱਚੇ ਦਿਲੋਂ ਮੁਆਫੀ ਮੰਗਦਾ ਹੈ ਤੇ ਸੋਚਦਾ ਹੈ ਚੰਗਾ ਹੁੰਦਾ ਜੇ ਇਹ ਸਭ ਨਾ ਵਾਪਰਿਆ ਹੁੰਦਾ। ਨਿਜ਼ਾਮ ਨੇ ਭਾਰਤੀ ਸਰਕਾਰ ਪ੍ਰਤੀ ਆਪਣੀ ਵਫਾਦਾਰੀ ਵੀ ਜਿਤਾਈ।" ਇਸ ਤਰ੍ਹਾਂ ਨਿਜ਼ਾਮ ਨੇ ਹੈਦਰਾਬਾਦ ਵਿਚ ਸਭਿਆਚਾਰਕ ਸਰਦਾਰੀ ਵਿਚ ਆਈ ਤਬਦੀਲੀ ਨੂੰ ਪ੍ਰਵਾਨ ਕਰ ਲਿਆ। ਰਾਜਮੋਹਨ ਗਾਂਧੀ ਲਿਖਦਾ ਹੈ, "ਅਸੀਂ ਨਿਜ਼ਾਮ ਨਾਲ ਉਸਦੀ ਮਿਲਣੀ ਵਿਚ ਮਾਣ ਦੀ ਭਾਵਨਾ ਵੇਖਦੇ ਹਾਂ। ਇਥੇ ਪਟੇਲ ਨੇ ਹਿੰਦੂਆਂ ਵਲੋਂ ਮੁਸਲਮਾਨਾਂ ਨਾਲ ਇਕ ਪੁਰਾਣਾ ਖਾਤਾ ਚੁਕਦਾ ਕਰ ਲਿਆ।"

ਹਿੰਦੂ ਭਾਵਨਾ ਹਮੇਸ਼ਾਂ ਇਕ ਗੁੰਝਲਦਾਰ ਭਾਵਨਾ ਰਹੀ ਹੈ। ਜਿਥੇ ਇਸ ਸਿਲਸਿਲੇ ਦੇ ਇਕ ਸਿਰੇ ਦੀ ਨੁਮਾਇੰਦਗੀ ਆਰ. ਐਸ. ਐਸ. ਤੇ ਹਿੰਦੂ ਮਹਾਂਸਭਾ ਵਰਗੀਆਂ ਰਾਜਨੀਤਕ ਜਥੇਬੰਦੀਆਂ ਕਰਦੀਆਂ ਹਨ, ਦੂਜੇ ਪਾਸੇ ਇਹ ਘੱਟ ਤਿੱਖੇ ਤੇ ਵਧ ਲੁਕਵੇਂ ਰੂਪ ਵਿਚ ਕਾਂਗਰਸੀ ਅਵਾਮ ਅੰਦਰ ਦੂਰ-ਦੂਰ ਤੱਕ ਫੈਲਿਆ ਹੋਇਆ ਸੀ। ਇਹ ਹੈ ਉਹ ਸੰਦਰਭ ਜਿਸ ਵਿਚ ਸਾਨੂੰ ਪਟੇਲ ਵਲੋਂ ਗਾਂਧੀ ਦੇ ਕਾਤਿਲ ਅਤੇ ਆਰ. ਐਸ. ਐਸ. ਬਾਰੇ ਪ੍ਰਗਟਾਏ ਵਿਚਾਰਾਂ ਨੂੰ ਸਮਝਣਾ ਚਾਹੀਦਾ ਹੈ। ਇਸ ਦ੍ਰਿਸ਼ਟੀਕੋਨ ਤੋਂ ਵੇਖਦਿਆਂ ਸਾਨੂੰ ਕਹਿਣਾ ਪਵੇਗਾ ਕਿ ਹਿੰਦੂ ਮਹਾਂਸਭਾ, ਆਰ. ਐਸ. ਐਸ. ਅਤੇ ਇੰਡੀਅਨ ਨੈਸ਼ਨਲ ਕਾਂਗਰਸ ਵਰਗੀਆਂ ਜਥੇਬੰਦੀਆਂ ਇਕ ਅਜਿਹੇ ਸਾਂਝੇ ਸਭਿਆਚਾਰਕ ਅੰਤਹਕਰਣ ਵਿਚ ਵਿਚਰਦੀਆਂ ਹਨ ਜਿਸਨੇ ਇਕ ਸਾਂਝਾ ਸਭਿਆਚਾਰਕ ਭਾਵਨਾ ਦਾ ਸਿਲਸਿਲਾ ਪੈਦਾ ਕੀਤਾ। ਭਾਵੇਂ ਵਿਅਕਤੀਗਤ ਤੇ ਸਮੂਹਿਕ ਸਭਿਆਚਾਰਕ ਭਾਵਨਾ ਇਕੋ ਹੀ ਸੀ ਪਰ ਫਿਰ ਵੀ ਉਹਨਾਂ ਦੇ ਰਾਜਨੀਤਕ ਉਦੇਸ਼ ਅਤੇ ਮਹੱਤਵਪੂਰਨ ਪ੍ਰਤੀਕਰਮ ਵੱਖਰੇ ਹੋ ਸਕਦੇ ਹਨ। ਭਾਵੇਂ ਉਸ ਕਦੇ ਧਰਮ-ਨਿਰਪੱਖਤਾ ਦੀ ਗੱਲ ਨਹੀਂ ਸੀ ਕੀਤੀ, ਪਰ ਪਟੇਲ ਹਿੰਦੂ ਰਾਜ ਦਾ ਝੰਡਾ ਬਰਦਾਰ ਵੀ ਨਹੀਂ ਸੀ। ਫਰਵਰੀ, 1949 ਵਿਚ ਉਸਨੇ "ਹਿੰਦੂ ਰਾਜ" ਨੂੰ ਇਕ "ਪਾਗਲਪਨ ਵਾਲਾ ਵਿਚਾਰ" ਆਖਿਆ ਸੀ। ਭਾਵਨਾਤਮਿਕ ਪੱਧਰ 'ਤੇ ਨਹਿਰੂ ਇਸ ਸਭਿਆਚਾਰਕ ਭਾਵਨਾ ਨਾਲ ਇਕ ਸੁਰ ਨਹੀਂ ਸੀ ਅਤੇ ਨਤੀਜੇ ਵਜੋਂ ਉਹ ਗੈਰ-ਮੁਸਲਿਮ ਵਸੋਂ ਦੇ ਚੋਖੇ ਹਿੱਸੇ ਨਾਲ ਵਾਰਤਾਲਾਪ ਕਾਇਮ ਨਾ ਕਰ ਸਕਿਆ। ਪਟੇਲ, ਪ੍ਰਸਾਦ, ਮੁਣਸ਼ੀ ਅਤੇ ਕਾਂਗਰਸ ਦੇ ਬਹੁਤ ਹੋਰ ਨੇਤਾਵਾਂ ਨੂੰ ਮਨਜ਼ੂਰ ਨਹੀਂ ਸੀ ਕਿ "ਹਿੰਦੂ ਭਾਵਨਾ" ਨੂੰ ਨਿੰਦਿਆ ਜਾਵੇ ਅਤੇ 'ਪਛੜੇਪਨ' ਤੇ "ਆਧੁਨਿਕ ਦ੍ਰਿਸ਼ਟੀਕੋਨ" ਦੀ ਘਾਟ ਦਸਿਆ ਜਾਵੇ। ਇਸ ਜਜ਼ਬੇ ਦੇ ਵੱਖ-ਵੱਖ ਰੂਪਾਂ ਦਾ ਬਿਨਾਂ ਸਮਝੇ, ਨਿਰੰਤਰ ਵਿਰੋਧ ਕਰਨਾਂ

ਬੇਸਮਝ ਹੋਣ ਦੇ ਨਾਲ ਨਾਲ ਕਾਂਗਰਸ ਨੂੰ ਰਾਜਨੀਤਕ ਤੌਰ ਤੇ ਵੀ ਮਹਿੰਗਾ ਪੈ ਸਕਦਾ ਸੀ। ਇਸ ਆਸ ਦੇ ਨਾਲ ਨਾਲ ਕਿ ਆਧੁਨਿਕਰਨ ਦੀਆਂ ਸ਼ਕਤੀਆਂ ਇਸ ਸੰਕੀਰਨ ਫਿਰਕਾਪ੍ਰਸਤੀ ਨੂੰ ਜੜ੍ਹੋਂ ਉਖੇੜ ਸੁਟਣਗੀਆਂ, ਸੱਤਾ ਵਿਚ ਰਹਿਣ ਦੀ ਮਜ਼ਬੂਰੀ ਅਤੇ ਧਰਮ ਨਿਰਪੱਖਤਾ ਦੇ ਨਿਯਮਾਂ ਨਾਲ ਪ੍ਰਤੀਬਧਤਾ ਨੂੰ ਆਪਾ-ਵਿਰੋਧੀ ਸਮਝਣ ਦੀ ਥਾਂ ਇਹਨਾਂ ਦਾ ਸੁਮੇਲ ਕਰਨ ਦੀ ਲੋੜ ਸੀ।

ਨਹਿਰੂਵਾਦੀ ਧਰਮ-ਨਿਰਪੱਖਤਾ ਦਾ ਅਸਲ ਇਸ ਨਜ਼ਰ ਨਾਲ ਜਾਣਿਆ ਜਾਣ ਲੱਗਾ। ਇਹ ਇਕ ਬਿਖੜਾ ਰਾਹ ਸੀ। ਪਰ ਜੇ ਕਾਂਗਰਸ ਨੇ ਸੱਤਾ ਵਿਚ ਰਹਿਣਾ ਸੀ ਤਾਂ ਉਸ ਪਾਸ ਹੋਰ ਰਾਹ ਹੈ ਵੀ ਨਹੀਂ ਸੀ। ਦੋ "ਆਪਾ-ਵਿਰੋਧੀ" ਜ਼ਰੂਰਤਾਂ ਵੱਲੋਂ ਪੈਦਾ ਤਣਾਉ, ਸੱਤਾ ਉਤੇ ਕਾਂਗਰਸ ਦੀ ਅਜਾਰੇਦਾਰੀ ਕਾਰਨ ਸਹਿਜੇ ਹੀ ਸੁਲਝਾਇਆ ਜਾ ਸਕਦਾ ਸੀ। ਇਸ ਤੋਂ ਅਗਾਂਹ, ਹਿੰਦੂ ਕੌਮ ਦੇ ਇਕ ਅੱਤਵਾਦੀ ਵੱਲੋਂ ਮਹਾਤਮਾ ਗਾਂਧੀ ਦੀ ਹੱਤਿਆ ਨੇ ਕੌਮ ਨੂੰ ਡੌਰ-ਭੌਰ ਕਰ ਦਿੱਤਾ ਅਤੇ ਇਸ ਮੱਤ ਦੇ ਗਰਮ ਵਿਚਾਰਵਾਨਾਂ ਨੂੰ ਨੀਵੀਂ ਸੁਰ ਰੱਖਣ ਲਈ ਮਜ਼ਬੂਰ ਕਰ ਦਿੱਤਾ। ਇਹ ਸੋਚੀ ਸਮਝੀ ਸ਼ਿਥਿਲਤਾ ਇਸ ਧਿਰ ਵਲੋਂ ਕੌਮੀ ਲਹਿਰ ਅੰਦਰ ਘੱਟ ਸ਼ਮੂਲੀਅਤ ਦਾ ਸਿੱਟਾ ਹੀ ਸੀ। ਸਗੋਂ ਵੰਡ ਦੇ ਪਿਛੋਕੜ ਵਿਚ ਉਭਰ ਰਹੇ ਭਾਰਤ ਨੂੰ ਹਿੰਦੂ ਰਾਜ ਬਣਨ ਤੋਂ ਬਚਾਉਣ ਲਈ ਕੁੱਝ ਹਿੰਦੂ ਸਭਿਆਚਾਰਕ ਰੀਤਾਂ ਨੂੰ ਖਤਮ ਕਰਨਾ ਤੇ ਕੁਝ ਨੂੰ ਸਰਕਾਰ ਦੀਆਂ ਰਾਜਨੀਤਕ ਰੀਤਾਂ, ਨੀਤੀਆਂ ਅਤੇ ਫੈਸਲਿਆਂ ਵਿਚ ਜਗ੍ਹਾ ਦੇਣਾ ਲੋੜੀਂਦਾ ਸੀ। ਭਾਵੇਂ ਸ਼ੁਰੂ ਤੋਂ ਹੀ ਇਹ ਰੱਖਿਆਤਮਕ ਰਹੇ ਸਨ, ਪਰ ਧਰਮ-ਨਿਰਪੱਖਤਾ ਦਾ ਸਿਧਾਂਤ ਤੇ ਆਖਿਰਕਾਰ ਇਕ ਧਰਮ-ਨਿਰਪੱਖ ਸਮਾਜ ਦੀ ਉਸਾਰੀ ਦਾ ਆਦਰਸ਼, ਤਿਆਗੇ ਨਹੀਂ ਸਨ ਜਾ ਸਕਦੇ। ਦਰਅਸਲ ਕੌਮ ਦੀ ਧਰਮ-ਨਿਰਪੱਖਤਾ ਦਾ ਸੰਕਲਪ ਦਾਨੇਸ਼ਵਰਾਂ ਦੀ ਸ਼ਮੂਲੀਅਤ ਨਾਲ ਵਿਦਿਆ ਅਤੇ ਜਨਸੰਚਾਰ ਦੇ ਮਾਧਿਅਮ ਰਾਹੀਂ ਇਕ ਪੂਰੇ ਯੋਜਨਾਬੱਧ ਤਰੀਕੇ ਨਾਲ ਫੈਲਾਇਆ ਜਾਣਾ ਸੀ। ਆਸ ਕੀਤੀ ਜਾਂਦੀ ਸੀ ਕਿ ਧਰਮ-ਨਿਰਪੱਖ ਵਿਚਾਰਧਾਰਾ ਅਤੇ ਸਨਅਤੀਕਰਣ ਦੇ ਸਾਂਝੇ ਅਸਰ ਹੇਠ ਫਿਰਕਾਪ੍ਰਸਤੀ ਦਾ ਚੜ੍ਹਾਅ ਭਾਵੇਂ ਪੂਰੀ ਤਰ੍ਹਾਂ ਤਾਂ ਨਾ ਮਿਟੇ ਪਰ ਘਟਣਾ ਜ਼ਰੂਰ ਸ਼ੁਰੂ ਕਰ ਦੇਵੇਗਾ ਅਤੇ ਸ਼ਕਤੀਹੀਣ ਹੋ ਕੇ ਰਹਿ ਜਾਵੇਗਾ। ਬਸਤੀਵਾਦੀ ਰਾਜ ਤੋਂ ਉਲਟ, ਭਾਰਤੀ ਰਾਜ ਨੂੰ ਪੂਰੀ ਤਰ੍ਹਾਂ ਧਰਮ-ਨਿਰਪੱਖ ਬਣਾਉਣ ਲਈ ਬਹੁ-ਪੱਖੀ ਪ੍ਰੋਜੈਕਟ, ਬਹੁਤੀ ਦੇਰ ਅਜਿਹੇ ਖਿਲਾਅ ਵਿਚ ਨਹੀਂ ਸੀ ਰਹਿ ਸਕਦਾ ਜਿਥੇ ਖੁਦ ਨੂੰ ਹਿੰਦੂ ਅਖਵਾਉਣ ਵਾਲਿਆ ਦਾ ਕੋਈ ਪ੍ਰਭਾਵ ਨਾ ਹੋਵੇ।

ਸੋਮਨਾਥ ਮੰਦਿਰ ਦੀ ਮੁਰੰਮਤ ਦਾ ਕੰਮ 15 ਅਗਸਤ 1947 ਨੂੰ ਆਜ਼ਾਦੀ ਹਾਸਿਲ ਕਰਨ ਤੋਂ ਤੁਰੰਤ ਪਿਛੋਂ ਆਰੰਭ ਹੋ ਗਿਆ ਸੀ। ਜ਼ਾਹਿਰ ਹੈ ਕਿ ਕੌਮੀ ਲਹਿਰ ਦੇ ਕੁੱਝ ਹਿੱਸੇ ਲਈ ਮੰਦਿਰ ਦੀ ਮੁਰੰਮਤ ਵਾਸਤੇ ਸਭਿਆਚਾਰਕ ਉਤਸ਼ਾਹ ਭਾਰਤ ਦੀ ਆਜ਼ਾਦੀ ਦੇ ਪ੍ਰੋਜੈਕਟ ਨਾਲ ਹੀ ਜੁੜਿਆ ਹੋਇਆ ਸੀ। ਦਸੰਬਰ 25, 1947 ਨੂੰ ਪ੍ਰਾਂਤਿਕ ਵਜ਼ਾਰਤ ਨੇ ਜੂਨਾਗੜ੍ਹ ਅਧਿਕਾਰੀਆਂ ਨੂੰ ਮੰਦਿਰ ਦੁਆਲੇ ਖੁਲ੍ਹੀ ਥਾਂ ਦੇ ਪਟੇ ਲਈ ਦਰਖਾਸਤ ਦਿੱਤੀ। ਜਨਵਰੀ 23, 1947 ਨੂੰ ਜਮਨਾਨਗਰ ਵਿਖੇ ਇਕ ਕਾਨਫਰੰਸ ਆਯੋਜਿਤ ਕੀਤੀ ਗਈ ਜਿਸ ਵਿਚ ਪਟੇਲ, ਐਨ. ਵੀ. ਗਾਡੀਗਲ, ਜਾਮਸਾਹੇਬ, ਯੂ. ਐਨ. ਢੇਬਰ, ਸੌਰਾਸ਼ਟਰ ਦੇ ਮੁੱਖ ਮੰਤਰੀ ਅਤੇ ਜੂਨਾਗੜ ਦਾ ਪ੍ਰਸ਼ਾਸਨਿਕ ਸਾਲਮਦਾਸ ਗਾਂਧੀ ਸ਼ਾਮਲ ਹੋਏ। ਟਰੱਸਟ, ਜਿਸਦੀ ਦੇਖ-ਰੇਖ ਹੇਠ ਸਾਰੀ ਯੋਜਨਾ ਤੇ ਉਸਾਰੀ ਦਾ ਕੰਮ ਹੋਣਾ ਸੀ, ਦੋ ਭਾਰਤ ਸਰਕਾਰ ਤੇ ਦੋ ਸੌਰਾਸ਼ਟਰ ਦੇ ਨੁਮਾਇੰਦਿਆਂ 'ਤੇ ਅਧਾਰਿਤ ਹੋਣਾ ਸੀ। ਮੰਦਿਰ ਦੀ ਮੁਰੰਮਤ ਨੂੰ ਨਹਿਰੂ ਦੇ ਹੀ ਵਜ਼ੀਰ ਮੁਣਸ਼ੀ ਨੇ "ਕੌਮੀ ਲੋੜ" ਆਖਿਆ ਸੀ।

ਜਿਸ ਤਰੀਕੇ ਨਾਲ ਮੰਦਿਰ ਦੇ ਉਦਘਾਟਨੀ ਸਮਾਰੋਹ ਨੂੰ "ਧਾਰਮਿਕ-ਰਾਜਨੀਤਕ" ਰੰਗਤ ਚਾੜ੍ਹੀ ਗਈ, ਉਸ ਤੋਂ ਨਹਿਰੂ ਕਾਫੀ ਨਾਖੁਸ਼ ਸੀ। ਨਹਿਰੂ ਨੇ ਰਾਸ਼ਟਰਪਤੀ ਰਾਜਿੰਦਰ ਪ੍ਰਸਾਦ ਨੂੰ ਮੰਦਿਰ ਦੀਆਂ ਰਸਮਾਂ ਨਾਲ ਨਾ ਜੁੜਨ ਲਈ ਰਜ਼ਾਮੰਦ ਕਰਨ ਦੀ ਅਸਫਲ ਕੋਸ਼ਿਸ਼ ਕੀਤੀ। ਡਾ: ਪ੍ਰਸਾਦ ਨੇ ਜੁਆਬ ਵਿਚ ਲਿਖਿਆ, "ਇਸ ਵਿਚ ਕੋਈ ਸ਼ੱਕ ਨਹੀਂ ਕਿ ਸੋਮਨਾਥ ਮੰਦਿਰ ਦੀ ਇਤਿਹਾਸਕ ਮਹੱਤਤਾ ਹੈ ਅਤੇ ਉਹ ਮੰਦਿਰ ਜਿਸਨੂੰ ਮੁਸਲਿਮ ਹਮਲਾਵਰਾਂ ਨੇ ਵਾਰ-ਵਾਰ ਤਬਾਹ ਕੀਤਾ ਹੈ, ਨੂੰ ਮੁੜ-ਉਸਾਰੇ ਜਾਣ ਅਤੇ ਮੁੜ-ਸੁਰਜੀਤ ਕਰਨ ਦੀਆਂ ਰਸਮਾਂ ਨਾਲ ਮੇਰੇ ਜੁੜਨ ਤੋਂ ਸ਼ਾਇਦ ਕੁੱਝ ਲੋਕ ਖੁਸ਼ ਨਾ ਹੋਣ। ਪਰ ਮੇਰਾ ਵਿਚਾਰ ਹੈ ਅਤੇ ਤੁਸੀਂ ਵੀ ਸਹਿਮਤ ਹੋਵੋਗੇ ਕਿ ਇਹ ਅਖਤਿਆਰ ਕਰਨ ਯੋਗ ਤਰਕਸ਼ੀਲ ਰਵੱਈਆ ਨਹੀਂ।" ਇਹ ਡਾ: ਪ੍ਰਸਾਦ ਦਾ ਨਹਿਰੂ ਨੂੰ ਮਿੱਠੇ ਸ਼ਬਦਾਂ ਵਿਚ ਇਹ ਕਹਿਣ ਦਾ ਢੰਗ ਸੀ ਕਿ ਉਹ ਨਹਿਰੂ ਦੀ ਗੱਲ ਸੁਣਨ ਵਾਲਾ ਨਹੀਂ। ਸਗੋਂ ਉਸ ਨੇ ਦਲੀਲ ਪੇਸ਼ ਕੀਤੀ ਕਿ ਉਹ ਕੋਈ "ਉਚੇਚੇ ਤੌਰ 'ਤੇ ਅਸਧਾਰਨ ਕੰਮ ਨਹੀਂ ਕਰ ਰਿਹਾ।" 1951 ਵਿਚ ਆ ਰਹੀਆਂ ਸੋਮਨਾਥ ਮੰਦਿਰ ਦੀਆਂ ਰਸਮਾਂ ਬਾਰੇ ਮੁੱਖ ਮੰਤਰੀਆਂ ਨੂੰ ਲਿਖਦਿਆਂ ਨਹਿਰੂ ਨੇ ਕਿਹਾ ਕਿ ਉਸਦੇ ਕੁੱਝ ਸਹਿਯੋਗੀ ਇਸ ਨਾਲ "ਨਿੱਜੀ ਹੈਸੀਅਤ" ਵਿਚ ਜੁੜੇ ਹੋਏ ਹਨ ਅਤੇ ਭਾਰਤ ਸਰਕਾਰ ਦਾ "ਇਸ ਨਾਲ ਕੋਈ ਵਾਸਤਾ ਨਹੀਂ"। ਨਹਿਰੂ ਅਨੁਸਾਰ ਭਾਰਤ ਦੇ ਰਾਸ਼ਟਰਪਤੀ ਵਲੋਂ ਸੋਮਨਾਥ ਮੰਦਿਰ ਦਾ ਵੱਜ-ਵਜਾ ਨਾਲ ਉਦਘਾਟਨ ਕੀਤੇ ਜਾਣ ਨਾਲ ਬਾਹਰਲੇ ਦੇਸ਼ਾਂ ਅੰਦਰ ਭਾਰਤ ਦਾ ਅਕਸ ਬਹੁਤ ਮਾੜਾ ਬਣਿਆ ਹੈ।

ਸੋਮਨਾਥ ਮੰਦਿਰ ਦੀ ਉਸਾਰੀ ਤੋਂ ਬਿਨਾਂ ਦੂਜਾ ਜਿਹੜਾ ਮਹੱਤਵਪੂਰਨ ਸਭਿਆਚਾਰਕ ਮਾਮਲਾ ਕਾਂਗਰਸੀ ਨੇਤਾਵਾਂ ਦੇ ਮਨਾਂ 'ਚ ਚਿੰਤਾ ਦਾ ਕਾਰਨ ਬਣਿਆ ਹੋਇਆ ਸੀ, ਉਹ ਸੀ ਗਊ-ਹੱਤਿਆ ਦਾ ਮਸਲਾ। ਨਹਿਰੂ ਨੂੰ ਲਿਖੇ ਇਕ ਪੱਤਰ ਵਿਚ ਡਾ: ਰਾਜਿੰਦਰ ਪ੍ਰਸਾਦ ਨੇ ਲਿਖਿਆ ਕਿ ਗਊ-ਹੱਤਿਆ 'ਤੇ ਪਾਬੰਦੀ ਦੀ ਮੰਗ ਕਰਦਾ ਅੰਦੋਲਨ ਬਹੁਤ ਖਤਰਨਾਕ ਰਫਤਾਰ ਨਾਲ ਫੈਲ ਰਿਹਾ ਹੈ ਅਤੇ ਤਕਰੀਬਨ ਸਾਰਿਆਂ ਸੂਬਿਆਂ ਅਤੇ ਬਹੁਤ ਸਾਰੇ ਲੋਕਾਂ ਤੱਕ ਪੁੱਜ ਚੁੱਕਾ ਹੈ। ਉਸਨੇ ਨਹਿਰੂ ਨੂੰ ਲਿਖਿਆ, "ਮੇਰੇ ਖਿਆਲ ਅਨੁਸਾਰ ਇਹ ਮਾਮਲਾ ਧਿਆਨ ਦੀ ਮੰਗ ਕਰਦਾ ਹੈ ਅਤੇ ਸਾਨੂੰ ਸੋਚ ਵਿਚਾਰ ਪਿਛੋਂ ਕੋਈ ਨਾ ਕੋਈ ਫੈਸਲਾ ਜ਼ਰੂਰ ਲੈਣਾ ਚਾਹੀਦਾ ਹੈ।" ਡਾ: ਪ੍ਰਸਾਦ ਨੂੰ ਲਿਖੇ ਆਪਣੇ ਜੁਆਬ ਵਿਚ ਨਹਿਰੂ ਨੇ ਕਿਹਾ, "ਗਊ-ਹੱਤਿਆ 'ਤੇ ਪਾਬੰਦੀ ਦਾ ਮਸਲਾ ਕੋਈ ਸਾਧਾਰਨ ਸਵਾਲ ਨਹੀਂ ਕਿਉਂਕਿ ਇਹ ਸਾਡੇ ਸਾਰੇ ਮਸਲਿਆਂ ਪ੍ਰਤੀ ਸਾਡੀ ਪਹੁੰਚ ਬਾਰੇ ਮਹੱਤਵਪੂਰਨ ਸਵਾਲ ਉਠਾਉਂਦਾ ਹੈ। ਮੈਂ ਇਸ ਧਾਰਮਿਕ ਪੁਨਰ ਜਾਗਰਿਤੀ ਨਾਲ ਪੂਰਨ ਤੌਰ 'ਤੇ ਅਸਹਿਮਤ ਹਾਂ ਅਤੇ ਇਸ ਮੱਤਭੇਦ ਦੇ ਸੰਦਰਭ ਵਿਚ ਮੈਂ ਆਪਣੇ ਬਹੁਤ ਸਾਰੇ ਲੋਕਾਂ ਦਾ ਗਲਤ ਪ੍ਰਤੀਨਿਧ ਹਾਂ। ਮੈਂ ਸੱਚੇ ਦਿਲੋਂ ਮਹਿਸੂਸ ਕਰਦਾ ਹਾਂ ਕਿ ਚੰਗਾ ਹੋਵੇ ਜੇ ਮੇਰੀ ਥਾਂ ਕੋਈ ਵਧੇਰੇ ਯੋਗ ਪ੍ਰਤੀਨਿਧ ਲੈ ਲਏ। ਇਸ ਤਰ੍ਹਾਂ ਮੌਜੂਦਾ ਹਾਲਤ ਦਾ ਗੈਰ-ਕੁਦਰਤੀਪਨ ਅਤੇ ਉਪਰਾਪਨ ਦੂਰ ਹੋ ਜਾਣਗੇ।" ਪਾਰਟੀ ਅੰਦਰਲੇ ਦਬਾਉ ਨੂੰ ਰੋਕਣ ਲਈ ਨਹਿਰੂ ਦਾ ਇਕ ਤਰੀਕਾ ਸੀ ਅਸਤੀਫੇ ਦੀ ਧਮਕੀ।

ਨਹਿਰੂ ਅਤੇ ਸਾਵਰਕਰ ਵਲੋਂ ਇਤਿਹਾਸ ਦੀ ਕੁੱਖੋਂ ਜਨਮੇ ਯਥਾਰਥ - ਭਾਰਤ, ਬਾਰੇ ਸਵਾਲ ਉਠਾਉਣ ਦਾ ਤਰੀਕਾ ਇਕੋ ਹੀ ਸੀ, ਭਾਵੇਂ ਕਿ ਉਨ੍ਹਾਂ ਨੇ ਜਵਾਬ ਬਿਲਕੁਲ ਉਲਟ ਦਿੱਤੇ: ਕੀ ਭਾਰਤ ਇਕ ਹਿੰਦੂ ਦੇਸ਼ ਸੀ ਜਾਂ ਕੀ ਇਹ ਸੰਯੁਕਤ ਦੇਸ਼ ਸੀ? ਕਾਂਗਰਸ ਦੇ ਬਹੁਤ ਸਾਰੇ ਨੇਤਾਵਾਂ ਅਤੇ ਉਹਨਾਂ ਦੇ ਪੈਰੋਕਾਰਾਂ ਲਈ ਉਪਰੋਕਤ ਪ੍ਰਸ਼ਨ ਦਾ ਉੱਤਰ 'ਹਾਂ' ਜਾਂ 'ਨਾਂਹ' 'ਚ ਦੇਣਾ ਮੁਸ਼ਕਲ ਸੀ। ਉਹਨਾਂ ਦੇ ਖਿਆਲ ਅਨੁਸਾਰ ਭਾਰਤ ਦੇ ਸੰਯੁਕਤ ਕਿਰਦਾਰ ਦਾ ਹਿੰਦੂ ਕਿਰਦਾਰ ਨਾਲ ਕੋਈ ਟਕਰਾਓ ਨਹੀਂ ਸੀ। ਪਰ ਇਹ ਤੀਜਾ ਰਾਹ ਉਹਨਾਂ ਲਈ ਨਹਿਰੂ ਵਲੋਂ ਬੰਦ ਕਰ ਦਿੱਤਾ ਗਿਆ ਅਤੇ ਉਹ ਬਜ਼ਿੱਦ ਸੀ ਕਿ ਲੋਕ ਆਪਣੇ ਫੈਸਲਿਆਂ ਦੇ ਪੂਰੀ ਤਰ੍ਹਾਂ ਰੂ-ਬ-ਰੂ ਹੋਣ।

ਇਵੇਂ ਸੀ ਉਸਦਾ ਇਸ ਮਨੌਤੀ ਪ੍ਰਤੀ ਤਰਕ: ਇਹ ਸਾਡੇ ਲਈ ਅੱਤ ਜ਼ਰੂਰੀ ਹੈ ਕਿ ਅਸੀਂ ਆਪਣੀਆਂ ਆਮ ਨੀਤੀਆਂ ਵਿਚ ਇਕ ਸੰਯੁਕਤ ਸਮਾਜ ਵਜੋਂ ਚੱਲਣਾ ਹੈ ਜਾਂ ਦੂਜਿਆਂ ਫਿਰਕਿਆਂ ਦੇ ਹਿੱਤਾਂ ਨੂੰ ਨਜ਼ਰਅੰਦਾਜ਼ ਕਰਦਿਆਂ ਹਿੰਦੂ ਸਮਾਜ ਵਜੋਂ। ਹਿੰਦੂ ਭਾਵਨਾ ਤਾਂ ਸਾਡੀਆਂ ਸਰਗਰਮੀਆਂ ਉਤੇ ਸੈਂਕੜੇ ਤਰ੍ਹਾਂ ਨਾਲ ਅਸਰ ਪਾਵੇਗੀ। ਪਰ ਫਿਰ ਵੀ ਇਸ ਗੱਲ ਦਾ ਬਹੁਤ ਫਰਕ ਪੈਂਦਾ ਹੈ ਕਿ ਅਸੀਂ ਭਾਰਤ ਨੂੰ ਸੰਯੁਕਤ ਦੇਸ਼ ਲੈਂਦੇ ਹਾਂ ਜਾਂ ਹਿੰਦੂ ਦੇਸ਼। ਪਰ ਸੰਯੁਕਤ ਦੇਸ਼ ਜਾਂ ਸੰਯੁਕਤ ਰਾਜ ਦਾ ਕੀ ਮਤਲਬ ਹੈ? ਨਹਿਰੂ ਨੇ ਇਸ ਨੂੰ ਸਪਸ਼ਟ ਕਰਨ ਦੀ ਕਦੇ ਲੋੜ ਨਹੀਂ ਸਮਝੀ। ਇਹੀ ਨਹੀਂ, ਉਸਨੇ ਇਸਨੂੰ ਧਰਮ-ਨਿਰਪੱਖਤਾ ਦਾ ਨਾਂ ਦਿੱਤਾ ਅਤੇ ਇਸ ਤਰ੍ਹਾਂ ਇਕ ਧੁੰਦਲਾ ਜਿਹਾ ਵਾਰਤਾਲਾਪ ਸ਼ੁਰੂ ਕਰ ਦਿੱਤਾ। ਅਮਲ ਵਿਚ, ਨਹਿਰੂ ਨੇ "ਸੰਯੁਕਤ"

ਸਭਿਆਚਾਰ ਦੇ ਵਿਚਾਰ ਨੂੰ ਜਿਸ ਤਰ੍ਹਾਂ ਲਾਗੂ ਕੀਤਾ ਉਹ ਸਾਂਝੀ ਨਾਗਰਿਕਤਾ ਦੇ ਬਿਲਕੁਲ ਖਿਲਾਫ ਜਾਂਦਾ ਸੀ ਅਤੇ ਉਸਨੇ ਵੰਡ ਤੋਂ ਪਹਿਲਾਂ ਦੇ "ਮੂਲੋਂ ਹੀ ਵੱਖਰੇ" ਫਿਰਕਿਆਂ ਦੇ ਸੰਕਲਪ ਨੂੰ ਵੀ ਜਾਰੀ ਰੱਖਿਆ।

ਹਿੰਦੂ ਕੋਡ ਬਿਲ ਤੋਂ ਨਹਿਰੂ ਦੀ ਧਾਰਨਾ ਸਪਸ਼ਟ ਹੋ ਜਾਂਦੀ ਹੈ। ਅਜੀਬ ਗੱਲ ਹੈ ਕਿ ਇਸ ਵੱਲ ਨਹਿਰੂ ਦਾ ਧਿਆਨ ਉਸੇ ਰਾਸ਼ਟਰਪਤੀ ਨੇ ਦੁਆਇਆ, ਜਿਸਨੇ ਕਿਹਾ ਸੀ ਕਿ ਨਹਿਰੂ ਨੂੰ ਕੋਈ ਹੱਕ ਨਹੀਂ ਕਿ ਉਹ ਬਿਲ ਇਕੱਲੇ ਹਿੰਦੂਆਂ ਉੱਤੇ ਉਹਨਾਂ ਦੀ ਸਲਾਹ ਲਏ ਬਿਨਾਂ ਠੋਸੇ। ਪਰ ਨਹਿਰੂ ਨੇ ਡਾ: ਪ੍ਰਸਾਦ ਦੇ ਬਿੰਤੂ ਨੂੰ ਅਣਦੇਖਿਆਂ ਕਰ ਦਿੱਤਾ ਕਿਉਂਕਿ ਹਿੰਦੂਆਂ ਦੇ ਆਧੁਨਿਕਰਨ ਅਤੇ ਇਕ ਸਾਂਝੇ ਸਿਵਲ ਕਾਨੂੰਨ ਅਧੀਨ ਇਕਸਾਰ ਸਮਾਜ ਦੀ ਸਿਰਜਣਾ ਲਈ ਕਾਂਗਰਸ ਦੀ ਬਹੁਸੰਮਤੀ ਉਸ ਨਾਲ ਸੀ। ਉਸਨੇ ਮੁਸਲਮਾਨਾਂ, ਖਾਸ ਕਰਕੇ ਮੁਸਲਿਮ ਔਰਤਾਂ, ਨੂੰ ਸੁਧਰੇ ਸਿਵਲ ਕਾਨੂੰਨਾਂ ਦੇ ਫਾਇਦਿਆਂ ਤੋਂ ਜਾਣੂੰ ਕਰਵਾਉਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ਦਹਾਕਿਆਂ ਬਾਦ, ਸ਼ਾਹ ਬਾਨੋ ਕੇਸ ਦੇ ਰੂਪ ਵਿਚ ਰਾਜੀਵ ਗਾਂਧੀ ਨੂੰ ਇਸ ਸਾਂਝੀ ਨਾਗਰਿਕਤਾ ਦੇ ਅਣ-ਨਜਿੱਠੇ ਮਸਲੇ ਦਾ ਸਾਹਮਣਾ ਕਰਨਾ ਪਿਆ। ਇਹ ਹੈ ਜੋ ਤਲਖੀ 'ਚ ਆਏ ਰਾਸ਼ਟਰਪਤੀ ਨੇ ਨਹਿਰੂ ਨੂੰ ਕਿਹਾ ਸੀ: "ਇਹ ਕਦਮ ਬਹੁਤ ਇਕ ਪਾਸੜ ਹੈ। ਜੇ ਇਸ ਦੀਆਂ ਧਾਰਨਾਵਾਂ ਠੋਸ ਅਤੇ ਲਾਭਦਾਇਕ ਹਨ ਅਤੇ ਜਨ-ਸਧਾਰਨ ਦੇ ਹੱਕ ਵਿਚ ਜਾਂਦੀਆਂ ਹਨ ਤਾਂ ਕੋਈ ਕਾਰਨ ਨਹੀਂ ਕਿ ਇਹ ਸਿਰਫ ਇਕ ਫਿਰਕੇ ਤੱਕ ਸੀਮਤ ਰੱਖਿਆ ਜਾਵੇ। ਦੂਜੇ ਫਿਰਕੇ ਨੂੰ, ਜੋ ਉਨੇ ਹੀ ਜਾਂ ਉਸ ਤੋਂ ਵੀ ਵੱਧ ਮਾੜੇ ਵਿਅਕਤੀਗਤ ਕਾਨੂੰਨਾਂ ਅਤੇ ਗਲਤ-ਰੀਤੀ ਰਿਵਾਜ਼ਾਂ ਦਾ ਨਪੀੜਿਆ ਪਿਆ ਹੈ, ਕਾਨੂੰਨ ਦੇ ਫਾਇਦਿਆਂ ਤੋਂ ਕਿਉਂ ਵਾਂਝਿਆ ਰੱਖਿਆ ਜਾਵੇ?"

ਵੰਡ ਦੇ ਮਨੋਵਿਗਿਆਨਕ ਬੋਝ ਹੇਠ ਆਈ ਕਾਂਗਰਸ ਪਾਰਟੀ ਅੰਦਰ ਕਈ ਅਜਿਹੀਆਂ ਰੁਚੀਆਂ ਦਿਖਣ ਨੂੰ ਮਿਲ ਰਹੀਆਂ ਸਨ ਜੋ ਨਹਿਰੂ ਨੂੰ ਕਦਾਚਿੱਤ ਪਸੰਦ ਨਹੀਂ ਸਨ। ਉਸਨੇ ਸਤੰਬਰ, 1949 ਵਿਚ ਮੋਹਨ ਲਾਲ ਸੈਕਸੈਨਾ ਨੂੰ ਕਿਹਾ, "ਸਾਨੂੰ ਸਭ ਨੂੰ ਰਿਫਊਜੀ ਮਾਨਸਿਕਤਾ ਜਾਂ ਉਸ ਤੋਂ ਵੀ ਭੈੜੀ ਆਰ. ਐਸ. ਐਸ. ਮਾਨਸਿਕਤਾ ਚਿੰਬੜ ਗਈ ਜਾਪਦੀ ਹੈ। ਸਾਡੇ ਰਾਜਨੀਤਕ-ਜੀਵਨ ਦਾ ਇਹ ਅਜੀਬ ਅੰਤਲਾ ਪੜਾਅ ਹੈ।" ਜਿਥੇ ਇਕ ਪਾਸੇ ਵਿਧਾਨ ਰਾਏ ਅਤੇ ਪਟੇਲ ਪੂਰਬੀ ਬੰਗਾਲ ਦੀ ਸਰਕਾਰ ਦੁਆਰਾ ਹਿੰਦੂਆਂ ਨੂੰ ਹਿਜਰਤ ਲਈ ਮਜਬੂਰ ਕਰਨ ਦੀ ਨੀਤੀ ਦੇ ਬਦਲੇ ਬੰਗਾਲ ਵਿਚੋਂ ਉਤਨੇ ਹੀ ਮੁਸਲਮਾਨ ਕੱਢ ਦਿੱਤੇ ਜਾਣ ਦੀ ਗੱਲ ਕਰਦੇ ਸਨ, ਉਥੇ ਦੂਜੇ ਪਾਸੇ ਉਤਰ-ਪ੍ਰਦੇਸ਼ ਵਿਚ ਪੀ. ਡੀ. ਟੰਡਨ ਮੁਸਲਮਾਨਾਂ ਨੂੰ "ਹਿੰਦੂ ਸਭਿਆਚਾਰ" ਅਪਣਾਉਣ ਲਈ ਕਹਿ ਰਿਹਾ ਸੀ। ਅਪਰੈਲ, 1950 'ਚ ਨਹਿਰੂ ਨੇ ਜੀ. ਬੀ. ਪੰਤ ਨੂੰ ਲਿਖਿਆ, "ਜੋ ਬੀਤੇ ਦੌਰਾਨ ਕਾਂਗਰਸ ਦੇ ਥੰਮ ਸਨ, ਅੱਜ ਉਹਨਾਂ ਦੇ ਦਿਲੋ-ਦਿਮਾਗ 'ਚ ਫਿਰਕਾਪ੍ਰਸਤੀ ਘਰ ਕਰ ਗਈ ਹੈ। ਇਹ ਲਗਾਤਰ ਵੱਧ ਰਿਹਾ ਅਧਰੰਗ ਹੈ ਅਤੇ ਬਿਮਾਰ ਇਸ ਤੋਂ ਬਿਲਕੁਲ ਅਣਜਾਣ ਹੈ।" ਕੀ, ਨਹਿਰੂ ਦੇ ਕਹਿਣ ਮੁਤਾਬਿਕ, ਕਾਂਗਰਸ ਇਕ ਫਿਰਕੂ ਜਥੇਬੰਦੀ 'ਚ ਤਬਦੀਲ ਹੋ ਰਹੀ ਸੀ? ਸ਼ਾਇਦ ਵਾਪਰ ਇਹ ਰਿਹਾ ਸੀ ਕਿ ਬਹੁਤ ਸਾਰੇ ਕਾਂਗਰਸੀ, ਧਰਮ-ਨਿਰਪੱਖਤਾ ਦੀ ਪ੍ਰੀਭਾਸ਼ਾ ਅਨੁਸਾਰ ਧਰਮ ਅਤੇ ਸਭਿਆਚਾਰ ਵਿਚ ਵਖਰੇਵਾਂ ਰੱਖਣ ਵਿਚ ਮੁਸ਼ਕਲ ਪਾ ਰਹੇ ਸਨ। ਕਿਉਂਕਿ ਬਹੁਤ ਸਾਰੇ ਡੂੰਘਿਆਂ ਦਿਲਾਂ ਅੰਦਰ ਨਿਸ਼ਚਤ ਸਨ ਕਿ ਹੁਣ ਕਾਂਗਰਸ ਹਿੰਦੂਆਂ ਦੇ ਜਾਇਜ਼ ਸਵੈਮਾਣ ਦੀ ਪ੍ਰਤੀਕ ਬਣ ਸਕਦੀ ਹੈ ਅਤੇ ਬਣਨੀ ਚਾਹੀਦੀ ਹੈ।

ਪਰ ਜਦ ਸਭਿਆਚਾਰਕ ਆਸ਼ਾਵਾਂ ਨੂੰ "ਫਿਰਕਾਪ੍ਰਸਤੀ" ਦੇ ਨਾਂ ਥੱਲੇ ਦਬਾ ਦਿੱਤਾ ਗਿਆ ਤਾਂ ਕਾਂਗਰਸ ਉਹਨਾਂ ਦੀਆਂ ਭਾਵਨਾਵਾਂ ਦੀ ਪ੍ਰਤੀਨਿਧ ਕਦਾਚਿਤ ਨਹੀਂ ਸੀ ਬਣ ਸਕਦੀ। ਵੰਡ ਤੋਂ ਪਹਿਲਾਂ ਤਾਂ ਬਹੁਤ ਅਜਿਹੇ ਕਾਂਗਰਸੀ ਸਮਝ ਸਕਦੇ ਸਨ ਕਿ ਮੁਸਲਮਾਨਾਂ ਨਾਲ ਸਾਂਝਾ ਮੁਹਾਜ਼ ਖੜਾ ਕਰਨ ਲਈ ਸਭਿਆਚਾਰਕ ਬਹਿਸ ਨੂੰ ਦੱਬ-ਘੁੱਟ ਕੇ ਰੱਖਣ ਦੀ ਲੋੜ ਸੀ। ਪਰ ਹੁਣ, ਆਜ਼ਾਦੀ ਪਿੱਛੋਂ, ਅਜਿਹੇ ਵਤੀਰੇ ਨੂੰ ਸਿਵਾਏ ਖੁਦ ਥੋਪੀ ਸੈਂਸਰਸ਼ਿਪ ਤੋਂ ਬਿਨਾਂ ਕੁਝ ਨਹੀਂ ਸਨ ਸਮਝ ਸਕਦੇ। ਨਹਿਰੂ ਦੀ ਅਗਵਾਈ ਥੱਲੇ ਕਾਂਗਰਸ ਹਿੰਦੂ ਸਭਿਆਚਾਰਕ-ਪਹਿਚਾਣ ਦੀ ਪ੍ਰਤੀਕ ਬਣਨਾ ਛੱਡ ਚੁੱਕੀ ਸੀ। ਹਿੰਦੂ ਮਹਾਂ-ਸਭਾ ਦੇ ਸਾਬਕਾ ਮੁੱਖੀ, ਸ਼ਿਆਮ ਪ੍ਰਸਾਦ ਮੁਖਰਜੀ ਵਰਗੇ ਵਿਅਕਤੀਆਂ ਨੂੰ ਅਹਿਸਾਸ ਹੋ ਗਿਆ ਸੀ ਕਿ ਕਾਂਗਰਸ ਵਿਚ ਉਹਨਾਂ ਲਈ ਕੋਈ ਥਾਂ ਨਹੀਂ। ਇਹ ਹੈ ਉਹ ਪਿਛੋਕੜ ਜਿਸ ਵਿਚੋਂ ਜਨਸੰਘ ਵਰਗੀ ਜਥੇਬੰਦੀ ਦਾ ਜਨਮ ਹੋਇਆ। ਪਰ ਅਜਿਹੀ ਪਾਰਟੀ ਦੀ ਇਹ ਸਮੱਸਿਆ ਹਮੇਸ਼ਾ ਰਹੀ, ਅਤੇ ਅੱਜ ਵੀ ਭਾਰਤੀ ਜਨਤਾ ਪਾਰਟੀ ਦੇ ਰੂਪ 'ਚ ਹੈ, ਕਿ ਇਹ ਕਾਂਗਰਸ ਦੇ ਮੁਕਾਬਲਤਨ ਕੌਮੀ ਵਿਕਾਸ ਦਾ ਜ਼ਿਆਦਾ ਮੌਲਿਕ ਸਮਾਜਿਕ ਪ੍ਰੋਗਰਾਮ ਨਾ ਦੇ ਸਕੀ। ਅਸੀਂ ਜਾਣਦੇ ਹੀ ਹਾਂ ਕਿ ਇਕ ਹੱਦ ਤੋਂ ਬਾਅਦ ਸਭਿਆਚਾਰਕ ਪਹਿਚਾਣ ਦੇ ਮਸਲੇ, ਜਮਾਤ, ਜਾਤ ਅਤੇ ਲਹਿਰ ਵਿਚ ਉਠੇ ਵਿਅਕਤੀਆਂ ਦੇ ਸੱਤਾ ਦੇ ਰਿਸ਼ਤਿਆਂ ਵਿਚ ਉਲਝ ਜਾਂਦੇ ਹਨ।

ਨਿਰੋਲ ਸਭਿਆਚਾਰਕ ਪਹਿਚਾਣ ਦੇ ਪ੍ਰੋਗਰਾਮ ਨੂੰ ਲੈ ਕੇ, ਇਸ ਤਰ੍ਹਾਂ ਜਨ ਸੰਘ ਦੇ ਹੋਏ ਜਨਮ ਨੇ ਸਹਿਜ ਸੁਭਾ ਹੀ ਹਿੰਦੂ ਸਭਿਆਚਾਰਕ ਰਾਸ਼ਟਰਵਾਦ ਦੇ ਮਸਲੇ ਬਾਰੇ ਕਾਂਗਰਸ ਅੰਦਰ ਮੱਤਭੇਦ ਹੋਰ ਡੂੰਘੇ ਕਰ ਦਿੱਤੇ। ਇਸ ਭਾਵਨਾ ਦਾ ਅਨੁਯਾਈ ਨਰਮ ਧੜਾ ਕਾਂਗਰਸ ਅੰਦਰ ਹੀ ਰਿਹਾ ਅਤੇ ਜ਼ਿਆਦਾ ਗਰਮ ਵਿਚਾਰ ਜਨ ਸੰਘ ਦੁਆਰਾ ਪ੍ਰਗਟਾਏ ਜਾਣ ਲੱਗੇ। ਨਵੀਂ ਪਾਰਟੀ ਬਣਾਏ ਜਾਣ ਦਾ ਤਰਕ ਹੀ ਮੰਗ ਕਰਦਾ ਸੀ ਕਿ ਜੇ ਇਸ ਨੇ ਕਦੇ ਸੱਤਾ ਵਿਚ ਆਉਣਾ ਸੀ ਤਾਂ ਇਹ "ਹਿੰਦੂ ਪਹਿਚਾਣ" ਦੀ ਝੰਡਾ ਬਰਦਾਰ ਇਕੋ ਪਾਰਟੀ ਹੀ ਹੋਵੇ। ਇਸ ਵੱਲੋਂ ਮੁਕਾਬਲਾ ਕਰਨ ਦੀ ਕਾਂਗਰਸੀ ਅਯੋਗਤਾ ਦਾ ਇਹ ਕਹਿ ਕੇ ਫਾਇਦਾ ਉਠਾਇਆ ਜਾਣਾ ਚਾਹੀਦਾ ਸੀ ਕਿ ਕਾਂਗਰਸ ਸਭਿਆਚਾਰਕ ਅਲਪ ਸੰਖਿਅਕ ਦੀ ਪਾਰਟੀ ਹੈ।

ਵੰਡ ਅਤੇ ਭਾਰਤੀ ਮੁਸਲਮਾਨਾਂ ਦੇ ਨਾਂ ਥੱਲੇ ਬਣਾਏ ਗਏ ਵੱਖਰੇ ਰਾਜ ਪਾਕਿਸਤਾਨ ਦੇ ਪਿਛੋਕੜ ਵਿਚ ਭਾਰਤੀ ਰਾਜ ਸਾਹਮਣੇ ਇਕ ਦੁਬਿਧਾ ਸੀ। ਕੀ ਇਸ ਨੇ ਸਾਮਰਾਜੀ ਧਰਮ ਨਿਰਪੱਖਤਾ ਦੀ ਪ੍ਰੀਭਾਸ਼ਾ ਜਾਰੀ ਰੱਖਣੀ ਸੀ ਅਤੇ ਵੱਖ ਵੱਖ ਸਭਿਆਚਾਰਾਂ ਅਤੇ ਧਾਰਮਿਕ ਫਿਰਕਿਆਂ ਦਰਮਿਆਨ ਵਿਚੋਲਗੀ ਦਾ ਕਿਰਦਾਰ ਨਿਭਾਉਣਾ ਸੀ? ਸੁਭਾਵਿਕ ਹੈ ਕਿ ਇਸ ਦਾ ਜੁਆਬ ਦੇਸ਼ ਅੰਦਰ ਤੇ ਖਾਸ ਕਰਕੇ ਸੱਤਾਧਾਰੀ ਕਾਂਗਰਸ ਪਾਰਟੀ ਅੰਦਰ ਸ਼ੁਰੂ ਹੋਏ ਵੱਖ ਵੱਖ ਵਿਚਾਰਧਾਰਕ ਰੁਝਾਨਾਂ ਨੇ ਦੇਣਾ ਸੀ। ਜਿਵੇਂ ਕਿ ਵਿਚਾਰਧਾਰਕ - ਰਾਜਨੀਤਕ ਕਸ਼-ਮ-ਕਸ਼ ਦਾ ਇਤਿਹਾਸ ਦੱਸਦਾ ਹੈ, ਦੋਹਾਂ ਵਿਚੋਂ ਕੋਈ ਧਿਰ ਵੀ, ਇਕ ਜਿਸਦੀ ਅਗਵਾਈ ਨਹਿਰੂ ਕਰਦਾ ਸੀ ਅਤੇ ਦੂਜੀ ਧਿਰ ਜਿਸ ਨੂੰ ਟੰਡਨ ਦੇ ਨਾਂ ਨਾਲ ਪਛਾਣਿਆ ਜਾਂਦਾ ਸੀ, ਇਕ ਦੂਜੀ ਨੂੰ ਹਰਾਉਣ ਅਤੇ ਖੂੰਜੇ ਲਾਉਣ ਦੇ ਕਾਬਿਲ ਨਹੀਂ ਸੀ। ਆਪਣੀ ਖਿੱਚੋਤਾਣ ਕਾਰਨ, ਉਹ ਇਕ ਦੂਜੇ ਦਾ ਸਰਕਾਰੀ ਨੀਤੀਆਂ ਤੇ ਅਸਰ ਘਟਾਉਣ 'ਚ ਕਾਮਯਾਬ ਰਹੇ। ਇਸ ਲਈ ਰਾਜ ਨੂੰ ਸਭਿਆਚਾਰਕ ਰੰਗਤ ਚਾੜਨ ਦਾ ਸੰਘਰਸ਼ ਲੰਬਾ ਅਤੇ ਗੁੰਝਲਦਾਰ ਸੀ। ਇਸ ਦਾ ਮਤਲਬ ਇਹ ਨਹੀਂ ਕਿ ਸਭਿਆਚਾਰਕ ਮਸਲਿਆਂ ਦੀ ਸਮੱਸਿਆ ਹੱਲ ਹੋ ਗਈ ਸੀ। ਪਰ ਨਹਿਰੂ, ਉਸਦੇ ਆਪਣੇ ਕਹਿਣ ਮੁਤਾਬਕ, "ਫਿਰਕੂ" ਮਸਲਿਆਂ ਨੂੰ ਕੌਮੀ ਏਜੰਡੇ 'ਚੋਂ ਖਾਰਜ ਕਰਨ ਵਿਚ ਕਾਮਯਾਬ ਹੋ ਗਿਆ ਅਤੇ ਉਸ ਦੀ ਥਾਂ ਵਿਕਾਸ, ਆਰਥਿਕ ਉਨਤੀ ਅਤੇ ਉਦਯੋਗੀਕਰਣ ਦੇ ਮੁੱਦੇ ਲੈ ਆਇਆ। ਨਹਿਰੂ ਲਈ ਖੁਸ਼ਕਿਸਮਤੀ ਦੀ ਗੱਲ ਸੀ ਕਿ 1950 - 1973 ਤੱਕ ਦਾ ਦੌਰ ਸੰਸਾਰ ਸਰਮਾਏਦਾਰੀ ਦਾ "ਸੁਨਹਿਰੀ ਦੌਰ" ਸੀ ਅਤੇ ਅਸੰਭਵ ਨੂੰ ਸੰਭਵ ਕਰ ਰਿਹਾ ਸੀ। ਉਨਤਸ਼ੀਲ ਦੇਸ਼ਾਂ ਵਿਚ ਬੇਰੁਜ਼ਗਾਰੀ, ਗੰਭੀਰ ਮੰਦਾ ਅਤੇ ਗਰੀਬੀ ਖਤਮ ਹੁੰਦੀ ਜਾ ਰਹੀ ਸੀ। ਹੇਠਲੇ ਅਰਥਚਾਰੇ ਵੀ ਲਗਾਤਾਰ ਵਿਕਾਸ ਕਰ ਰਹੇ ਸਨ ਅਤੇ ਉਥੋਂ ਦੀ ਮਜ਼ਦੂਰ ਜਮਾਤ ਨੂੰ ਨਿਰੰਤਰ, ਅਟੁੱਟ ਪਦਾਰਥਿਕ ਉਨਤੀ ਦੀ ਆਸ ਬੱਝ ਰਹੀ ਸੀ। ਪਰ 70ਵਿਆਂ ਦੇ ਸ਼ੁਰੂ ਤੋਂ ਇਹ ਤਸਵੀਰ ਬਦਲ ਗਈ। ਸਰਮਾਏਦਾਰੀ ਮੁੜ ਫਿਰ ਮਹਾਂ ਬੇਰੁਜ਼ਗਾਰੀ, ਗੁਰਬਤ, ਭੁੱਖਮਰੀ ਤੇ ਬੇ-ਘਰਾਪਨ ਦਾ ਸ਼ਿਕਾਰ ਹੋ ਰਹੀ ਹੈ। ਇਹੀ ਸਮਾਜਿਕ ਕਿਰਿਆ ਨੂੰ ਜਾਰੀ ਰੱਖਦੀ ਰਹੀ ਹੈ। ਇਹ ਹੈ ਉਹ ਆਰਥਿਕ ਪਿਛੋਕੜ ਜਿਸ ਨੇ ਨਹਿਰੂ ਦੁਆਰਾ ਪੈਦਾ ਕੀਤੇ ਸੰਤੁਲਤ ਨੂੰ 1967 ਵਿਚ ਕਾਂਗਰਸ ਦੀ ਹਾਰ ਨਾਲ ਹਿਲਾ ਦਿੱਤਾ। ਚੋਣਾਂ ਵਿਚ 35 ਸੀਟਾਂ ਜਨ ਸੰਘ ਨੂੰ ਮਿਲੀਆਂ ਜਦ ਕਿ ਇਸ ਦੀ ਸਾਥੀ ਸਵਤੰਤਰ ਪਾਰਟੀ ਨੂੰ 45 ਸੀਟਾਂ ਮਿਲੀਆਂ। ਇਸ ਨੇ ਹਿੰਦੂ ਰਾਸ਼ਟਰਵਾਦ ਨੂੰ ਨਵਾਂ ਉਤਸ਼ਾਹ ਦਿੱਤਾ ਅਤੇ ਮੁੜ-

ਜਥੇਬੰਦ ਹੋਣ ਤੇ ਨਵੇਂ ਰਾਜਨੀਤਕ ਤਜ਼ਰਬੇ ਕਰਨ ਲਈ ਹੱਲਾ ਸ਼ੇਰੀ ਦਿੱਤੀ।

ਨਹਿਰੂ ਦੁਆਰਾ ਹਿੰਦੂ ਸਭਿਆਚਾਰਕ ਭਾਵਨਾ ਬਾਰੇ ਵਿਚਾਰ ਪ੍ਰਗਟਾਉਣ 'ਤੇ ਲਾਈ ਸੈਂਸਰਸ਼ਿਪ ਨੇ ਬਹੁਤ ਸਾਰੇ ਕਾਂਗਰਸੀਆਂ ਦੀਆਂ ਜ਼ਿੰਦਗੀਆਂ ਵਿਚ "ਭਾਵਨਾਤਮਿਕ ਪ੍ਰਤਿਭਾ" ਅਤੇ "ਦਾਨੇਸ਼ਵਰ ਪ੍ਰਤਿਭਾ" ਵਿਚਕਾਰ ਇਕ ਖਾਈ ਪੈਦਾ ਕਰ ਦਿੱਤੀ। ਇਸ ਕਾਰਨ 1950 ਵਿਚ ਕਾਂਗਰਸ ਦੀ ਪ੍ਰਧਾਨਗੀ ਲਈ ਪੀ. ਡੀ. ਟੰਡਨ ਅਤੇ ਅਚਾਰੀਆ ਕ੍ਰਿਪਲਾਨੀ ਵਿਚਕਾਰ ਹੋਈ ਟੱਕਰ ਇਸੇ ਖਾਈ ਨੂੰ ਪ੍ਰਗਟਾਉਂਦੀ ਸੀ। ਪਟੇਲ ਅਤੇ ਟੰਡਨ ਦੇ ਗੱਠਜੋੜ ਨੂੰ ਵੀ ਕਾਂਗਰਸ ਅੰਦਰ ਹਿੰਦੂ ਸਭਿਆਚਾਰਕ ਪਹਿਚਾਣ ਨੂੰ ਮਾਨਤਾ ਤੇ ਸਤਿਕਾਰ ਦਿਵਾਉਣ ਦੀ ਕੋਸ਼ਿਸ਼ ਵਜੋਂ ਹੀ ਸਮਝਿਆ ਜਾਣਾ ਚਾਹੀਦਾ ਹੈ। ਇਸ ਯਤਨ ਦਾ ਅਧਾਰ ਇਹ ਸੀ ਕਿ ਅਨੇਕਾਂ ਕਾਂਗਰਸੀਆਂ ਨੂੰ ਨਹਿਰੂ ਦਾ ਅਧਿਆਤਮਿਕ-ਵਿਰੋਧੀ ਰਵੱਈਆ ਮਨਜ਼ੂਰ ਨਹੀਂ ਸੀ। "ਹਿੰਦੂ ਭਾਵਨ" ਦਾ ਨਾਂ-ਮਾਤਰ ਸੁਣਦਿਆਂ ਹੀ ਨਹਿਰੂ ਅਤੇ ਉਸਦੇ ਪੈਰੋਕਾਰ ਸ਼ਰਮਸਾਰ ਤੇ ਸੁੰਨ ਹੋ ਜਾਂਦੇ ਸਨ। ਦਰਅਸਲ ਇਹ "ਖਾਈ ਜਾਂ ਪਾੜਾ" ਨਾ ਤਾਂ ਕਦੇ ਬਹੁਤ ਸਾਧਰਨ ਸੀ ਅਤੇ ਨਾ ਹੀ ਹੈ। ਇਸ ਦੀ ਗੁੰਝਲਦਾਰ ਬਣਤਰ ਵਿਚ ਹੀ ਪੜ੍ਹੀਆਂ-ਲਿਖੀਆਂ ਮੱਧ-ਵਰਗੀ ਜਮਾਤਾਂ, ਅਤੇ ਖਾਸ ਕਰਕੇ ਗੈਰ-ਮੁਸਲਿਮ ਜਮਾਤਾਂ, ਉੱਤੇ ਪੱਛਮੀ ਸਭਿਅਤਾ ਦੇ ਅਸਰਾਤ ਵੀ ਮੌਜੂਦ ਹਨ। ਹਕੀਕਤ ਤਾਂ ਇਹ ਹੈ ਕਿ ਪੱਛਮੀ ਅਸਰ ਹੇਠ ਆਏ ਕਈ ਦਾਨੇਸ਼ਵਰਾਂ ਵਲੋਂ ਇਸ ਪਾੜੇ ਨੂੰ ਜਾਣ-ਬੁੱਝ ਕੇ ਇਕ ਆਧੁਨਿਕ ਮਨੁੱਖ ਦਾ ਅਨਿਖੜਵਾਂ ਅੰਗ ਸਮਝਿਆ ਜਾਂਦਾ ਰਿਹਾ ਹੈ। ਉਨ੍ਹਾਂ ਵਿਚੋਂ ਬਹੁਤਿਆਂ ਲਈ ਧਰਮ ਨਿਰਪੱਖਤਾ ਅਤੇ ਆਧੁਨਿਕਤਾ ਨਾਲ ਖੜ੍ਹਨਾ ਹੀ ਇਕ ਅਜਿਹੇ ਦ੍ਰਿਸ਼ਟੀਕੋਣ ਨਾਲ ਖੜ੍ਹਨਾ ਹੈ ਜੋ "ਭਾਵਨਾਤਮਿਕ ਬਣਤਰ" ਤੋਂ ਮੁਨਕਰ ਹੋਵੇ। ਇਤਿਹਾਸਕ ਸੰਦਰਭ ਵਿਚ ਬੋਲਦਿਆਂ, ਕਾਂਗਰਸ ਦੀ ਇਸ ਭਾਵਨਾਹੀਣ ਧਰਮ ਨਿਰਪੱਖਤਾ ਦਾ ਬੀ. ਜੇ. ਪੀ. ਧਿਰ ਦੇ ਬੇ-ਸਮਝ ਸਭਿਆਚਾਰਕ ਜਨੂੰਨ ਨਾਲ ਹਮੇਸ਼ਾਂ ਹੀ ਟਕਰਾ ਹੋਇਆ ਹੈ।

ਹੰਗਾਮੀ (ਐਮਰਜੰਸੀ) ਹਾਲਾਤ ਤੋਂ ਤੁਰੰਤ ਬਾਅਦ, ਜਦ ਹਿੰਦੂਤਵ ਦੇ ਝੰਡਾਬਰਦਾਰਾਂ ਨੇ ਕਾਂਗਰਸ ਦੀ ਧਰਮ ਨਿਰਪੱਖਤਾ ਦੀ ਨੀਤੀ 'ਤੇ ਧਿਆਨ ਕੇਂਦਰਿਤ ਕਰਕੇ ਇਸ 'ਖਾਈ' ਨੂੰ ਨੰਗਿਆਂ ਕਰਨ ਦੀ ਕੋਸ਼ਿਸ਼ ਕੀਤੀ ਤਾਂ ਸ਼੍ਰੀ ਮਤੀ ਗਾਂਧੀ ਦੋ ਆਪਾ-ਵਿਰੋਧੀ ਵਿਚਾਰਧਾਰਾਵਾਂ ਵਿਚਾਲੇ ਡਗਮਗਾਉਣ ਲੱਗੀ। ਇਕ ਪਾਸੇ ਤਾਂ 1976 ਵਿਚ 42ਵੀਂ ਸੋਧ ਰਾਹੀਂ, ਉਸਨੇ ਸੰਵਿਧਾਨ ਵਿਚ "ਧਰਮ ਨਿਰਪੱਖ" ਅਤੇ "ਸਮਾਜਵਾਦੀ" ਸ਼ਬਦ ਪਾ ਦਿੱਤੇ ਅਤੇ ਦੂਜੇ ਪਾਸੇ ਉਸਨੇ ਮੰਦਿਰਾਂ ਵਿਚ ਜਾ-ਜਾ ਕੇ ਆਪਣਿਆਂ ਭਾਸ਼ਣਾਂ ਤੇ ਇਸ਼ਾਰਿਆਂ 'ਚ ਹਿੰਦੂਤਵਾ ਦੇ ਅੰਸ਼ ਸ਼ਾਮਿਲ ਕਰਕੇ ਵੋਟਾਂ ਜਿੱਤਣੀਆਂ ਆਰੰਭ ਕਰ ਦਿੱਤੀਆਂ। ਡਾਵਾਂ-ਡੋਲਤਾ ਦੀ ਇਹ ਨੀਤੀ ਰਾਜੀਵ ਗਾਂਧੀ ਨੇ ਵੀ ਜਾਰੀ ਰੱਖੀ ਅਤੇ ਪ੍ਰਭਾਵ ਦਿੱਤਾ ਗਿਆ ਕਿ ਕਾਂਗਰਸ ਆਪਣੀ ਵਿਚਾਰਧਾਰਾ ਅਤੇ ਭਾਰਤੀ ਸੰਵਿਧਾਨ ਦੀ ਰਾਖੀ ਲਈ ਲੜਨ ਦੀ ਇੱਛਾ ਗੁਆ ਬੈਠੀ ਹੈ।

ਇਤਿਹਾਸਕ ਮੁੱਦੇ ਤੋਂ ਵੇਖਦਿਆਂ, ਕਾਂਗਰਸ ਅਵਾਮੀ ਚੇਤਨਾ ਦੀਆਂ ਤਿੰਨ ਮੁੱਖ ਧਾਰਾਵਾਂ - ਜਾਤ, ਜਮਾਤ ਤੇ ਫਿਰਕੇ ਦੀ ਪ੍ਰਤੀਨਿਧਤਾ ਤੇ ਲੈਣ-ਦੇਣ ਕਰਕੇ ਹੀ ਸੱਤਾ ਤੇ ਕਾਬਿਜ਼ ਰਹੀ ਹੈ। ਇਸ ਦੀ ਰਾਸ਼ਟਰਵਾਦੀ ਦ੍ਰਿਸ਼ਟੀ ਇਹਨਾਂ ਵੰਡੀਆਂ ਤੋਂ ਉਪਰ ਉੱਠ ਕੇ, ਇਹਨਾਂ ਨੂੰ ਏਕਤਾ ਦੀ ਲੜੀ 'ਚ ਪਰੋਂਦੀ ਰਹੀ। ਕਾਂਗਰਸ ਤੋਂ ਉਲਟ, ਵਿਰੋਧੀ ਪਾਰਟੀਆਂ ਇਹਨਾਂ ਤਿੰਨਾਂ ਵਿਚੋਂ ਕਿਸੇ ਇਕ ਨੂੰ ਹੀ ਅਧਾਰ ਬਣਾ ਕੇ ਬਾਕੀ ਧਾਰਾਵਾਂ, ਖਾਸ ਕਰਕੇ ਕੌਮੀਵਾਦ, ਨਾਲ ਛੇੜ-ਛਾੜ ਕਰਦੀਆਂ ਰਹੀਆਂ। ਇਸ ਤਰ੍ਹਾਂ ਵਿਰੋਧੀ ਧਿਰ ਤਿੰਨ ਸ਼੍ਰੇਣੀਆਂ ਵਿਚ ਵੰਡੀ ਹੋਈ ਹੈ - ਕਮਿਊਨਿਸਟ ਪਾਰਟੀਆਂ (ਜਮਾਤੀ ਅਧਾਰ), ਲੋਹੀਆ ਵਿਚਾਰਧਾਰਾ 'ਤੇ ਅਧਾਰਿਤ ਗਰੁੱਪ (ਜਾਤ) ਅਤੇ ਜਨ-ਸੰਘ/ਬੀ. ਜੇ. ਪੀ. (ਫਿਰਕੂ ਅਧਾਰ)। ਭਾਵੇਂ ਇਹ ਧਾਰਾਵਾਂ ਭਾਰਤੀ ਸਮਾਜਿਕ ਯਥਾਰਥ ਦਾ ਕਿੰਨਾ ਵੀ ਮਹੱਤਵ ਪੂਰਨ ਹਿੱਸਾ ਹੋਣ, ਪਰ ਉਹ ਕੌਮੀ ਪੱਧਰ 'ਤੇ ਬਦਲ ਨਹੀਂ ਬਣ ਸਕੀਆਂ। ਇਹੀ ਨਹੀਂ, ਇਹ ਸੌੜੀਆਂ ਧਾਰਾਵਾਂ ਕਿਸੇ ਅਜਿਹੇ ਰਾਜਨੀਤਕ ਧੜੇ, ਜੋ ਰਾਸ਼ਟਰਵਾਦ ਜਿਹਾ ਵਿਸ਼ਾਲ ਪਲੇਟਫਾਰਮ ਪ੍ਰਦਾਨ ਕਰੇ, ਦੀ ਗੈਰ-ਹਾਜ਼ਰੀ ਵਿਚ ਇਕਮੁੱਠ ਵੀ ਨਹੀਂ ਹੋ ਸਕਦੀਆਂ। ਇਸ ਤੋਂ ਇਹ ਸਿੱਟਾ ਨਿਕਲਦਾ ਹੈ ਕਿ ਬੀ. ਜੇ. ਪੀ. ਦੀ ਰੰਗਤ ਵਾਲੀਆਂ ਜਥੇਬੰਦੀਆਂ, ਜੋ ਸਾਵਰਕਰ ਅਤੇ ਮੁਖਰਜੀ ਦੇ ਹਿੰਦੂ ਰਾਸ਼ਟਰਵਾਦ ਦੀਆਂ ਵਾਰਿਸ ਬਣੀਆਂ, ਤੋਂ ਬਿਨਾਂ ਕਾਂਗਰਸ ਦੀ ਬਦਲ ਸਰਕਾਰ ਨਹੀਂ ਸੀ ਬਣ ਸਕਦੀ।

ਉਹਨਾਂ ਦੀਆਂ ਪੂਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ, ਕਾਂਗਰਸ ਵਿਰੋਧੀ ਭੁਕਾਉ, ਜਾਤ ਅਤੇ ਜਮਾਤ ਦੀਆਂ ਧਿਰਾਂ ਦਾ ਤੰਗ ਨਜ਼ਰੀਏ ਵਾਲੇ ਹਿੰਦੂ ਰਾਸ਼ਟਰਵਾਦ ਨਾਲ ਖੁੱਲ੍ਹੇ ਜਾਂ ਲੁਕਵੇਂ ਗੱਠਜੋੜ ਵਧਾਏਗਾ। 'ਜਾਤ' ਅਤੇ 'ਜਮਾਤ' ਦੀਆਂ ਧਿਰਾਂ ਦੇ ਸਨਮੁੱਖ ਇਕ ਦੁਬਿਧਾ ਹਮੇਸ਼ਾਂ ਹੀ ਰਹੀ ਹੈ। ਕਾਂਗਰਸ ਦਾ ਬਦਲ ਲੱਭਣ ਦੇ ਯਤਨ ਉਨ੍ਹਾਂ ਨੂੰ ਹਮੇਸ਼ਾਂ ਬੀ. ਜੇ. ਪੀ. ਵਲ ਲਿਜਾਂਦੇ ਹਨ ਅਤੇ ਉਹਨਾਂ ਦਾ ਵਿਕਾਸਮਈ ਅਤੇ ਆਦਰਸ਼ਵਾਦੀ ਫਲਸਫਾ ਉਹਨਾਂ ਨੂੰ ਕਾਂਗਰਸ ਦੇ ਨੇੜੇ ਲਿਆਉਂਦਾ ਹੈ। ਜੇ ਇਸ ਨੂੰ ਸਮਕਾਲੀ ਭਾਰਤੀ ਰਾਜਨੀਤੀ ਦਾ ਸਹੀ ਮੁਲਅੰਕਣ ਮੰਨ ਲਿਆ ਜਾਵੇ ਤਾਂ ਅਸਲ ਜਦੋਜਹਿਦ ਉਹਨਾਂ ਧਿਰਾਂ ਵਿਚਕਾਰ ਹੈ ਜੋ ਕੌਮੀ , ਨਾਂ ਕਿ ਜਾਤੀ ਜਾਂ ਜਮਾਤੀ, ਮਸਲਿਆਂ ਬਾਰੇ ਅਵਾਮੀ ਅੰਦੋਲਨਾਂ ਰਾਹੀਂ ਰਾਸ਼ਟਰਵਾਦ ਨੂੰ ਪ੍ਰੀਭਾਸ਼ਿਤ ਕਰਨ ਵਿਚ ਜੁੱਟੇ ਹੋਏ ਹਨ। ਇਨ੍ਹਾਂ ਨੂੰ ਘਟਨਾਵਾਂ ਦੇ ਦਬਾਓ ਥੱਲੇ ਇਕ ਜਾਂ ਦੂਜੀ ਧਿਰ ਨਾਲ ਇਕਸੁਰ ਹੋਣਾ ਹੀ ਪੈਣਾ ਹੈ। ਇਸ ਦੇਸ਼ ਅੰਦਰ 'ਜਾਤ' ਅਤੇ 'ਜਮਾਤ' ਦੀ ਰਾਜਨੀਤੀ ਲੈਣ-ਦੇਣ ਦੀ ਹੀ ਰਾਜਨੀਤੀ ਹੈ ਅਤੇ ਪ੍ਰਮੁੱਖ ਭਾਰਤੀ ਰਾਸ਼ਟਰਵਾਦ ਦੀ ਰਾਜਨੀਤੀ ਤਹਿਤ ਹੀ ਆਉਂਦੀ ਹੈ। ਭਾਵੇਂ ਇਸ ਨੂੰ ਪ੍ਰਗਟਾਉਣ ਦੇ ਢੰਗ ਤਰੀਕੇ ਸਮੇਂ ਸਮੇਂ ਬਦਲਦੇ ਰਹੇ ਹਨ ਪਰ ਭਾਰਤੀ ਰਾਸ਼ਟਰਵਾਦ ਵਿਚ ਬਦਲਣ ਦੀ ਜੱਦੋਜਹਿਦ ਅਤੇ ਉਸਨੂੰ ਅਵਾਮੀ ਰੂਪ ਦੇਣ ਦੇ ਯਤਨ ਹੀ ਆਉਣ ਵਾਲੇ ਸਮਿਆਂ ਵਿਚ ਭਾਰਤੀ ਕੌਮੀ ਰਾਜ ਦੀ ਤਾਸੀਰ ਨਿਸ਼ਚਤ ਕਰਨਗੇ।

ਹੰਗਾਮੀ ਹਾਲਾਤ (ਐਮਰਜੰਸੀ) ਸਾਵਰਕਰਵਾਦੀ ਸ਼ਕਤੀਆਂ ਲਈ ਸੁਨਹਿਰੀ ਮੌਕਾ ਸਾਬਤ ਹੋਇਆ। ਪਹਿਲੀ ਵਾਰ ਅਜਿਹਾ ਹੋਇਆ ਕਿ ਉਹਨਾਂ ਨੂੰ ਪਰਜਾਤੰਤਰ ਦੇ ਝੰਡਾ ਬਰਦਾਰ ਬਣਨ, ਰਾਜਨੀਤਕ ਅਛੂਤ ਦਾ ਠੱਪਾ ਮਿਟਾਉਣ ਅਤੇ ਕਿਸੇ ਹੱਦ ਤਕ ਉਸ ਵਿਚਾਰਧਾਰਾ ਨਾਲ ਜੁੜੇ ਹੋਣ, ਜਿਸ ਨੇ ਕਦੇ ਮਹਾਤਮਾ ਗਾਂਧੀ ਦੇ ਕਾਤਲਾਂ ਨੂੰ ਪ੍ਰੇਰਿਤ ਕੀਤਾ ਸੀ, ਤੋਂ ਮੁਕਤੀ ਪਾਉਣ ਦਾ ਅਵਸਰ ਮਿਲ ਗਿਆ। ਇਕ ਰਾਜਨੀਤਕ ਘੇਰੇ ਦੇ ਕਿਨਾਰੇ ਤੋਂ ਚੁੱਕ ਕੇ ਉਹਨਾਂ ਦੇ ਧਰਮ ਨਿਰਪੱਖ ਸਾਥੀਆਂ ('ਜਾਤ' ਤੇ 'ਜਮਾਤ' ਦੇ ਪੈਰੋਕਾਰਾਂ) ਨੇ ਉਨ੍ਹਾਂ ਨੂੰ ਰਾਜਨੀਤਕ ਮੁੱਖ ਧਾਰਾ ਦੇ ਐਨ ਦਰਮਿਆਨ ਲਿਆ ਖੜ੍ਹਾ ਕੀਤਾ। ਹੰਗਾਮੀ ਹਾਲਾਤ ਨੇ ਮੁੱਖ ਰਾਜਨੀਤਕ ਪਾਰਟੀ ਤੋਂ ਇਖਲਾਕੀ ਹੱਕ ਖੋਹ ਲਿਆ ਸੀ ਤੇ ਇਸ ਨੂੰ ਬਾਕੀ ਸਾਰੀਆਂ ਹੋਰ ਪਾਰਟੀਆਂ 'ਚੋਂ ਇਕ ਬਣਾ ਰੱਖ ਦਿੱਤਾ ਸੀ। ਇਕ ਪਰਜਾਤੰਤਰਿਕ ਢਾਂਚੇ ਅੰਦਰ ਮਹੱਤਵਪੂਰਨ ਗੱਲ ਐਮਰਜੰਸੀ-ਵਿਰੋਧੀਆਂ ਦੇ ਮਨ ਅੰਦਰਲੇ ਟੀਚੇ ਨਹੀਂ ਸਗੋਂ ਇਹ ਹੈ ਕਿ ਅਵਾਮੀ ਚੇਤਨਤਾ ਵਿਚ ਬਾਹਰਮੁਖੀ ਅਨੁਭੂਤੀ ਕਿਵੇਂ ਬਣੀ। ਹਾਸੋਹੀਣੀ ਗੱਲ ਇਹ ਹੈ ਕਿ ਇਹ ਸ਼੍ਰੀ ਮਤੀ ਗਾਂਧੀ ਤੇ ਉਸਦੇ ਸੈਕੂਲਰ ਵਿਰੋਧੀ ਹੀ ਸਨ ਜਿਹਨਾਂ ਨੇ ਹਿੰਦੂਤਵਾ ਦੇ ਪੁਜਾਰੀਆਂ ਨੂੰ ਪ੍ਰਮੁੱਖਤਾ ਬਖਸ਼ੀ। ਸ਼੍ਰੀ ਮਤੀ ਗਾਂਧੀ ਦੀ 1977 ਵਾਲੀ ਮੂੰਹ ਤੋੜਵੀਂ ਹਾਰ ਦਾ ਇਕ ਮੁੱਖ ਕਾਰਨ ਉਸਤੋਂ ਮੁਸਲਮਾਨਾਂ ਅਤੇ ਹਰੀਜਨਾਂ ਦਾ ਕਿਨਾਰਾ ਕਰ ਜਾਣਾ ਵੀ ਸੀ ਅਤੇ ਇਹੀ ਫਿਰ 1980 ਵਿਚ ਉਸਦੀ ਮਦਦ ਲਈ ਬਹੁੜੇ। ਜੋ ਕੁੱਝ ਐਮਰਜੰਸੀ ਸਮੇਂ ਵਾਪਰਿਆ ਅਤੇ 1980 ਦੇ ਸ਼ੁਰੂ ਦੇ ਹਿੰਦੂ-ਮੁਸਲਿਮ ਫਸਾਦਾਂ ਨੇ ਮੁਸਲਮਾਨਾਂ ਦੇ ਚੋਖੇ ਵੱਡੇ ਹਿੱਸੇ ਨੂੰ ਇੰਦਰਾ ਗਾਂਧੀ ਤੋਂ ਸਦਾ ਲਈ ਦੂਰ ਕਰ ਦਿੱਤਾ।

ਮੁਰਾਦਾਬਾਦ ਦੇ ਫਿਰਕੂ ਫਸਾਦ ਪੂਰਾ ਮਹੀਨਾ ਚੱਲੇ ਅਤੇ 144 ਜ਼ਿੰਦਗੀਆਂ ਇਸ ਦੀ ਭੇਟ ਚੜ੍ਹੀਆਂ। ਇਹ ਜਲਦ ਹੀ ਅਲਾਹਾਬਾਦ, ਕੇਂਦਰੀ ਭਾਰਤ ਵਿਚ ਮਹੋਅ ਅਤੇ ਦੂਰ-ਦੁਰਾਡੇ ਜੰਮੂ ਕਸ਼ਮੀਰ ਤਕ ਫੈਲ ਗਏ। ਇੰਦਰਾ ਗਾਂਧੀ ਦੇ ਆਲੋਚਕਾਂ ਨੇ ਜ਼ੋਰ ਦਿੱਤਾ ਹੈ ਕਿ ਉਹ ਆਪਣੇ ਸਾਰੇ ਰਾਜਨੀਤਕ ਜੀਵਨ ਵਿਚ ਪਹਿਲੀ ਵਾਰ ਹਰ ਫਿਰਕੂ ਫਸਾਦਾਂ ਵਾਲੀ ਜਗ੍ਹਾ ਪੁੱਜਣ ਅਤੇ ਪੀੜਤਾਂ ਦਾ ਦੁੱਖ ਵੰਡਾਉਣ ਦੀ ਰੀਤ ਤੋਂ ਹਟੀ। ਭਾਵੇਂ ਮੁਰਾਦਾਬਾਦ ਦਿੱਲੀ ਤੋਂ ਹੈਲੀਕਾਪਟਰ ਰਾਹੀਂ ਕੁੱਝ ਮਿੰਟ ਦੀ ਦੂਰੀ ਤੇ ਹੀ ਹੈ ਪਰ ਉਹ ਸੈਕੂਲਰ ਜਥੇਬੰਦੀਆਂ ਦੇ ਵਾਰ-ਵਾਰ ਕਹਿਣ ਤੇ ਵੀ ਉਥੇ ਨਾ ਗਈ। ਆਖਿਰ ਉਹ ਚਲੀ ਤਾਂ ਗਈ ਪਰ ਉਸਦਾ ਜਾਣਾ 'ਪਛੜ ਕੇ ਬਹੁਤ ਥੋੜ੍ਹਾ' ਦੀ ਸਰਵੋਤਮ ਮਿਸਾਲ ਹੈ। ਕੀ ਕਾਂਗਰਸ ਵਿਰੋਧੀ ਧਰਮ ਨਿਰਪੱਖ ਧਿਰਾਂ ਵਲੋਂ ਸ਼ਰੇ-ਆਮ

ਬਾਕੀ ਸਫਾ 38 'ਤੇ

# ਪਾਸ਼ ਬਾਰੇ ਪ੍ਰਤੀਕਰਮ ਦਾ ਪ੍ਰਤੀਕਰਮ

ਰਵਿੰਦਰ ਸਹਿਰਾਅ

'ਵਤਨ' ਅੰਕ 20 ਵਿਚ ਪਾਸ਼ ਬਾਰੇ ਲਿਖਿਆ ਲੇਖ ਭੁਲੇਖੇ ਖੜ੍ਹੇ ਕਰਨ ਵਾਲਾ ਹੈ। ਲੇਖਕ ਨੇ ਜਿੱਥੇ ਕੁੱਝ ਚੰਗੇ ਕਿੰਤੂ ਉਠਾਏ ਹਨ ਉੱਥੇ ਸਮੁੱਚਾ ਪ੍ਰਭਾਵ ਉਪਭਾਵਕ ਹੋ ਕੇ ਗੁੱਸਾ ਉਗਲਣ ਵਾਲਾ ਹੈ।

ਕਿਸੇ ਵੀ ਲੇਖਕ ਦਾ ਨਿੱਜ ਅਤੇ ਸਾਹਿਤ ਸ਼ਤ-ਪ੍ਰਤੀਸ਼ਤ ਮੇਲ ਨਹੀਂ ਖਾ ਸਕਦੇ। ਕਿਤੇ ਨਾ ਕਿਤੇ ਵਿਰੋਧ ਜ਼ਰੂਰ ਆ ਜਾਂਦਾ ਹੈ। ਫ਼ੈਜ਼, ਸਾਹਿਰ, ਪਾਬਲੋ ਨੈਰੂਦਾ ਆਦਿ ਕਿੰਨੇ ਨਾਂ ਲਏ ਜਾ ਸਕਦੇ ਹਨ। ਪਰ ਉਨ੍ਹਾਂ ਦਾ ਸਾਹਿਤ ਉੱਚ ਪਾਏ ਦਾ ਸਾਹਿਤ ਗਿਣਿਆ ਜਾਂਦਾ ਹੈ।

ਲੇਖਕ ਲਿਖਦਾ ਹੈ ਕਿ ਉਸਦੀ ਸ਼ਾਇਰੀ ਵਾਲੀ ਬੌਧਿਕ ਚੇਤਨਤਾ ਡਾਇਰੀ 'ਚ ਨਹੀਂ। ਇਹ ਗੱਲ ਵੀ ਵਿਰੋਧਾਭਾਸ ਵਾਲੀ ਹੈ। ਪਾਸ਼ ਦੀ ਸ਼ਾਇਰੀ ਬੌਧਿਕ ਚੇਤਨਤਾ ਵਾਲੀ ਹੈ ਹੀ ਨਹੀਂ ਸਗੋਂ ਰਾਜਸੀ ਚੇਤਨਤਾ ਵਾਲੀ ਹੈ। ਪਾਸ਼ ਤਾਂ ਹਮੇਸ਼ਾਂ ਅਖੌਤੀ 'ਬੌਧਿਕ ਚੇਤਨਤਾ' ਵਾਲੀ ਸ਼ਾਇਰੀ ਦੇ ਖਿਲਾਫ ਰਿਹਾ ਹੈ। ਇਹ ਗੱਲ ਉਸ ਨੇ 'ਸਿਆੜ' ਕੱਢਣ ਵੇਲੇ ਬੜੇ ਸਾਫ਼ ਸ਼ਬਦਾਂ ਵਿਚ ਲਿਖੀ ਸੀ। ਉਸਦੀ ਸਮੁੱਚੀ ਕਵਿਤਾ ਸਾਦ ਮੁਰਾਦੀ ਬੋਲੀ, ਪੇਂਡੂ ਅਲੰਕਾਰ ਤੇ ਬਿੰਬਾਂ ਨਾਲ ਭਰੀ ਪਈ ਹੈ ਜਿਸ ਨੂੰ ਸੁਣ ਕੇ ਅਨਪੜ੍ਹ ਜੱਟ ਵੀ ਤਾੜੀਆਂ ਮਾਰਨ ਲੱਗ ਜਾਂਦੇ ਸਨ। ਲੇਖਕ ਦੀ ਇਹ ਸਤਰ ਕਿੰਨੀ ਹਾਸੋ ਹੀਣੀ ਹੈ: "ਅਸੀਂ ਸੋਚਦੇ ਹਾਂ ਕਿ ਜੇ ਪਾਸ਼ ਦਾ ਕਤਲ ਨਾ ਹੋਇਆ ਹੁੰਦਾ ...।" ਪਾਸ਼ ਦੀ ਪ੍ਰਸਿੱਧੀ ਉਸਦੇ ਪਹਿਲੇ ਕਾਵਿ ਸੰਗ੍ਰਹਿ ਨਾਲ ਹੀ ਕਿੰਨੀ ਹੋ ਗਈ ਸੀ ਇਹ ਕਿਸੇ ਤੋਂ ਲੁਕੀ ਹੋਈ ਨਹੀਂ। ਏਥੇ ਮੈਂ ਗੁਰਬਚਨ ਦੀਆਂ ਇਹ ਸਤਰਾਂ ਇਸੇ ਸੰਦਰਭ 'ਚ ਦੇ ਰਿਹਾ ਹਾਂ: "...ਉਸਦਾ ਪ੍ਰਥਮ ਕਾਵਿ ਸੰਗ੍ਰਹਿ 'ਲੋਹ ਕਥਾ' ਆਤਮ ਵਿਸ਼ਵਾਸੀ ਸੱਚ ਦਾ ਪ੍ਰਮਾਣਿਕ ਦਸਤਾਵੇਜ਼ ਹੈ। ਬਹੁਤ ਘੱਟ ਕਵੀ ਆਪਣੀਆਂ ਮੁਢਲੀਆਂ ਰਚਨਾਵਾਂ 'ਚ ਏਨੇ ਤੇਜੱਸਵੀ ਸੁਰ ਵਾਲੇ ਹੁੰਦੇ ਹਨ। ਇਸ ਕਿਤਾਬੜੀ ਨਾਲ ਪੰਜਾਬ ਦੇ ਸਾਹਿਤ ਸਭਿਆਚਾਰ ਵਿਚ ਵੱਡਾ ਵਿਸਫੋਟ ਪੈਦਾ ਹੋਇਆ। 'ਲੋਹ ਕਥਾ' ਦੀ ਕਵਿਤਾ ਨਾਲ ਹੀ ਪ੍ਰਗਤੀਵਾਦੀ ਕਵਿਤਾ ਦੇ ਮਾਡਲ ਅੱਗੇ ਪ੍ਰਸ਼ਨ ਚਿੰਨ੍ਹ ਲੱਗ ਗਿਆ।"

ਲੇਖਕ ਨੇ ਜਗਤਾਰ ਦਾ ਜ਼ਿਕਰ ਵੀ ਛੁਹਿਆ ਹੈ। ਜੋ ਏਥੇ ਬੇਲੋੜਾ ਹੈ ਪਰ ਫਿਰ ਵੀ ਇਹ ਤਾਂ ਲੇਖਕ ਹੀ ਦੱਸ ਸਕਦਾ ਹੈ ਕਿ 'ਦੁੱਧਾਂ ਰਾਂਗਲੀਆਂ' (1957) ਤੋਂ ਲੈ ਕੇ 'ਲਹੂ ਦੇ ਨਕਸ਼' (1973) ਤੱਕ ਜਗਤਾਰ ਕਿੰਨਾ ਕੁ ਜੁਝਾਰੂ ਰਿਹਾ ਹੈ? ਜੇ ਉਸਦੇ ਸਮੁੱਚੇ ਸਾਹਿਤ 'ਚੋਂ 'ਲਹੂ ਦੇ ਨਕਸ਼' ਕੱਢ ਦੇਈਏ ਤਾਂ ਜਗਤਾਰ ਦਾ ਥਾਂ ਜੁਝਾਰੂ ਕਵਿਤਾ 'ਚ ਕਿੱਥੇ ਰਹੇਗਾ? ਲੇਖਕ ਹੀ ਦੱਸ ਸਕਦਾ ਹੈ ਕਿ ਜਗਤਾਰ ਦਾ ਨਿੱਜੀ ਜੀਵਨ ਕਿਹੋ ਜਿਹਾ ਹੈ? ਪਰ ਫਿਰ ਵੀ ਉਸ ਦੀ ਸ਼ਾਇਰੀ ਵਿਚ (ਖਾਸ ਕਰਕੇ ਗ਼ਜ਼ਲਾਂ) ਜੋ ਵਿਲੱਖਣਤਾ ਹੈ ਅਸੀਂ ਉਸ ਤੋਂ ਇਨਕਾਰੀ ਨਹੀਂ। ਪਰ ਪਾਸ਼ ਨਾਲ ਤੁਲਨਾ ਕਰਨੀ ਹਲਕੀ ਦਲੀਲ ਹੈ। ਉਂਜ ਵੀ ਸਾਰੇ ਸਮਕਾਲੀ ਇਕੋ ਜਿੰਨੇ ਵਧੀਆ ਲੇਖਕ ਨਹੀਂ ਹੋ ਸਕਦੇ। ਸਮੇਂ ਨਾਲ ਉਨ੍ਹਾਂ ਦੀ ਪ੍ਰਤਿਭਾ ਅਤੇ ਸਿਰਜਣਾ 'ਚ ਅੰਤਰ ਆ ਜਾਂਦਾ ਹੈ। ਕੋਈ ਅੱਗੇ ਨਿਕਲ ਜਾਂਦਾ ਹੈ ਕੋਈ ਪਿੱਛੇ ਰਹਿ ਜਾਂਦਾ ਹੈ। ਉਦਾਹਰਣ ਵਜੋਂ ਜੁਝਾਰੂ ਕਵਿਤਾ ਦੇ ਮੰਨੇ ਜਾਂਦੇ "ਪੰਜ ਪਾਂਡੋਆਂ" 'ਚੋਂ (ਚੰਦਨ, ਪਾਸ਼, ਗੁਰਦੀਪ ਗਰੇਵਾਲ, ਦਰਸ਼ਨ ਖਟਕੜ ਤੇ ਹਲਵਾਰਵੀ) ਗੁਰਦੀਪ ਗਰੇਵਾਲ ਅੱਜ ਗੁੰਮ ਹੈ। ਲਾਲ ਸਿੰਘ ਦਿਲ ਦੀ ਤੇ ਚੰਦਨ ਦੀ ਸੁਰ ਹੀ ਬਦਲ ਗਈ ਹੈ।

ਲੇਖਕ ਨੂੰ ਇਤਰਾਜ਼ ਹੈ ਕਿ ਪਾਸ਼ ਨੇ ਫਿਰਕਾਪ੍ਰਸਤੀ ਦੀ ਵਿਰੋਧਤਾ ਨਹੀਂ ਕੀਤੀ। ਭਲਾ ਕੋਈ ਪੁੱਛੇ ਕਿ ਫਿਰ ਪਾਸ਼ ਦਾ ਹੀ ਕਤਲ ਕਿਉਂ ਹੋਇਆ ਜਗਤਾਰ ਦਾ ਕਿਉਂ ਨਹੀਂ? ਮੌਜੂਦਾ ਸਮਾਜ-ਆਰਥਿਕ ਢਾਂਚੇ ਅਤੇ ਫਿਰਕਾਪ੍ਰਸਤੀ ਪ੍ਰਤੀ ਪਾਸ਼ ਕੀ ਸੋਚਦਾ ਸੀ ਲੇਖਕ ਨੂੰ "ਹਾਕ" ਦੇ ਅੰਕ ਪੜ੍ਹਨੇ ਚਾਹੀਦੇ ਹਨ। ਜਿਸ ਨੇ ਇਲਾਕੇ ਦੇ ਵੱਡੇ ਵੱਡੇ ਫਿਰਕੂ ਥੰਮਾਂ ਨੂੰ ਕੰਬਣੀ ਲਾ ਦਿੱਤੀ ਸੀ। ਭਾਵੇਂ ਪਾਸ਼ ਨੇ ਲੜਾਈ ਦਾ ਹਥਿਆਰ ਕਵਿਤਾ ਨੂੰ ਹੀ ਚੁਣਿਆਂ ਪਰ ਫਿਰ ਵੀ ਉਸਦੇ ਇਕ ਖਾਸ ਇਨਕਲਾਬੀ ਗਰੁੱਪ ਨਾਲ ਸੰਬੰਧਾਂ ਨੂੰ ਕੌਣ ਨਹੀਂ ਜਾਣਦਾ। ਉਸ ਗਰੁੱਪ ਲਈ ਇਲਾਕੇ ਦੇ ਨੌਜੁਆਨਾਂ ਦੇ "ਸਟੱਡੀ ਸਰਕਲਾਂ" ਦਾ ਪ੍ਰਬੰਧ ਕਰਨਾ ਤੇ ਹੋਰ ਹਰ ਤਰ੍ਹਾਂ ਦੀ ਮਦਦ ਕਰਨ ਤੋਂ ਉਹ ਕਦੇ ਵੀ ਪਿਛੇ ਨਹੀਂ ਰਿਹਾ। ਭਾਵੇਂ ਉਸਨੇ "ਕੁਲਵਕਤੀ" ਵਜੋਂ ਕੰਮ ਕਰਨ ਤੋਂ ਇਨਕਾਰ ਕੀਤਾ ਕਿਉਂਕਿ ਉਸਦਾ ਮੁੱਖ ਹਥਿਆਰ ਕਵਿਤਾ ਸੀ। ਅਮਰੀਕਾ 'ਚ ਆ ਕੇ ਵੀ "ਐਂਟੀ ਫੋਟੀਸੇਵਨ" 'ਚ ਉਸਦੀਆਂ ਲਿਖਤਾਂ ਇਸ ਦੀ ਗਵਾਹੀ ਹਨ ਕਿ ਉਹ ਇਨ੍ਹਾਂ ਅਕਲ ਦਿਆਂ ਅੰਨ੍ਹਿਆਂ ਦੇ ਕਿੰਨਾ ਖ਼ਿਲਾਫ਼ ਸੀ।

ਲੇਖਕ ਲਿਖਦਾ ਹੈ: "ਜਦੋਂ ਪਾਸ਼ ਸਾਹਿਤ ਵਿਚ ਆਪਣੀ ਥਾਂ ਬਣਾ ਰਿਹਾ ਸੀ...।" ਭਲੇ ਮਾਣਸੋ ਜਿਸ ਨੂੰ ਤੁਸੀਂ ਥਾਂ ਬਣਾ ਰਿਹਾ ਸੀ ਕਹਿ ਰਹੇ ਹੋ, ਉਸ ਨੂੰ ਪੜ੍ਹਕੇ ਤਾਂ ਅਖੌਤੀ ਪ੍ਰਗਤੀਵਾਦੀਆਂ (ਸਮੇਤ ਜਗਤਾਰ) ਦੀਆਂ ਹੇੜਾਂ ਜੁਝਾਰੂ ਕਵਿਤਾ ਲਿਖਣ ਲੱਗ ਪਈਆਂ ਸਨ। ਜੋ ਲਹਿਰ ਦੇ ਉਤਰਾਅ ਦੇ ਨਾਲ ਫਿਰ ਖੁੱਡੀਂ ਜਾ ਵੜੀਆਂ। ਤੁਸੀਂ ਇਕ ਜਗਤਾਰ ਦੀ ਗੱਲ ਕਰਦੇ ਹੋ ਮੈਂ ਉਨ੍ਹਾਂ ਦਰਜਣਾਂ ਕਵੀਆਂ ਦੇ ਨਾਂ ਗਿਣਾ ਸਕਦਾ ਹਾਂ ਜਿਨ੍ਹਾਂ ਪਾਸ਼ ਦੇ ਬਣਾਏ ਮਾਡਲ ਨੂੰ ਅਪਣਾਇਆ ਤੇ ਤੁਹਾਡੇ ਕਹਿਣ ਮੁਤਾਬਿਕ ਜੇ ਉਨ੍ਹਾਂ ਦੀਆਂ ਕਵਿਤਾਵਾਂ ਤੋਂ ਉਨ੍ਹਾਂ ਦਾ ਨਾਂ ਕੱਟ ਦੇਈਏ ਉਹ ਕਵਿਤਾਵਾਂ ਪਾਸ਼ ਦੀਆਂ ਹੀ ਲੱਗਣਗੀਆਂ। ਇਹੋ ਹੀ ਪਾਸ਼ ਦੀ ਵਿਲੱਖਣਤਾ ਹੈ ਇਹੋ ਹੀ ਪਾਸ਼ ਦੀ ਮਹਾਨਤਾ ਹੈ।

ਪਾਸ਼ ਦੀ ਪ੍ਰਸਿੱਧੀ ਤੋਂ ਉਸ ਸਮੇਂ ਦੇ ਅਖੌਤੀ ਇਨਕਲਾਬੀਆਂ ਨੂੰ ਕਿੰਨੀਆਂ ਮਿਰਚਾਂ ਲੱਗੀਆਂ ਸੀ। ਜਹਾਨ ਜਾਣਦਾ ਹੈ। ਇਕ "ਕ੍ਰਾਂਤੀਕਾਰੀ ਪਰਚੇ" ਦੇ ਸੰਪਾਦਕ ਨੇ ਇਕ ਕਵੀ ਕੋਲੋਂ ਕਹਿ ਕੇ ਇਹ ਲਿਖਵਾਇਆ ਕਿ "ਜਿਹੜੇ ਲੋਕ ਜੇਹਲ 'ਚ ਨੱਕ ਪੂੰਝ ਪੂੰਝ ਕੇ ਕੰਧਾਂ ਲਬੇੜਦੇ ਸੀ ਅੱਜ ਜੁਝਾਰੂ ਕਵੀ ਬਣੇ ਫਿਰਦੇ ਹਨ।" ਬਾਅਦ 'ਚ ਉਸ ਕਵੀ (ਅਮੀਤੋਜ) ਨੇ ਦੱਸਿਆ ਕਿ ਇਹ ਉਸ ਤੋਂ ਕਹਿ ਕੇ ਲਿਖਵਾਇਆ ਗਿਆ ਸੀ। ਜੋ ਬਾਅਦ ਵਿਚ ਪਾਸ਼ ਦਾ ਗੂੜ੍ਹਾ ਯਾਰ ਬਣਿਆਂ ਤੇ ਅੰਤਲੇ ਦਮ ਤਕ ਬਣਿਆ ਰਿਹਾ।

ਆਮ ਜ਼ਿੰਦਗੀ 'ਚ ਹਰ ਬੰਦਾ ਆਪਣੇ ਕਰੀਬੀ ਦੋਸਤਾਂ ਨਾਲ ਕੁਝ ਅਜਿਹੀਆਂ ਗੱਲਾਂ ਕਰ ਜਾਂਦਾ ਹੈ ਜਿਹੜੀਆਂ ਅਣਯਥਾਰਥਕ ਤੇ ਗੈਰ-ਵਿਗਿਆਨਕ ਹੁੰਦੀਆਂ ਹਨ। ਪਾਸ਼ ਨੇ ਵੀ ਅਜਿਹੀਆਂ ਕੀਤੀਆਂ ਕਿਉਂਕਿ ਉਹ ਵੀ ਇਕ ਮਨੁੱਖ ਸੀ।

ਪ੍ਰਸ਼ੰਸਕਾਂ ਤੋਂ ਪਾਸ਼ ਹਮੇਸ਼ਾਂ ਦੌੜਦਾ ਰਿਹਾ। ਉਹ ਕਿਸੇ ਵੀ ਕਵੀ-ਦਰਬਾਰ 'ਚ ਬਜਾਇ ਸਟੇਜ ਦੇ ਹਮੇਸ਼ਾਂ ਸਰੋਤਿਆਂ 'ਚ ਬੈਠਿਆ। ਕਦੇ ਕਿਰਾਏ ਦੀ ਥੁੜ ਤੇ ਕਦੇ ਬੱਸਾਂ ਖੁੰਝਣ ਕਾਰਨ ਉਹ ਸੋਲ੍ਹਾਂ ਸੋਲ੍ਹਾਂ ਕਿਲੋਮੀਟਰ ਪੈਦਲ ਤੁਰ ਕੇ ਇਨਕਲਾਬੀ ਇਕੱਠਾਂ 'ਚ ਪਹੁੰਚਦਾ ਰਿਹਾ। ਸਫਾ 21 ਦੀ ਬਾਕੀ

ਦਾਰੂ ਤਾਂ ਇਕ ਸਧਾਰਨ ਕਿਸਾਨ ਵੀ ਪੀਂਦਾ ਹੈ ਜੇ ਪਾਸ਼ ਨੇ ਪੀ ਲਈ ਤਾਂ ਕੀ ਲੋਹੜਾ ਆ ਗਿਆ। ਫਿਰ ਵੀ ਜੇਕਰ ਉਸਦੇ ਪ੍ਰਸ਼ੰਸਕ ਉਸਦੇ ਤੁਰ ਜਾਣ ਬਾਅਦ ਉਸਨੂੰ ਅਨੇਕਾਂ ਉਪਨਾਵਾਂ ਨਾਲ ਪੁਕਾਰਦੇ ਹਨ ਤਾਂ ਪਾਸ਼ ਦਾ ਕੀ ਕਸੂਰ? ਪਾਸ਼ ਨੇ ਜਿਊਂਦੇ ਜੀਅ ਜੋ ਰਚਨਾਵਾਂ ਨਿਕਾਰ ਦਿੱਤੀਆਂ ਸੀ ਉਨ੍ਹਾਂ ਨੂੰ ਚੰਦਨ ਹੁਣ ਛਪਾ ਦਏ ਤਾਂ ਪਾਸ਼ ਦਾ ਕੀ ਕਸੂਰ? ਅੰਤ 'ਚ ਮੈਂ ਗੁਰਬਚਨ ਦੀਆਂ ਇਨ੍ਹਾਂ ਸਤਰਾਂ ਨਾਲ ਖਤਮ ਕਰਦਾ ਹਾਂ, "ਪਾਸ਼ ਇਕ ਅਜਿਹਾ ਕਵੀ ਸੀ ਜਿਸਨੇ ਸਮੇਂ ਦੇ ਪਿੰਡੇ 'ਤੇ ਆਪਣੀ ਕਵਿਤਾ ਰਾਹੀਂ ਹਸਤਾਖਰ ਕਰ ਦਿੱਤੇ। ਉਸ ਨੂੰ ਮਸੀਹਾ ਬਣਾ ਕੇ ਪੇਸ਼ ਕਰਨ ਦੀ ਲੋੜ ਨਹੀਂ। ਅਜਿਹਾ ਕਰਨਾ ਇਤਿਹਾਸ ਨੂੰ ਰੁਮਾਂਸ ਬਣ ਕੇ ਟੱਕਰਨਾ ਹੈ। ਕਵੀ ਅਰਾਜਕ ਹੋ ਸਕਦਾ ਹੈ ਪਰ ਚਿੰਤਕ ਤੇ ਵਿਗਿਆਨਕ ਸੋਚ ਵਾਲਾ ਪਾਠਕ ਨਹੀਂ। ਮਨੁੱਖ ਨੂੰ ਮਸੀਹਾ ਤੇ ਤੱਥ ਨੂੰ ਮਿੱਥ ਬਣਾ ਕੇ ਪੇਸ਼ ਕਰਨ ਦੀ ਰੀਝ ਸਾਡੇ 'ਪ੍ਰਸ਼ੰਸਕਾਂ' ਵਿਚ ਆਮ ਹੈ। ਪਾਸ਼ ਦੇ ਨਿਕਟ ਸਨੇਹੀਆਂ 'ਚੋਂ ਕਿਸੇ ਨੇ ਬੌਧਿਕ ਪੱਧਰ ਤੇ ਉਸਦੀ ਕਵਿਤਾ ਤੇ ਉਸਦੀ ਸ਼ਖਸੀਅਤ ਦਾ ਨਿਰਪੱਖ ਹੋ ਕੇ ਵਿਸ਼ਸ਼ਲੇਸ਼ਣ ਨਹੀਂ ਕੀਤਾ। ਬਹੁਤੇ ਪ੍ਰਤੀਕਰਮ ਭਾਵੁਕ ਪੱਧਰ ਤੇ ਹੋਏ ਹਨ।" ●○

ਸਫਾ 36 ਦੀ ਬਾਕੀ

ਜਾਣੇ ਪਛਾਣੇ ਫਿਰਕਾਪ੍ਰਸਤ ਅਨਸਰਾਂ ਨਾਲ ਗਠਜੋੜ ਕਰਕੇ ਜਨਤਾ ਪਾਰਟੀ ਬਣਾਉਣ ਨੇ ਹੀ ਸ੍ਰੀ ਮਤੀ ਗਾਂਧੀ ਨੂੰ ਸੱਤਾ ਤੇ ਕਾਬਿਜ਼ ਰਹਿਣ ਲਈ ਢੁਕਵੀਂ ਅਦਲਾ ਬਦਲੀ ਕਰਨ ਲਈ ਨਹੀਂ ਉਕਸਾਇਆ?

ਇਹ ਸੁਭਾਵਕ ਹੀ ਸੀ ਕਿ ਸਮਾਜਿਕ ਗਰੁੱਪ, ਦਾਨੇਸ਼ਵਰ ਅਤੇ ਜਾਣੇ ਪਛਾਣੇ ਆਲੋਚਕ ਸ੍ਰੀ ਮਤੀ ਗਾਂਧੀ ਦੀ ਇਸ ਹਿਚਕਚਾਹਟ ਤੇ ਟਾਲ ਮਟੋਲ ਵਿਚ ਕਈ ਕੁੱਝ ਵੇਖਦੇ। ਕੀ ਸ੍ਰੀ ਮਤੀ ਗਾਂਧੀ ਮੁਸਲਿਮ ਭਾਈਚਾਰੇ ਨਾਲ ਕਾਂਗਰਸ ਦੇ ਸਪੈਸ਼ਲ ਰਿਸ਼ਤੇ ਨੂੰ ਹੋਰ ਜਾਰੀ ਰੱਖਣ ਦੀ ਇੱਛਕ ਨਹੀਂ ਸੀ? ਉਸ ਵਲੋਂ ਨਿਰਪੱਖ ਰਹਿ ਕੇ ਇਤਿਹਾਸਕ ਝੁਕਾਅ ਨੂੰ ਠੀਕ ਕਰਨ ਦੀ ਕੋਸ਼ਿਸ਼, ਭਾਵੇਂ ਇਹ ਕਿੰਨੀ ਪੱਛੜ ਕੇ ਆਈ ਸੀ, ਸਹਿਜੇ ਹੀ ਸੰਬੰਧਿਤ ਹਿੱਤਾਂ ਵਲੋਂ ਹਿੰਦੂ ਭਾਵਨਾ ਨੂੰ ਮਾਨਤਾ ਦੇਣੀ ਹੀ ਸਮਝਿਆ ਗਿਆ। ਨਾਲ ਹੀ ਨਾਲ ਉਸਦੀਆਂ ਨਿੱਜੀ ਧਾਰਮਿਕ ਰੁਚੀਆਂ ਵੀ ਅਣਗੌਲੀਆਂ ਨਾ ਗਈਆਂ। ਰਾਜੀਵ ਗਾਂਧੀ ਦਾ ਮਾਮਲਾ ਸਿੱਧਾ ਹੀ ਸੀ। ਇਕ ਸਿੱਧੜ, ਆਧੁਨਿਕਵਾਦੀ ਅਤੇ ਕੌਮੀ ਤਜ਼ਰਬੇ ਤੋਂ ਕੋਰਾ, ਉਸ ਅਨੁਸਾਰ ਆਪਾ-ਵਿਰੋਧੀ ਕਦਮ ਉਠਾਉਣਾ, ਜਦ ਤਕ ਉਨ੍ਹਾਂ ਨਾਲ ਸ਼ਾਂਤੀ ਲਿਆਂਦੀ ਜਾ ਸਕਦੀ ਹੋਵੇ, ਕੋਈ ਗਲਤ ਕੰਮ ਨਹੀਂ ਸੀ। ਉਹ ਇਸ ਗੱਲ ਤੋਂ ਬਿਲਕੁਲ ਅਣਜਾਣ ਸੀ ਕਿ ਪੰਜਾਬ ਅਤੇ ਕਸ਼ਮੀਰ ਦੀਆਂ ਘਟਨਾਵਾਂ ਨੇ ਡੂੰਘੀ ਉਤੇਜਨਾ ਪੈਦਾ ਕਰ ਦਿੱਤੀ ਸੀ। ਹਿੰਦੂ ਫਿਰਕੇ ਨੇ ਇਹਨਾਂ ਘਟਨਾਵਾਂ ਨੂੰ ਆਪਣੇ ਰਾਜ ਨੂੰ ਖਤਰਨਾਕ ਵੰਗਾਰ ਸਮਝਣਾ ਸ਼ੁਰੂ ਕਰ ਦਿੱਤਾ ਸੀ। ਵੱਖ ਵੱਖ ਫਿਰਕਿਆਂ ਵਲੋਂ ਕੌਮੀ ਰਾਜ ਨੂੰ ਬਦਲਣ ਲਈ ਜਾਰੀ ਸਭਿਆਚਾਰਕ ਖਿੱਚੋਤਾਣ ਵਿਚ ਫਸੇ ਰਾਜੀਵ ਗਾਂਧੀ ਨੇ ਭਾਰੂ ਮੁਸਲਿਮ ਰਾਏ ਨੂੰ ਪ੍ਰਭਾਵਿਤ ਕਰਨ ਲਈ "ਸ਼ਾਹ ਬਾਨੋ" ਕੇਸ ਵਿਚ ਪਿਛਾਂਹ ਵੱਲ ਪਹਿਲਾ ਕਦਮ ਪੁੱਟਿਆ। ਜਦ ਦੂਜੀ ਧਿਰ ਨੇ ਤਿੱਖਾ ਪ੍ਰਤੀਕਰਮ ਕੀਤਾ ਤਾਂ ਉਸ ਬਾਬਰੀ ਮਸਜਿਦ ਦੇ ਦਰਵਾਜ਼ੇ ਖੋਲ੍ਹ ਦਿੱਤੇ ਅਤੇ ਉਦੋਂ ਤਕ ਵਿਵਾਦਗ੍ਰਸਤ ਗਿਣੇ ਜਾਂਦੇ ਮੁੱਦਿਆਂ ਨੂੰ ਮਾਨਤਾ ਤੇ ਕਾਨੂੰਨੀ ਦਿੱਖ ਬਖਸ਼ੀ।

ਕੀ ਇਹ ਬੀ. ਜੇ. ਪੀ. ਨੂੰ ਪਿਛਾੜਨ ਅਤੇ ਹਿੰਦੂ ਭਾਵਨਾ ਨੂੰ ਕਾਂਗਰਸੀ ਵਿਚਾਰਧਾਰਾ ਵਿਚ ਸ਼ਾਮਿਲ ਕਰਨ ਲਈ ਸੋਚੀ ਸਮਝੀ ਚਾਲ ਸੀ? ਜਾਂ ਫਿਰ ਨਿਰ ਬੇਸਮਝ ਗੋਡੇ ਟੇਕਣਾ? 70ਵਿਆਂ ਤੋਂ ਜੰਗਜੂ ਹਿੰਦੂ ਸਭਿਆਚਾਰਕ ਭਾਵਨਾ ਦਾ ਉਭਾਰ ਬੀ. ਜੇ. ਪੀ. ਧਿਰ ਵਲੋਂ ਆਪਣੀ ਰਾਜਨੀਤਕ ਅਜਾਰੇਦਾਰੀ ਸਮਝੀ ਜਾਂਦੀ ਸੀ। ਜਿੱਥੋਂ ਤੱਕ ਇਸ ਦੇ ਸਿੱਟਿਆਂ ਦਾ ਤੁਅੱਲਕ ਸੀ, ਉਹ ਹੀ ਇਸਦੇ ਬੁਲਾਰੇ ਸਨ। ਰਾਜੀਵ ਗਾਂਧੀ ਵਲੋਂ ਤਾਲਾ ਖੋਲ੍ਹਣ 'ਤੇ ਉਹ ਪਹਿਲਾਂ ਤਾਂ ਖੁਸ਼ ਹੋਏ ਪਰ ਛੇਤੀ ਹੀ ਬੌਖਲਾ ਉੱਠੇ। ਕੀ ਕਾਂਗਰਸ ਉਹਨਾਂ ਦੀ ਮੁੱਠੀ ਵਿਚ ਆ ਰਹੀ ਜਿੱਤ ਨੂੰ ਖੋਹ ਰਹੀ ਸੀ? ਜਦ ਆਲੋਚਕਾਂ ਨੂੰ ਅੱਖੋਂ ਪਰੋਖੇ ਕਰਦਿਆਂ ਰਾਜੀਵ ਗਾਂਧੀ ਨੇ ਵਿਵਾਦਗ੍ਰਸਤ ਥਾਂ ਤੇ ਨੀਂਹ-ਪੱਥਰ ਦੀ ਆਗਿਆ ਦੇ ਦਿੱਤੀ ਤਾਂ ਬੀ. ਜੇ. ਪੀ. ਨੂੰ ਦੇਸ਼ ਵਿਚ ਉਭਰ ਰਹੀ ਨਾਜ਼ੁਕ ਸਥਿਤੀ ਬਾਰੇ ਕਾਂਗਰਸ ਦੀਆਂ ਚਾਲਾਂ ਤੇ ਸ਼ੱਕ ਹੋਣ ਲੱਗਾ। ਫਿਰ ਜਦ ਨਰਸਿਮਾ ਰਾਓ ਨੇ ਲਾਲ ਕਿਲ੍ਹੇ ਤੋਂ ਗਰਦਾਨਿਆ ਕਿ ਕਾਂਗਰਸ ਅਯੁੱਧਿਆ ਵਿਖੇ ਇਕ ਵਿਸ਼ਾਲ ਮੰਦਿਰ ਦੀ ਉਸਾਰੀ ਦੇ ਹੱਕ ਵਿਚ ਹੈ ਤਾਂ ਉਹਨਾਂ ਨੂੰ ਪੱਕਾ ਹੋ ਗਿਆ ਕਿ ਕਾਂਗਰਸ, ਆਪਣੀ ਧਰਮ ਨਿਰਪੱਖ ਵਿਚਾਰਧਾਰਾ ਦੀ ਪਰਵਾਹ ਨਾ ਕਰਦਿਆਂ, ਨਵੀਂ ਉਭਰੀ ਹਿੰਦੂ ਭਾਵਨਾ ਦੀ ਤਰਜਮਾਨੀ ਲਈ ਉਹਨਾਂ ਦਾ ਮੁਕਾਬਲਾ ਕਰ ਰਹੀ ਹੈ। ਕੀ ਉਹ ਕਾਂਗਰਸ ਨੂੰ ਇਸ ਪੜਾਅ ਤੇ ਅੱਗੇ ਨਿਕਲਣ ਦੇਣਗੇ? ਇਹ ਸਵਾਲ ਹੌਲੀ ਹੌਲੀ ਬੀ. ਜੇ. ਪੀ. ਨੇਤਾਵਾਂ ਅਤੇ ਅਵਾਮ ਦੇ ਮਨਾਂ ਅੰਦਰ ਘਰ ਕਰਨ ਲੱਗਾ। ਉਹਨਾਂ ਵਿਚੋਂ ਕਈ ਵੱਖਰੇ ਨਤੀਜੇ ਤੇ ਪੁੱਜੇ: ਖੇਡ ਦੇ ਨਿਯਮ ਉਹਨਾਂ ਦੇ ਬਿਲਕੁਲ ਹੱਕ ਵਿਚ ਨਹੀਂ। ਜੇ ਖੇਡ ਨਿਯਮਾਂ ਅੰਦਰ ਹੀ ਖੇਡੀ ਗਈ ਤਾਂ ਨਿਲੱਜ ਕਾਂਗਰਸ ਉਹਨਾਂ ਨੂੰ ਕਦੇ ਵੀ ਸੱਤਾ ਤੇ ਕਾਬਿਜ਼ ਨਹੀਂ ਹੋਣ ਦੇਵੇਗੀ। ਇਸ ਲਈ ਖੇਡ ਦੇ ਨਿਯਮ ਅਵੱਸ਼ ਬਦਲੇ ਜਾਣ। ਅਤੇ ਅਜਿਹਾ ਉਹਨਾਂ 6 ਦਸੰਬਰ 1992, ਨੂੰ ਕਰ ਵਿਖਾਇਆ। (ਇਸਤੋਂ ਬਾਅਦ) ਭਾਰਤ ਮੁੜ ਕਦੇ ਵੀ ਪਹਿਲਾਂ ਵਾਲਾ ਨਹੀਂ ਹੋਵੇਗਾ। ●○

(ਇਹ ਲੇਖ ਸ਼ਸ਼ੀ ਜੋਸ਼ੀ ਤੇ ਭਗਵਾਨ ਜੋਸ਼ੀ ਦੀ ਸਾਂਝੀ ਕਿਰਤ "ਸਟਰਗਲ ਫਾਰ ਹੇਜੀਮਨੀ ਇਨ ਇੰਡੀਆ, 1920 - 1947" ਵਿਚੋਂ ਲਿਆ ਗਿਆ ਹੈ।)

**ਅੰਗ੍ਰੇਜ਼ੀ ਤੋਂ ਅਨੁਵਾਦ: ਹਰਮਿੰਦਰ ਢਿਲੋਂ, ਮਿਸੀਸਾਗਾ**


ਅਮਨਪਾਲ ਸਾਰਾ
ਦਾ ਕਹਾਣੀ ਸੰਗ੍ਰਿਹ

**ਸਰਦ ਰਿਸ਼ਤੇ**

ਮਿਲਣ ਦਾ ਪਤਾ:
3722 Moscrop St.
Burnaby B.C.
Canada, V5G 2C8
ਕੀਮਤ: 12 ਡਾਲਰ ਜਾਂ 6 ਪੌਂਡ (ਡਾਕ ਖਰਚ ਸਮੇਤ)




ਸਰੀ-ਡੈਲਟਾ ਦੀ ਪੰਜਾਬੀ ਮਾਰਕੀਟ ਵਿਚ ਵਿਆਹ-ਸ਼ਾਦੀ ਦੇ ਸਾਮਾਨ ਦਾ ਬੀ.ਸੀ. ਦਾ ਸੱਭ ਤੋਂ ਵੱਡਾ ਸਟੋਰ।

**Delta Wedding Center**
**9463 - 120 St.** (95 Ave. & Scott Rd.)
**Delta, B.C. Ph: 589 - 3656**

ਵਿਆਹ ਸ਼ਾਦੀਆਂ ਦੇ ਕਾਰਡ, ਤਾਜੇ ਅਤੇ ਸਿਲਕ ਦੇ ਫੁੱਲ, ਕਾਰਾਂ ਤੇ ਪਾਉਣ ਵਾਲੇ ਫੁੱਲਾਂ ਦੇ ਜਾਲ, ਮਹਿੰਦੀ ਚੂੜੇ ਤੇ ਕਲੀਰੇ ਅਤੇ ਵਿਆਹ ਦਾ ਹਰ ਤਰ੍ਹਾਂ ਦਾ ਸਾਮਾਨ, ਹਸਪਤਾਲ ਜਾਂ ਘਰ ਲਿਜਾਣ ਲਈ ਫੁੱਲਾਂ ਦੇ ਗੁਲਦਸਤੇ, ਬੱਚਿਆਂ ਦੇ ਜਨਮਦਿਨ ਦਾ ਸਾਮਾਨ, ਹਰ ਮੌਕੇ ਤੇ ਦੇਣ ਲਈ ਗਿਫਟ ਆਦਿ ਮਿਲਦੇ ਹਨ।

**ਹਾਲ ਵਿਚ ਡੈਕੋਰੇਸ਼ਨ ਦਾ ਪੂਰਾ ਪ੍ਰਬੰਧ ਹੈ।**

ਹਾਲ ਡੈਕੋਰੇਸ਼ਨ ਵਾਸਤੇ ਕਿਰਾਏ ਤੇ ਕੇਕ, ਆਰਚ, ਗਜ਼ੀਬੋ, ਫੁੱਲਾਂ ਦੀਆਂ ਟੋਕਰੀਆਂ ਅਤੇ ਹਰ ਲੋੜੀਂਦਾ ਸਾਮਾਨ ਹੈ। ਵੱਖ ਵੱਖ ਰੰਗਾਂ ਵਿਚ ਟੇਬਲਾਂ ਦੀਆਂ ਸਕਰਟਾਂ, ਕਪੜੇ Streamers, Bells, Fans, Plume Pens, Guest Books, Ribbons, Candles ਅਤੇ ਕੇਕ ਮਿਲਦੇ ਹਨ।

**DELTA WEDDING &**
**PARTY CENTRE**
**5087 Victoria Dr., Vancouver, V5P 3T9**
**(Victoria & 35th Ave.)**
**Ph: 327 - 7777**

**ਸ਼ਾਨ ਡਰੇਪਰੀ ਲਿਮਟਿਡ**

ਹਰ ਕਿਸਮ ਦੀਆਂ ਵਰਟੀਕਲਜ਼, ਬਲਾਈਂਡਜ਼, ਅਤੇ ਕਸਟਮ ਡਰੇਪਰੀਜ਼ ਵਾਸਤੇ ਫਰੀ ਐਸਟੀਮੇਟ ਲਗਵਾਉਣ ਲਈ ਫੋਨ ਕਰੋ:

**ਸੁੱਚਾ ਸਿੰਘ ਕਲੇਰ ਜਾਂ ਰਮੇਸ਼ ਮਹਿਤਾ**

ਫੋਨ/ਫੈਕਸ: 325-6090
7219 ਮੇਨ ਸਟਰੀਟ (56 ਐਵਨਿਊ ਦੇ ਨੇੜੇ)
ਵੈਨਕੂਵਰ ਬੀ. ਸੀ. V5X 3J3

# ਪੁਸਤਕ ਪਰਿਚੈ

**ਸਾਹਿਤਨਾਮਾ**
ਮੂਲ ਲੇਖਕ: ਗੁਰਬਚਨ
ਪ੍ਰਕਾਸ਼ਕ: ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ, ਚੰਡੀਗੜ੍ਹ, 1993

## ਗੁਰਬਚਨ ਦਾ "ਸਾਹਿਤਨਾਮਾ": ਸਾਹਿਤ, ਸਭਿਆਚਾਰ ਅਤੇ ਪੰਜਾਬੀਅਤ ਦੇ ਮਸਲੇ

ਪਹਿਲੇ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਸਦਕਾ ਮੈਨੂੰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਿਚ ਰਹਿੰਦੇ ਕਰੀਬਨ ਸੌ ਕੁ ਲੇਖਕਾਂ ਨੂੰ ਮਿਲਣ–ਜਾਨਣ ਦਾ ਮੌਕਾ ਮਿਲਿਆ। ਇਸ ਵਿਚ ਸੇਖੋਂ, ਕੰਵਲ ਅਤੇ ਗੁਰਦਿਆਲ ਸਿੰਘ ਹੁਰੀਂ ਮੂਹਰਲੀ ਕਤਾਰ ਦੇ ਸਿਰਮੌਰ ਸਾਹਿਤਕਾਰ ਹਨ। ਮੈਂ ਇਹਨਾਂ ਨੂੰ ਪਿਛਲੇ 30 – 35 ਵਰ੍ਹਿਆਂ ਤੋਂ ਪੜ੍ਹਦਾ ਆ ਰਿਹਾ ਹਾਂ। ਇਸੇ ਤਰ੍ਹਾਂ ਇਹਨਾਂ ਬਾਰੇ ਆਲੋਚਨਾ। ਸਿਧਾਂਤਕ ਤੌਰ ਤੇ ਨਿੱਗਰ ਪਰ ਭਾਸ਼ਾ ਪੱਖੋਂ ਕੱਚੀ ਲੱਸੀ ਵਰਗੀ ਪ੍ਰੋਫੈਸਰ ਕਿਸ਼ਨ ਸਿੰਘ ਦੀ ਆਲੋਚਨਾ ਤੋਂ ਲੈ ਕੇ ਡਾਕਟਰ ਤੇਜਵੰਤ ਗਿੱਲ ਦੇ ਸੰਘਣੇ ਪੰਡਤਾਊ ਲੇਖ। ਪਰ ਗੁਰਬਚਨ ਦੇ ਛੋਟੇ ਛੋਟੇ ਲੇਖਾਂ ਦੀ ਵੰਨਗੀ ਨਿਵੇਕਲੀ ਹੈ। ਸਾਹਿਤਕਾਰ ਦੀ ਰਚਨਾ ਨੂੰ ਪਰਖਦਿਆਂ ਗੁਰਬਚਨ ਲੇਖਕ ਦੀ ਸ਼ਖਸੀਅਤ ਅਤੇ ਉਹਦੀ ਸੋਚਣੀ ਦੇ ਧੁਰੇ ਨੂੰ ਰੂਪਮਾਨ ਕਰਕੇ ਸਮੁੱਚੇ ਵਿਸ਼ਲੇਸ਼ਣ ਨੂੰ ਸਮਾਜਿਕ ਅਤੇ ਸਭਿਆਚਾਰਕ ਪ੍ਰਸੰਗਾਂ ਦੇ ਪਿਛੋਕੜੀ ਚੌਖਟੇ ਰਾਹੀਂ ਪੇਸ਼ ਕਰਦਾ ਹੈ। ਇਸ ਪ੍ਰਕਿਰਿਆ ਰਾਹੀਂ ਪਾਠਕ ਦੇ ਮਨ ਵਿਚ ਸਾਹਿਤਕਾਰਾਂ ਬਾਰੇ ਬਣੀਆਂ ਟੋਟਾ ਟੋਟਾ (ਪੀਸਮੀਲ) ਧਾਰਨਾਵਾਂ ਸੰਪੂਰਨ ਤਸਵੀਰ ਹੋ ਨਿਬੜਦੀਆਂ ਹਨ। ਇਹ ਮਾਅਰਕੇ ਦੀ ਪ੍ਰਾਪਤੀ ਹੈ।

"ਸਾਹਿਤਨਾਮਾ" ਵਿਚਲੇ ਚੌਵੀ ਲੇਖ ਵੱਖ ਵੱਖ ਪਰਚਿਆਂ ਵਿਚ ਛਪ ਚੁੱਕੇ ਹਨ। ਮੈਂ ਤਕਰੀਬਨ ਸਾਰੇ ਦੇ ਸਾਰੇ ਹੀ ਪਹਿਲਾਂ ਪੜ੍ਹੇ ਹੋਏ ਹਨ। ਛਪਣ ਉਪਰੰਤ ਪੈਦਾ ਹੋਈਆਂ ਕਸ਼ੀਦਗੀਆਂ ਦੀਆਂ ਕਨਸੋਆਂ ਵੀ ਮਿਲਦੀਆਂ ਰਹੀਆਂ ਹਨ। ਇਸ ਨੂੰ ਸਮਝਣਾ ਮੁਸ਼ਕਿਲ ਨਹੀਂ। ਗੁਰਬਚਨ ਵਰਗੇ ਪ੍ਰਤਿਭਾਸ਼ੀਲ ਚਿੰਤਕ ਦਾ ਪੰਜਾਬੀ ਸਾਹਿਤ ਵਿਚ ਪ੍ਰਵੇਸ਼ ਖੁਸ਼ਆਮਦੀਦ ਹੋਣਾ ਚਾਹੀਦਾ ਸੀ। ਪਰ ਅਫਸੋਸ ਹੈ ਕਿ ਇਹਨਾਂ ਗੈਰ–ਜ਼ਰੂਰੀ ਕਸ਼ੀਦਗੀਆਂ ਨੇ ਇਸ ਖੁਸ਼ਗਵਾਰ ਮੌਕੇ ਨੂੰ ਕਿਰਕਿਰਾ ਕਰ ਦਿੱਤਾ ਹੈ।

ਸਾਹਿਤਕਾਰਾਂ ਦੀਆਂ ਰਚਨਾਵਾਂ ਅਤੇ ਉਹਨਾਂ ਦੇ ਵਿਆਪਕ ਦ੍ਰਿਸ਼ਟੀਕੋਣ ਬਾਰੇ ਗੁਰਬਚਨ ਦੇ ਨਿਰਣੇ ਰੌਚਕ ਵੀ ਹਨ, ਕਾਟਵੇਂ ਅਤੇ ਸੂਖਮ ਵੀ। ਇਕ ਦੋ ਫਿਕਰਿਆਂ ਵਿਚ ਹੀ ਉਹ ਲੇਖਕ ਦੀ ਸੋਚਣੀ ਅਤੇ ਸ਼ਖਸੀਅਤ ਨੂੰ ਜਿਉਂਦਾ ਜਾਗਦਾ ਪਾਠਕ ਦੇ ਸਾਹਮਣੇ ਲਿਆ ਖੜ੍ਹਾ ਕਰਦਾ ਹੈ। ਨਿੱਕੇ ਨਿੱਕੇ ਫਿਕਰੇ। ਅਰਥਾਂ ਅਤੇ ਸੰਕੇਤਾਂ ਨਾਲ ਲਬਰੇਜ਼ ਜਿਵੇਂ ਅਰਥਾਂ ਦਾ ਸਮੁੰਦਰ ਕੁੱਜੇ ਵਿਚ ਬੰਦ ਕਰ ਦਿੱਤਾ ਹੋਵੇ। ਕੁੱਝ ਕੁ ਉਦਾਹਰਣਾਂ ਪੇਸ਼ ਹਨ:

(1) "ਗੁਰਦਿਆਲ ਸਿੰਘ ਪੰਜਾਬੀ ਬਿਰਤਾਂਤ ਦਾ ਤਪੱਸਵੀ ਲੇਖਕ ਹੈ।"
(2) "ਦਲੀਪ ਕੌਰ ਟਿਵਾਣਾ ਸਰਲਤਾ ਅਤੇ ਸਹਿਜ ਦੀ ਨਿਪੁੰਨ ਕਲਾਕਾਰ ਹੈ।"
(3) "ਕਵੀ ਅਤੇ ਚਿੱਤਰਕਾਰ ਦੇਵ ਬੇਚੈਨ ਸਮਿਆਂ ਦਾ ਬੇਚੈਨ ਪੁੱਤਰ ਹੈ।"
(4) "ਹਰਿਭਜਨ ਸਿੰਘ ਦੀ ਸਮੀਖਿਆ ਉਥਲ ਪੁਥਲ ਦੇ ਸਭਿਆਚਾਰ ਤੋਂ ਦੂਰ ਰਹਿੰਦੀ ਹੈ। ... ਉਸਦੀ ਸਹਿਜ ਦ੍ਰਿਸ਼ਟੀ ਪ੍ਰਚੱਲਤ ਸਰੋਦ ਦੀ ਹਾਮੀ ਭਰਦੀ ਹੈ। ... ਉਸਦਾ ਸਰੋਦ ਸਮੇਂ ਦੀ ਸਿਆਸਤ ਨਾਲ ਕਦੇ ਨਹੀਂ ਖਹਿੰਦਾ।"

ਤੋਲਵੇਂ ਸ਼ਬਦਾਂ ਦੀ ਸੰਤੁਲਿਤ ਸਮੀਖਿਆ ਪੁੱਠੇ ਕੰਮਿਆਂ ਵਿਚ ਦਿੱਤੀਆਂ ਹਵਾਲੇ ਦੀਆਂ ਟੂਕਾਂ ਵਾਂਗ ਪਾਠਕ ਦੇ ਮਨ ਉੱਕਰੀ ਜਾਂਦੀ ਹੈ। ਜਿੱਥੇ ਕਿਤੇ ਲੇਖਕ ਦੀ ਵਿਆਪਕ ਸੋਚਣੀ ਜਾਂ ਉਹਦੇ ਸਾਹਿਤਕ ਕਿਰਦਾਰ ਬਾਰੇ ਖਰੀ ਖਰੀ ਕਰਨੀ ਹੋਵੇ, ਤਾਂ ਵੀ ਗੁਰਬਚਨ ਆਪਣੀ ਜ਼ਿੰਮੇਵਾਰੀ ਤੋਂ ਭੱਜਦਾ ਨਹੀਂ। ਪਰ ਆਲੋਚਨਾ ਕਰਦਾ ਗੁਰਬਚਨ ਲੇਖਕ ਅਤੇ ਉਹਦੀ ਰਚਨਾ ਨੂੰ ਲਿਤਾੜ ਕੇ ਵੀ ਨਹੀਂ ਲੰਘਦਾ। ਸਗੋਂ ਲੇਖਕ ਦੀਆਂ ਤਕੜਾਈਆਂ ਨੂੰ ਸਵੀਕਾਰ ਵੀ ਕਰਦਾ ਹੈ। ਮਿਸਾਲ ਦੇ ਤੌਰ ਤੇ ਗਾਰਗੀ ਬਾਰੇ ਲਿਖਦਿਆਂ ਉਹ ਮੰਨਦਾ ਹੈ ਕਿ "ਗਾਰਗੀ ਜਿਹਾ ਪੰਜਾਬੀ ਵਿਚ ਲਿਖਣ ਵਾਲਾ ਹੋਰ ਕੋਈ ਨਹੀਂ। ... ਉਹ ਪੰਜਾਬੀ ਨਾਟਕ ਦਾ ਲਘੂ ਸਮਰਾਟ ਹੈ।" ਇਸੇ ਤਰ੍ਹਾਂ ਹਰਿਭਜਨ ਸਿੰਘ ਬਾਰੇ ਲਿਖਦਿਆਂ ਉਹਨੇ ਮੰਨਿਆ ਹੈ ਕਿ "ਉਹ ਨਿੱਕੇ ਨਿੱਕੇ ਕਦਮਾਂ ਰਾਹੀਂ ਮੰਜ਼ਲ ਤੇ ਪੁੱਜਾ ਹੈ ... ਅਜਿਹੇ ਕਰਮਸ਼ੀਲ ਲੇਖਕ ਸਾਹਿਤ ਸਭਿਆਚਾਰ ਦੀ ਚੰਗਿਆੜੀ ਮਘਾਈ ਰੱਖਦੇ ਹਨ।"

ਇਹਨਾਂ ਲੇਖਾਂ ਦਾ ਇਕ ਖਾਸਾ ਇਹ ਵੀ ਹੈ ਕਿ ਇਹ ਰਚਨਾ ਦੁਆਲੇ ਸੀਮਤ ਫੋਕਸ ਦੀ ਹੱਦਬੰਦੀ ਨਹੀਂ ਕਰਦੇ। ਸਗੋਂ ਰਚਨਾ ਨੂੰ ਸਮਕਾਲੀ ਸਭਿਆਚਾਰਕ ਅਤੇ ਸਿਆਸੀ ਪੈਂਤੜਿਆਂ/ਸੰਭਾਵਨਾਵਾਂ ਨਾਲ ਜੋੜਕੇ ਗੰਭੀਰ ਤਪਸਰਾ ਵੀ ਕਰਦੇ ਹਨ। ਆਜ਼ਾਦੀ ਉਪਰੰਤ ਲੰਮਾ ਸਮਾਂ ਪੰਜਾਬੀ ਜ਼ੁਬਾਨ ਨਾਲ ਧੱਕਾ ਹੁੰਦਾ ਰਿਹਾ। ਪਰ ਪਿਛਲੇ ਤਿੰਨ ਦਹਾਕਿਆਂ ਤੋਂ ਪੰਜਾਬੀ ਭਾਸ਼ਾ ਅਤੇ ਸਾਹਿਤ ਦੇ ਵਿਕਾਸ ਸੰਬੰਧੀ ਉਪਰਾਲੇ ਸ਼ੁਰੂ ਹੋਏ ਹਨ। ਨਵੀਆਂ ਯੂਨੀਵਰਿਸਟੀਆਂ, ਅਕਾਦਮੀਆਂ, ਖ਼ੋਜ ਪ੍ਰੋਜੈਕਟਾਂ ਸਮੇਤ ਸਰਕਾਰੀ ਸਰਪ੍ਰਸਤੀ ਦੇ ਮੌਕੇ ਵਧੇ ਹਨ। ਇਸੇ ਤਰ੍ਹਾਂ ਇਨਾਮਾਂ, ਸਨਮਾਨਾਂ, ਸੈਮੀਨਾਰਾਂ ਅਤੇ ਸਾਹਿਤ ਸਭਾਵਾਂ ਦਾ ਪਿੜ ਵੀ ਭਖਿਆ ਹੈ। ਇਹ ਚੰਗੀਆਂ ਸੰਭਾਵਨਾਵਾਂ ਹਨ। ਪਰ ਸਾਹਿਤਕ ਸਿਆਸਤ ਵਿਚਲੀ ਮੌਕਾਪ੍ਰਸਤੀ ਕਾਰਨ ਲੇਖਕ ਸੰਸਾਰ ਵਿਚ ਵੀ ਉਹੋ ਕਾਵਾਂ–ਰੌਲੀ ਪ੍ਰਧਾਨ ਬੈਠੀ ਹੈ ਜਿਸ ਤਰ੍ਹਾਂ ਬਾਕੀ ਦੇ ਸਮਾਜ ਵਿਚ। ਹਰ ਲੇਖਕ ਆਪਣੀ ਪਰਖ ਵਾਸਤੇ ਮਿਆਰ ਖ਼ੁਦ ਤੈਅ ਕਰਨ ਦਾ ਹੱਕ ਮੰਗਦਾ ਹੈ। ਹਰ ਲੇਖਕ ਆਪਣੀ ਤੁਲਨਾ, ਤਾਲਸਤਾਏ, ਸ਼ੇਕਸਪੀਅਰ ਜਾਂ ਪਾਬਲੋ ਨਰੂਦਾ ਨਾਲ ਕੀਤੀ ਵੇਖਣੀ ਮੰਗਦਾ ਹੈ। ਪਾਠਕ ਕੀ ਸੋਚਦੇ ਹਨ, ਨਾਲ ਸਰੋਕਾਰ ਘਟਦਾ ਜਾ ਰਿਹੈ। ਗੁਰਬਚਨ ਅਨੁਸਾਰ "ਕੋਈ ਸਮਾਂ ਸੀ ਜਦ ਪੰਜਾਬੀ ਸਾਹਿਤ 'ਤੇ ਕਲਮਕਾਰ ਸਿਰਜਕ ਛਾਏ ਹੋਏ ਸਨ... ਅੱਜ ਸਾਹਿਤਕ ਮੰਚ ਭੋਗੀ ਸਭਿਆਚਾਰ ਦੇ ਕਰਿੰਦਿਆਂ ਦੇ ਕਬਜ਼ੇ ਵਿਚ ਹੈ।"

ਦੂਜਾ ਖਤਰਾ ਹੈ ਦੁਨਿਆਵੀ ਅਰਥਚਾਰੇ ਦੇ ਅਮਰੀਕੀਕਰਣ ਦਾ ਜਿਸ ਵਿਚੋਂ ਪੈਦਾ ਹੋਇਆ ਖਪਤਕਾਰੀ ਸਭਿਆਚਾਰ ਦੇਸਾਂ–ਮੁਲਕਾਂ ਦੀਆਂ ਹੱਦਾਂ ਟੱਪਦਾ ਹਰ ਪਾਸੇ ਹਾਵੀ ਹੁੰਦਾ ਜਾ ਰਿਹਾ ਹੈ। ਬਹੁ–ਰਾਸ਼ਟਰੀ ਕੰਪਨੀਆਂ ਅਤੇ ਰਾਸ਼ਟਰੀ ਅਦਾਰਿਆਂ ਦੀ ਸਰਪ੍ਰਸਤੀ ਵਾਸਤੇ ਰੀਜਨਲ ਭਾਸ਼ਾਵਾਂ ਅਤੇ ਨਿੱਗਰ ਸਾਹਿਤਕ ਪ੍ਰੰਪਰਾਵਾਂ ਦਾ ਮੁੱਲ ਤਾਰਨਾ ਪੈ ਰਿਹਾ ਹੈ। ਇਸ ਸਰਪ੍ਰਸਤੀ ਵਿਚੋਂ ਪੈਦਾ ਹੋ ਰਹੀਆਂ ਮਾਰੂ ਸੰਭਾਵਨਾਵਾਂ ਵੱਲ ਗੁਰਬਚਨ ਨੇ ਧਿਆਨ ਦੁਆਇਆ ਹੈ ਜਿਸ ਬਾਰੇ ਗੰਭੀਰਤਾ ਨਾਲ ਸੋਚਣ ਦੀ ਲੋੜ ਹੈ।

ਸੁਮੀਤ ਅਤੇ ਪਾਸ਼ ਵਾਲੇ ਲੇਖ ਪੰਜਾਬੀ ਸਾਹਿਤਕ ਇਤਿਹਾਸ ਦੇ ਪਿਛਲੇ ਪੰਜ ਛੇ ਦਹਾਕਿਆਂ ਦਾ ਬਹੁਤ ਹੀ ਵਧੀਆ ਮੁਲਾਂਕਣ ਹਨ। ਅਜੀਤ ਕੌਰ ਅਤੇ ਹਰਿੰਦਰ ਸਿੰਘ ਮਹਿਬੂਬ ਵਾਲੇ ਲੇਖਾਂ ਸਮੇਤ ਇਹ ਪੰਜਾਬ ਦੀ ਅਜੋਕੀ ਟਰੈਜਡੀ ਉੱਤੇ ਗਿਆਨਪੂਰਣ, ਕੁਮੈਂਟਰੀ ਵੀ ਕਰਦੇ ਹਨ। ਪੰਜਾਬ ਦੀ ਟਰੈਜਡੀ ਦਾ ਮੁੱਢ ਕਿੱਥੋਂ ਬੱਝਿਆ? ਅੱਜ ਇਸ ਅੱਗ ਨੇ ਕਿੱਥੇ ਕਿੱਥੇ ਫੈਲ ਕੇ ਪੰਜਾਬ ਨੂੰ ਉਜਾੜਿਆ ਹੈ? ਅਸਲੀ ਮਸਲੇ ਕੀ ਹਨ? ਅਸੀਂ ਤਰੰਨਮਾਂ ਅਤੇ ਰੁਦਨਾਂ ਦੀ ਕਵਿਤਾ ਸੁਣਦੇ ਝੂੰਮਦੇ ਇਹ ਧਾਰਣਾ ਬਣਾਈ ਬੈਠੇ ਹਾਂ ਕਿ ਪੰਜਾਬੀ ਸਾਹਿਤ ਚੋਟੀਆਂ ਛੂਹਣ ਲੱਗ ਪਿਆ ਹੈ। ਹਕੀਕਤ ਇਹ ਹੈ ਕਿ ਇਹ ਧਾਰਣਾਵਾਂ "ਸਮੇਂ ਅਤੇ ਸੰਸਾਰ ਦੀ ਤੋਰ ਤੋਂ ਤ੍ਰਹਿਣ ਦੇ ਚਿੰਨ ਹਨ. .. ਸਮੇਂ ਦੇ ਦਾਅ ਪੇਚਾਂ ਦੀ ਤਹਿ ਤੀਕ ਨਾ ਜਾਣ ਵਾਲੀ ਲੋਕਾਈ ਖਪਤ ਸਭਿਆਚਾਰ ਦੀ ਮਾਰ ਹੇਠ ਆ ਜਾਂਦੀ ਹੈ।" ਇਸੇ ਤਰ੍ਹਾਂ ਏ. ਕੇ. ਫੌਰਟੀ ਸੈਵਨ ਚੁੱਕੀ ਫਿਰਦੇ ਨੌਜਵਾਨ ਦੀ "ਸੂਰਮਗਤੀ ਨੇ ਉਸਨੂੰ ਤਾਕਤ ਦੀ ਆਧੁਨਿਕ ਖੇਡ ਵਿਚ ਸਿਰਫ ਮੋਹਰਾ ਬਣਾਇਆ ਹੈ। ਉਹ ਆਪਣੀ ਹੋਂਦ ਨੂੰ ਆਧੁਨਿਕ ਪ੍ਰਸੰਗਾਂ ਨਾਲ ਜੋੜੇ ਬਗੈਰ ਸਮਝ ਨਹੀਂ ਸਕਦਾ। ਅਜਿਹੇ ਮਨੁੱਖ ਨੂੰ ਵਿਵੇਕ ਦੀ ਲੋੜ ਹੈ।" ਅਤੇ ਪੰਜਾਬ ਦੇ ਲੋਕਾਂ ਨੂੰ ਪੰਜਾਬੀ ਦੇ ਪਾਠਕਾਂ ਨੂੰ ਇਸ ਪਾਸੇ ਤੋਰਨ ਲਈ ਵਿਵੇਕਸ਼ੀਲ ਸਾਹਿਤ ਦੀ ਲੋੜ ਹੈ।

ਗੁਰਬਚਨ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੇ ਭਵਿੱਖ ਬਾਰੇ ਨਿਰਾਸ਼ ਹੈ। ਸ਼ਾਇਦ ਇਸੇ ਕਰਕੇ ਉਸਦੀ ਸਮੀਖਿਆ ਦੀ ਸੁਰ ਧੀਮੀ ਹੈ। ਪਰ ਇਸਦਾ ਇਕ ਕਾਰਨ ਇਹ ਵੀ ਹੈ ਕਿ ਉਹਦੀ ਦਲੀਲ ਐਨੀ ਬਲਵਾਨ ਅਤੇ ਕਾਟਵੀਂ ਹੈ ਕਿ ਉਹਨੂੰ ਉੱਚਾ ਬੋਲਣ ਜਾਂ ਕੌੜੇ ਸ਼ਬਦਾਂ ਦੀ ਲੋੜ ਹੀ ਨਹੀਂ। ਮਹਾਂਨਗਰਾਂ ਤੋਂ ਫੈਲ ਰਿਹਾ ਖਪਤ ਸਭਿਆਚਾਰ ਉਹਨੂੰ ਭੈਅ ਭੀਤ ਕਰਦਾ ਹੈ। ਪੰਜਾਬ ਦੀ ਟਰੈਜਡੀ ਨੇ ਨਵੀਆਂ ਸੱਮਸਿਆਵਾਂ ਖੜ੍ਹੀਆਂ ਕੀਤੀਆਂ ਹਨ। ਭੰਬਲਭੂਸਿਆਂ ਵਿਚ ਪਏ ਅਸੀਂ ਅਸਲੀ ਦੁਸ਼ਮਣਾਂ ਨੂੰ ਭੁੱਲ ਆਪਸ ਵਿਚ ਹੀ ਇਕ ਦੂਜੇ ਨੂੰ ਵੱਢਣ ਦੇ ਰਾਹ ਤੁਰੇ ਹੋਏ ਹਾਂ। ਇਸ ਮਾਹੌਲ ਵਿਚ ਪੰਜਾਬੀਅਤ ਦੀ ਗੱਲ ਕਿਵੇਂ ਤੁਰੇ? ਪੰਜਾਬੀ ਲੋਕਾਂ, ਉਹਨਾਂ ਦੀ ਸ਼ਾਨਦਾਰ ਭਾਸ਼ਾ, ਉਹਨਾਂ ਦੇ ਸਭਿਆਚਾਰ, ਉਹਨਾਂ ਦੀ ਪ੍ਰੰਪਰਾਵਾਂ ਦੀ ਟੌਹਰ ਕੌਣ ਬਹਾਲ ਕਰੇ? ਇਹਨਾਂ ਕਾਰਨ ਕਰਕੇ ਗੁਰਬਚਨ ਦੀ ਸਮੀਖਿਆ ਵਿਚ ਇਕ ਗੰਭੀਰ ਚਿੰਤਕ ਦੀ ਪੀੜ ਹੈ।

ਇਸ ਪੁਸਤਕ ਨੇ ਭਾਸ਼ਾ, ਸਭਿਆਚਾਰ ਅਤੇ ਸਾਹਿਤ ਬਾਰੇ ਕਈ ਵਿਭਿੰਨ ਸੁਆਲ ਖੜ੍ਹੇ ਕੀਤੇ ਹਨ। ਇਹਨਾਂ ਦੀ ਬਹਿਸ ਵਾਸਤੇ ਪੂਰੇ ਸੀਮਿਜ਼ ਦੀ ਲੋੜ ਹੈ। ਕਿਉਂਕਿ ਇਹ ਲੇਖ ਰਵਾਇਤੀ ਸਾਹਿਤ ਆਲੋਚਨਾ ਨਹੀਂ। ਨਾ ਹੀ ਸਾਹਿਤਕ ਥੀਊਰੀਆਂ ਦੀ ਮਧਾਣੀ ਪਾ ਕੇ ਗੁਰਬਚਨ ਨੇ ਪਾਠਕਾਂ ਨੂੰ ਭੰਬਲ ਭੂਸਿਆਂ ਵਿਚ ਪਾਇਆ ਹੈ। ਪਰ ਇਹ ਲੇਖ ਨਿਰੇ ਪੁਰੇ ਰੀਵੀਊ ਵੀ ਨਹੀਂ। ਮੇਰੀ ਜਾਚੇ ਇਹਨਾਂ ਲੇਖਾਂ ਨੇ ਪੰਜਾਬੀ ਵਿਚ

ਬਾਕੀ ਸਫ਼ਾ 41 'ਤੇ



LAND DEVELOPMENTS

SALE of

COMMERCIAL PROPERTY

**If you are thinking of selling your home**
**contact: Karamjit S. Ghuman**
**Bus: 572-1211 Fax 572-8110**
**Pager:686 - 5731**

**SUTTON GROUP**
**Medallion Realty**
**7832 - 120th St.**
**Surrey, B.C., V3W 3N2**

Sutton GROUP



# LASER SCREEN PRINTING

**Custom Printing**
**and Specialty Advertising**

Manufacturer and Distributors of:

*T-Shirts *Sportswear *Team Jackets
*Crests *Caps *Decals
*Transfers *Emblems *Calendars
*Pens *Matches *Glasswear
*Lighters *Buttons *Sales Aids
*Playing Cards *Lapel Pins *Safety Awards
*Promotional Gifts *Incentives *Plus much more

**Ram Sharma**
5311 - 91 Street
Edmonton, Alberta, T6E 6E2
**Ph. (403) 468-6435**



# DEVINDERJIT (DAVE) SINGH PUREWAL

**(BARRISTER, SOLICITOR & NOTARY PUBLIC)**

**ਦਵਿੰਦਰਜੀਤ ਸਿੰਘ ਪੁਰੇਵਾਲ**

**PH: (403) 462-7555**

**GENERAL PRACTICE OF LAW INCLUDING:**

* ਕ੍ਰਿਮੀਨਲ (Criminal) *ਇਮੀਗਰੇਸ਼ਨ (immigration)
*ਰੀਅਲ ਅਸਟੇਟ ਤੇ ਮੋਰਗੇਜ (Real Estate & Mortgage)
*ਵਿੱਲ ਅਤੇ ਅਸਟੇਸ (Wills & Estate) *ਸਿਵਲ (Civil)
*ਡਾਇਵੋਰਸ ਤੇ ਫੈਮਲੀ ਕਾਨੂੰਨ (Divorce & Family Law)
*ਨਿੱਜੀ ਸੱਟਾਂ ਦੇ ਕਲੇਮ (Personal Injury Claims)

**Venkatraman & Associates**
**Ph: (403) 436-7060**
#440-4445 Calgary Tr. South Edmonton
**Millwood Office:**
9209 - 34th Ave. Edmonton
Alberta, T6E 5T5

**ਸੇਵਾਵਾਂ ਪੰਜਾਬੀ, ਹਿੰਦੀ ਤੇ ਉਰਦੂ ਵਿਚ ਵੀ ਮਿਲਦੀਆਂ ਹਨ।**



# *MICROPRO*

**WHERE QUALITY AND SERVICE COMES FIRST**

**HOME & BUSINESS COMPUTER CENTER**

**COMPLETE COMPUTER SOLUTIONS**
** Computer Systems * Laser Printers*
** Software * Multimedia (CD ROMs)*
** Training * Cellular Phones*
** VCRs & Electronic Components & Supply*

**-- PROFESSIONAL DEPOT AND ON-SITE SERVICE**

ਪੰਜਾਬੀ ਮਾਂ ਬੋਲੀ ਨੂੰ ਪਰੋਮੋਟ ਕਰਨ ਲਈ ਅਸੀਂ ਪੰਜਾਬੀ ਦਾ ਪ੍ਰੋਗਰਾਮ ਮੁਫਤ ਵੰਡ ਰਹੇ ਹਾਂ। (for Windows)

ਵਿਗੜੇ ਹੋਏ ਕੰਪਿਊਟਰਾਂ ਤੇ home electronics ਚੀਜ਼ਾਂ ਨੂੰ ਰੀਪੇਅਰ ਕਰਨ ਦਾ ਸਾਡਾ 8 ਸਾਲਾਂ ਦਾ ਤਜਰਬਾ ਹੈ।

Realtors We have very special prices on computers for STELLAR VISION

B.C. -Tel Mobility
Cellular Phones
Best Prices in Town



DELTA SHOPPERS MALL
82ND AVE AND SCOTT RD.
(Extra Foods ਤੇ KMart ਦੇ ਲਾਗੇ)
**PHONE: 591-8496** **CONTACT: MANJIT SIDHU**

ਸਫਾ 39 ਤੋਂ ਅੱਗੇ

"ਸਮੀਖਿਅਕ ਸਾਹਿਤ" ਅਥਵਾ 'ਕਰੀਟੀਕਲ ਲਿਟਰੇਚਰ' ਦੀ ਪਿਰਤ ਤੋਰੀ ਹੈ। ਨਾਪੇ-ਤੋਲੇ ਸ਼ਬਦਾਂ ਵਿਚ ਗੁੰਦੀ ਗਲਪ ਦਾ ਵੇਗ ਪਾਠਕ ਦੇ ਸਿਰ ਨੂੰ ਹਲੂਣ ਕੇ ਸੋਚਣ ਲਈ ਮਜ਼ਬੂਰ ਕਰਦਾ ਹੈ। ਕਈ ਥਾਵਾਂ ਤੇ ਮਾਅਨਿਆਂ ਅਤੇ ਸੰਕੇਤਾਂ ਭਰਪੂਰ ਸ਼ਬਦ ਕਾਵਿ-ਹੋਂਦਾਂ ਛੋਂਹਦੇ ਹਨ। ਮਿਸਾਲ ਦੇ ਤੌਰ ਤੇ ਸ਼ਿਵ ਕੁਮਾਰ ਬਾਰੇ ਲਿਖਦਿਆਂ ਗੁਰਬਚਨ ਕਹਿੰਦਾ ਹੈ "... ਰੁਮਾਂਸ ਭਾਵੇਂ ਮਨੁੱਖੀ ਰਿਸ਼ਤਿਆਂ ਕਾਰਣ ਪੈਦਾ ਹੋਈ ਉਦਾਸੀ ਤੋਂ ਉਤਪੰਨ ਹੋਵੇ ਜਾਂ ਬੇਇਨਸਾਫੀਆਂ ਵਿਰੁੱਧ ਵਿਦਰੋਹ ਦੀ ਭਾਵਨਾਂ ਤੋਂ, ਜੇ ਇਹ ਤੀਖਣ ਬੋਧਿਕ ਵਿਹਾਰ ਰਾਹੀਂ ਕੋਈ ਦਿਸ਼ਾ ਨਹੀਂ ਅਪਣਾਉਂਦਾ ਤਾਂ ਇਸ ਅੰਦਰਲਾ ਵਿਸਫੋਟ ਕਰਤਾਰੀ ਹੋ ਕੇ ਵੀ ਸਵੈ-ਤਬਾਹੀ ਦਾ ਮੋੜ ਕੱਟਦਾ ਹੈ।"

ਇਸੇ ਤਰ੍ਹਾਂ "ਭਨਾਂ ਦੀ ਰਾਤ ਦੇ ਪ੍ਰਸੰਗ ਵਿਚ" ਲਿਖਦਾ ਹੈ ਕਿ "ਕੋਈ ਸ਼ਾਸਨ ਦਰਵੇਸ਼ੀ ਸ਼ਿੱਦਤ ਦਾ ਦਮਨ ਨਹੀਂ ਕਰ ਸਕਦਾ।"

ਔਰਤ ਅਤੇ ਕਵਿਤਾ ਬਾਰੇ ਲਿਖਦਿਆਂ ਕਹਿੰਦਾ ਹੈ "... ਤੀਜੇ ਸੰਸਾਰ ਵਿਚ ਔਰਤ ਦੀ ਗਾਥਾ ਪਿਤਾ ਪੁਰਖੀ ਸਭਿਆਚਾਰ ਅਤੇ ਸਮਾਜਕ ਵਰਤਾਰੇ ਵਿਚ ਗੁਆਚੇ ਅਸਤਿਤਵ ਦੀ ਗਾਥਾ ਹੈ।" ਸ਼ਬਦਾਂ ਦੀਆਂ ਇਹ ਉਦਾਹਰਣਾਂ ਦਰਅਸਲ ਵਾਰਤਕ ਵਿਚ ਲਿਖੀ ਕਵਿਤਾ ਦੇ ਬੇਹਤਰੀਨ ਨਮੂਨੇ ਹਨ।

ਗੁਰਬਚਨ ਦੇ ਲੇਖਾਂ ਤੋਂ ਪਹਿਲਾਂ ਸ਼ਾਇਦ ਹੀ ਕਿਸੇ ਸਮੀਖਿਆਕ ਨੇ ਐਨੀ ਵਿਵੇਕਸ਼ੀਲ ਸਪੱਸ਼ਟਤਾ ਨਾਲ ਸਾਹਿਤ-ਸਭਿਆਚਾਰ ਨੂੰ ਲੇਖਕ ਦੀ ਵਿਆਪਕ ਸੋਚ ਅਤੇ ਸਮਾਜੀ ਸੰਦਰਭਾਂ ਰਾਹੀਂ ਪੇਸ਼ ਕੀਤਾ ਹੋਵੇ। ਇਸ ਕੁਮੈਂਟਰੀ ਰਾਹੀਂ ਉਹਨੇ ਪੰਜਾਬੀਅਤ ਸੰਬੰਧੀ ਇਕ ਸਗਲ ਸਬੂਤ ਅਤੇ ਵਿਆਪਕ ਦ੍ਰਿਸ਼ਟੀਕੋਣ ਉਸਾਰਨ ਦਾ ਯਤਨ ਵੀ ਕੀਤਾ ਹੈ। ਲੇਖ ਦੇ ਸ਼ੁਰੂ ਜ਼ਿਕਰ ਕੀਤੀਆਂ ਕਸ਼ੀਦਗੀਆਂ ਦੇ ਕਾਰਨ ਵੀ ਸ਼ਾਇਦ ਇਹੋ ਹਨ ਕਿ ਗੁਰਬਚਨ ਨੇ ਲੇਖਕਾਂ ਅਤੇ ਉਹਨਾਂ ਦੀਆਂ ਰਚਨਾਵਾਂ ਨੂੰ ਇਸ ਵਿਆਪਕ ਨਜ਼ਰੀਏ ਦੇ ਪ੍ਰਸੰਗ ਵਿਚ ਪਰਖਿਆ ਹੈ।

ਸਥਾਪਤੀ ਦਾ ਹਿੱਤ ਇਸ ਵਿਚ ਹੁੰਦਾ ਹੈ ਕਿ ਸਾਹਿਤ ਲੋਕਾਂ ਦੀ ਸਗਲ ਸਬੂਤ ਸ਼ਕਤੀ ਨਾਲ ਨਾ ਜੁੜੇ। ਲੋਕਾਂ ਤੋਂ ਟੁੱਟਿਆ ਸਾਹਿਤ-ਸਭਿਆਚਾਰ ਉਹਨਾਂ ਨੂੰ ਦਿਸ਼ਾਹੀਣ ਭੰਬਲ-ਭੂਸਿਆਂ ਅਤੇ ਨਿੱਜਮੁਖੀ ਆਹਰਾਂ ਵਿਚ ਲਾਈ ਰੱਖਦਾ ਹੈ। ਲੋਕਾਂ ਤੋਂ ਟੁੱਟੇ ਲੇਖਕ ਸਥਾਪਤੀ ਨੂੰ ਚੈਲੰਜ ਕਰਕੇ ਤਬਦੀਲੀ ਦੀ ਪ੍ਰਕਿਰਿਆ ਵਿਚ ਸਹਾਈ ਨਹੀਂ ਹੋ ਸਕਦੇ। ਸਮੇਂ ਦੇ ਹਾਕਮ ਇਹੋ ਜਿਹੇ ਲੇਖਕਾਂ ਤੋਂ ਤਵੱਕੋ ਰੱਖਦੇ ਹਨ ਕਿ ਉਹ ਸਮੇਂ ਦੇ ਸੁਆਲਾਂ ਤੋਂ ਬਚਦੇ ਹੋਏ ਪਾਸੇ ਦੀ ਹੋ ਕੇ ਲੰਘ ਜਾਣ। ਪੰਜਾਬੀ ਪਾਠਕ ਜਾਣਦੇ ਹਨ ਕਿ ਕਿੰਤੂ-ਪ੍ਰੰਤੂ ਦੇ ਗੰਭੀਰ ਪੈਂਤੜਿਆਂ ਤੋਂ ਕਿਹੜੇ ਕਿਹੜੇ ਲੇਖਕ ਬਚ ਕੇ ਲੰਘਦੇ ਹਨ। ਗੁਰਬਚਨ ਵਿਰੁੱਧ ਪਿਆ ਰੌਲਾ ਦਸਦਾ ਹੈ ਕਿ ਸਥਾਪਤੀ ਦੇ ਭਾਈਵਾਲ ਲੇਖਕਾਂ ਨੂੰ ਚਾਨਣ ਹੈ ਕਿ ਗੁਰਬਚਨ ਉਹਨਾਂ ਦੀਆਂ ਜੁਗਤਾਂ ਨੂੰ ਤਾੜਦਾ ਵੀ ਹੈ, ਲੋਕਾਂ ਦੀ ਕਚਹਿਰੀ ਵਿਚ ਪੇਸ਼ ਵੀ ਕਰਦਾ ਹੈ।

ਅਖੀਰ ਵਿਚ ਦੋ ਮਸਲਿਆਂ ਉਤੇ ਮੇਰਾ ਗੁਰਬਚਨ ਨਾਲ ਮੱਤਭੇਦ ਹੈ। ਪੰਜਾਬ ਦੀ ਸਮੱਸਿਆ ਨੂੰ "ਸਿੱਖ ਸਮੱਸਿਆ" ਕਿਵੇਂ ਕਹਿ ਸਕਦੇ ਹਾਂ। 1984 ਵਿਚ ਦਰਬਾਰ ਸਾਹਿਬ ਤੇ ਫੌਜੀ ਐਕਸ਼ਨ ਅਤੇ ਬਾਅਦ ਵਿਚ ਦਿੱਲੀ ਅਤੇ ਦੇਸ ਦੇ ਕਈ ਹਿੱਸਿਆਂ ਵਿਚ ਸਿੱਖਾਂ ਦੇ ਕਤਲਾਂ ਕਾਰਨ ਸਿੱਖ ਮਾਨਸਿਕਤਾ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਇਸ ਸਦਮੇ ਸਦਕਾ ਪੰਜਾਬ ਦੀ ਸਮੱਸਿਆ ਡੀਰੇਲ ਵੀ ਕੀਤੀ ਗਈ। ਪਰ ਇਹ ਸਮੱਸਿਆਂ ਸਿੱਖਾਂ ਇਕੱਲਿਆਂ ਦੀ ਨਹੀਂ, ਸਾਰੇ ਪੰਜਾਬੀਆਂ ਦੀ ਸੀ ਅਤੇ ਅੱਜ ਵੀ ਹੈ। ਦੂਜਾ ਕਿੰਤੂ ਗੁਰਬਚਨ ਦੇ ਪ੍ਰਗਤੀਵਾਦ ਬਾਰੇ ਅਨਿਸ਼ਚਤਾ (ਐਮਬੀਵਲੈਂਸ) ਦੇ ਦ੍ਰਿਸ਼ਟੀਕੋਣ ਬਾਰੇ ਹੈ।

ਇਹਨਾਂ ਨੁਕਤਿਆਂ ਬਾਰੇ ਕਿਤੇ ਫਿਰ ਗੱਲ ਕਰਾਂਗੇ। ਹਾਲ ਦੀ ਘੜੀ ਮੈਨੂੰ ਇਹ ਕਹਿੰਦਿਆਂ ਪ੍ਰਸੰਨਤਾ ਹੈ ਕਿ "ਸਾਹਿਤਨਾਮਾ" ਵਰਗੀ ਪੁਸਤਕ ਕਿਤੇ ਕਿਤੇ ਹੀ ਪੜ੍ਹਨ ਨੂੰ ਮਿਲਦੀ ਹੈ। ਗੁਰਬਚਨ ਹਰ ਪੰਜਾਬੀ ਦੀ ਪ੍ਰਸ਼ੰਸਾ ਦਾ ਹੱਕਦਾਰ ਹੈ। ਉਹਦੀ ਕਲਮ ਨੂੰ ਮੇਰਾ ਸਲਾਮ। ●○

**– ਰਣਜੀਤ ਧੀਰ**


**The difference I make makes all the difference**



KULDIP GILL
Proven Results
Professional Service

**Specialized in:**
Residential, Commercial, Development Properties
For all your Real Estate Needs and to Know the top price for your property in today's market phone me first.

Sutton GROUP

**KULDIP GILL**

**SUTTON GROUP MEDALLION REALTY**
7832 - 120 St., Surrey, B.C. V3W 3N2
**PH: 572 - 1211 RES. 590 - 8066**

J.K ACCOUNTING ACCOUNTING & INCOME TAX SERVICE
#350 Tower 2, Millbourn Shopping Center, Edmonton, Alta. T6K 3L6

**ALL KINDS OF:**
- Individual Tax Returns "Electronic Filing'
- Self employed: Truck, Taxi or Dats Driver Accounting G.S.T. & Tax Returns
- Small Business: Computerised Bookkeeping, Payroll, Financial Statements, G.S.T. & Tax Returns

WE CAN ALSO HELP IN IMMIGRATION MATTERS

**ਟੈਕਸ ਦੇ ਪੇਪਰ ਭਰਵਾਉਣ ਅਤੇ ਟੈਕਸ ਰੀਫੰਡ ਦੇ ਪੈਸੇ ਈ ਫਾਈਲ ਰਾਹੀਂ ਛੇਤੀਂ ਵਾਪਸ ਕਰਵਾਉਣ ਲਈ ਸਾਡੇ ਦਫਤਰ ਦਰਸ਼ਨ ਦਿਓ।**
**ਅਸੀਂ ਨਿੱਜੀ ਅਤੇ ਛੋਟੇ ਵਿਉਪਾਰ ਲਈ ਇਹ ਸੇਵਾਵਾਂ ਕਰਦੇ ਹਾਂ:**
ਇਨਕਮ ਟੈਕਸ ਅਤੇ ਜੀ. ਐਸ. ਟੀ. ਰੀਟਰਨ, ਬੁੱਕ ਕੀਪਿੰਗ, ਇਨਕਾਰਪੋਰੇਟ ਕੰਪਨੀਜ਼, ਪੇਰੋਲ ਅਤੇ ਟੀ-ਫੋਰਜ਼

ਟੈਕਸ ਸੰਬੰਧੀ ਕਾਨੂੰਨਾਂ ਬਾਰੇ ਭਰੋਸੇਯੋਗ ਅਤੇ ਤਜਰਬੇਕਾਰ ਸਲਾਹਕਾਰ



J.S, KANDOLA
B.A., LL.B. (India)
Registered Public Accountant Alberta

**PH: (403) 462-0919**

ਅਖੀਰਲੇ ਸਫੇ ਦੀ ਬਾਕੀ

ਓਤਪੋਤ ਪਰ ਅਡੋਲ ਆਪਣੇ ਅੰਤ ਵਲ ਵਧਦੀ ਹੈ। ਪਾਠਕ ਮਨ, ਕਹਾਣੀ ਰਸ ਵਿਚ ਰਸਿਆ, ਸੁਲੱਖਣ ਸਿੰਘ ਦਾ ਮਾਨਸਿਕ ਤਣਾਉ ਆਪਣੀਆਂ ਨਸਾਂ ਤੇ ਹੰਢਾਉਂਦਾ, ਕਹਾਣੀ ਤੋਂ ਪਲ ਵੀ ਲਾਂਭੇ ਨਹੀਂ ਜਾਂਦਾ।

ਇਹ ਕਹਾਣੀ ਆਪਣੇ ਆਪ ਵਿਚ ਪੂਰਨ ਹੋ ਕੇ ਵੀ ਪਾਠਕ-ਮਨ ਵਿਚ ਕਈ ਹੋਰ ਕਹਾਣੀਆਂ, ਕਈ ਹੋਰ ਸੋਚਾਂ ਨੂੰ ਜਨਮ ਦੇਂਦੀ ਹੈ। ਪਾਠਕ ਕੇਵਲ ਵਕਤੀ ਅਨੰਦ ਹੀ ਪ੍ਰਾਪਤ ਨਹੀਂ ਕਰਦਾ ਹੈ ਸਗੋਂ ਉਹ ਕਈ ਕਈ ਦਿਨ, ਘਟਨਾਵਾਂ ਦੇ ਅੰਗ ਸੰਗ, ਕਲਪਦਾ ਤੇ ਸੋਚਦਾ ਰਹਿੰਦਾ ਹੈ। ਕੀ ਬਜ਼ੁਰਗ ਪਰਵਾਸੀਆਂ ਦੀ ਹੋਣੀ ਇਵੇਂ ਹੀ ਹੋ ਕੇ ਰਹੇਗੀ? ਕੀ ਕੋਈ ਹੋਰ ਇਸਤੋਂ ਵਧੀਆ ਰਸਤਾ ਨਹੀਂ ਹੈ? ਇਹ ਹਮਾਰਾ ਜੀਵਣਾ...।

"ਘਰਾਂ ਵਿਚ ਆਮ ਇਸੇ ਤਰ੍ਹਾਂ ਹੀ ਵਾਪਰਦਾ ਹੈ।" "ਅੰਕਲ ਜੀ ਕੀ ਇਹ ਸੱਚੀ ਕਹਾਣੀ ਹੈ?" "ਵਤਨ ਵਿਚ ਛਪੀ ਕਹਾਣੀ 'ਪਛਾਣ' ਦਾ ਕੀ ਕਹਿਣਾ?" ਮੇਰੇ ਆਪਣੇ ਘੇਰੇ ਵਿਚ ਵਿਚਰਦੇ ਕੁੱਝ ਪਾਠਕਾਂ ਦੇ ਇਹ ਪਰਤਾਵੇਂ ਅਨੁਭਵ ਮੇਰੀ ਸੋਚ ਦੀ ਪ੍ਰੋੜਤਾ ਕਰਦੇ ਹਨ। ਕਹਾਣੀ ਪਰਖ ਪੜਚੋਲ ਦੇ ਇਨਸਾਫ ਲਈ ਕਈ ਪੰਨਿਆਂ ਦੀ ਮੰਗ ਕਰਦੀ ਹੈ।

... ਪਿਛਲੇ ਇਕ ਅੰਕ ਵਿਚ ਪਰੂਫ ਰੀਡਿੰਗ ਦੀਆਂ ਗਲਤੀਆਂ ਸੰਬੰਧੀ ਇਕ ਲੇਖ ਲਿਖਕੇ ਤੁਸੀਂ ਪਰੂਫ ਰੀਡਿੰਗ ਦੀਆਂ ਗਲਤੀਆਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋ ਜਾਂਦੇ। ਠੀਕ ਹੈ ਕਿ ਕੁੱਲ-ਵਕਤੀ ਤੇ ਕੁੱਝ-ਵਕਤੀ ਫਰਜ਼ਾਂ ਵਿਚ ਅੰਤਰ ਜ਼ਰੂਰ ਹੁੰਦਾ ਹੈ ਫਿਰ ਵੀ ਇਸ ਘਾਟ ਵੱਲ ਥੋੜ੍ਹਾ ਹੋਰ ਧਿਆਣ ਦੇਣ ਲਈ ਬੇਨਤੀ ਕਰਦਾ ਹਾਂ।

ਪਿਛਲੇ ਕਿਸੇ ਇਕ ਅੰਕ ਵਿਚ ਤੁਸੀਂ ਲੇਖਕਾਂ ਅਤੇ ਕਿਤਾਬਾਂ ਦੀ ਸੂਚੀ ਦੇ ਕੇ ਇਕ ਵਧੀਆ ਕੰਮ ਕੀਤਾ ਸੀ। ਕੀ ਇਕ ਵਾਰ ਇੰਗਲੈਂਡ, ਅਮਰੀਕਾ, ਕੈਨੇਡਾ ਵਿਚ ਨਿਕਲਦੇ (ਚੰਗੇ) ਪਰਚਿਆਂ ਦੀ ਸੂਚੀ, ਪਤੇ ਅਤੇ ਕੀਮਤ ਛਾਪਕੇ ਧੰਨਵਾਦੀ ਬਣਾਉਗੇ?

ਮੇਰੀ ਆਪਣੀ ਇੱਛਾ ਹੈ ਜੇ ਲੇਖਣੀ ਨਾਲ ਲੇਖਕ ਬਾਰੇ ਸੰਖੇਪ ਜਾਣਕਾਰੀ, ਉਸਦੀ ਅੱਜ ਦੀ ਤਸਵੀਰ, ਸਿਰਨਾਵੇਂ ਸਮੇਤ ਟੈਲੀਫੂਨ ਨੰਬਰ ਆਦਿ ਲਿਖੇ ਜਾਣ ਤਾਂ ਚੰਗਾ ਰਹੇਗਾ। ਇੱਛਾ ਅਨੁਸਾਰ ਲੇਖਕ ਨਾਲ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ। ਤੁਹਾਡਾ ਕੀ ਵਿਚਾਰ ਹੈ?

ਕੈਨੇਡਾ ਵਿਚ ਨਿਰਪੱਖ ਸਾਹਿਤਕ ਪੜਚੋਲ ਦੀ ਬੜੀ ਘਾਟ ਹੈ ਜੇ ਕਿਧਰੇ ਵਤਨ ਦੇ ਕੁੱਝ ਪੰਨੇ ਰਾਖਵੇਂ ਰੱਖਕੇ ਇਹ ਪੂਰੀ ਕਰ ਸਕੋ ਤਾਂ ਪੰਜਾਬੀ ਸਾਹਿਤ ਉਤੇ ਬੜਾ ਭਾਰੀ ਅਹਿਸਾਨ ਹੋਵੇਗਾ। **-ਕਿਰਪਾਲ ਸਿੰਘ ਪੰਨੂ, ਟਰਾਂਟੋ।**

ਇਸ ਵਾਰੀ 'ਵਤਨ', ਨੰਬਰ 20, ਸ਼ੁਰੂ ਤੋਂ ਅਖੀਰ ਤੱਕ ਪੜ੍ਹਿਆ। ਤੁਸੀਂ ਪ੍ਰਸ਼ੰਸਾ ਦੇ ਹੱਕਦਾਰ ਹੋ। ਤੁਹਾਡੀ ਮਿਹਨਤ ਤੇ ਲਗਨ ਦਾ 'ਵਤਨ' ਖੁਦ ਸਬੂਤ ਹੈ। 'ਵਤਨ' ਦੀ ਉੱਨਤੀ ਲਈ ਇਕ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਤੀਜੇ ਸਫ਼ੇ ਤੇ ਲੇਖਕ ਦੇ ਨਾਂ ਨਾਲ ਉਸਦੀ ਰਚਨਾ ਦਾ ਸਿਰਲੇਖ ਵੀ ਹੋਣਾ ਜ਼ਰੂਰੀ ਹੈ। ਸਾਰੇ ਸਫ਼ੇ ਫੋਲਣ ਤੋਂ ਬਿਨਾਂ ਪਤਾ ਨਹੀਂ ਲੱਗਦਾ ਕਿ ਕਿਹੜੇ ਲਿਖਾਰੀ ਨੇ ਕੀ ਲਿਖਿਆ ਹੈ। ਉਮੀਦ ਹੈ ਅੱਗੇ ਤੋਂ ਸਿਰਲੇਖ ਵੀ ਨਾਲ ਲਿਖੋਗੇ।

ਮੈਨੂੰ ਸਭ ਲਿਖਤਾਂ ਪਸੰਦ ਆਈਆਂ। ਸੁਖਪਾਲ ਦੀਆਂ ਕਵਿਤਾਵਾਂ ਡੂੰਘੀ ਚੋਟ ਮਾਰਦੀਆਂ ਹਨ। ਕਹਾਣੀਆਂ ਪੜ੍ਹਨ ਦਾ ਮੈਨੂੰ ਬਹੁਤਾ ਸ਼ੌਕ ਤਾਂ ਨਹੀਂ ਸੀ ਪਰ ਤਿੰਨੇ ਕਹਾਣੀਆਂ ਪੜ੍ਹ ਕੇ ਸ਼ੌਕ ਵਧ ਗਿਆ ਹੈ। ਜਰਨੈਲ ਸਿੰਘ ਹੁਣਾਂ ਨੇ 'ਪਛਾਣ' ਵਿਚ ਇਕ ਅਹਿਮ ਵਿਸ਼ੇ ਬਾਰੇ ਸੁਚੱਜੇ ਢੰਗ ਨਾਲ ਅਸਲੀਅਤ ਪੇਸ਼ ਕੀਤੀ ਹੈ। ਆਕਟੇਵੀਓ ਪਾਜ਼ ਦੀ ਜੀਵਨੀ ਤੇ ਰਚਨਾ ਬਾਰੇ ਬਲਰਾਜ ਚੀਮਾ ਜੀ ਦਾ ਲੇਖ ਬੜਾ ਦਿਲਚਸਪ, ਸਿਖਿਆਤਮਕ ਤੇ ਪ੍ਰਕਾਸ਼ਵਾਨ ਸੀ। ਗੈਰ-ਪੰਜਾਬੀ ਲਿਖਾਰੀਆਂ ਦੀ ਪਾਠਕਾਂ ਨਾਲ ਜਾਣ-ਪਛਾਣ ਕਰਵਾ ਦੇਣੀ ਬਹੁਤ ਵਧੀਆ ਗੱਲ ਹੈ। ਪਾਠਕਾਂ ਦੇ ਸਾਹਿਤਕ ਗਿਆਨ ਦੀਆਂ ਸੀਮਾਵਾਂ ਫੈਲਦੀਆਂ ਹਨ।

ਪਰਵਾਸੀ ਸਾਹਿਤ ਸੰਬੰਧੀ ਵਿਚਾਰ-ਵਟਾਂਦਰਾ ਬਹੁਤ ਪਸੰਦ ਆਇਆ। ਕਿਸੇ ਨੂੰ ਪਰਵਾਸੀ ਕਹਿਣ ਨਾਲ ਉਸਦੀ ਰਚਨਾ ਦਾ ਅਸਰ ਘੱਟ ਨਹੀਂ ਜਾਂਦਾ ਤੇ ਕਹਿਣ ਵਾਲੇ ਦੀ ਲਿਖਤ ਦਾ ਵੱਧ ਨਹੀਂ ਜਾਂਦਾ। ਜੇ ਗੁਲਾਬ ਦੇ ਫੁੱਲ ਨੂੰ ਤੁਸੀਂ ਹੋਰ ਹੀ ਕੁੱਝ ਕਹਿਣ ਲਗ ਜਾਓ ਤਾਂ ਨਾ ਤੇ ਉਸਦੀ ਖੁਸ਼ਬੋ ਘੱਟਦੀ ਹੈ ਤੇ ਨਾ ਹੀ ਸੁੰਦਰਤਾ ਵਿਚ ਕੋਈ ਫਰਕ ਪੈਂਦਾ ਹੈ। ਬਾਕੀ ਪਰਵਾਸੀ ਲਿਖਾਰੀਆਂ ਦੀ ਪੰਜਾਬ ਨਾਲ ਭਾਵੁਕ ਸਾਂਝ ਸੰਬੰਧਿਤ ਕਿਸੇ ਦੂਜੇ ਇਨਸਾਨ ਉਪਰ ਕਿਸੇ ਵੀ ਕਿਸਮ ਦੀ ਬੰਦਿਸ਼ ਲਾਉਣ ਬਾਰੇ ਸੋਚਣਾ ਵੀ ਜਾਇਜ਼ ਨਹੀਂ। ਅਸਲ ਵਿਚ ਕਿਸੇ ਵੀ ਲਿਖਾਰੀ ਦੀ ਆਜ਼ਾਦ ਸੋਚ ਦਾ ਲੁਟੇਰਾ ਅਜੇ ਜੰਮਿਆ ਨਹੀਂ।

**– ਜਸਪਾਲ ਚੀਮਾਂ, ਨਾਰਥ ਬੇ, ਓਨਟੇਰੀਓ।**

'ਵਤਨ' ਅਪ੍ਰੈਲ-ਜੂਨ ਅੰਕ ਬਾਰੇ ਮੈਂ ਆਪਣੇ ਕੁੱਝ ਪ੍ਰਤੀਕਰਮ ਲਿਖ ਰਹੀ ਹਾਂ। ਏਸ ਅੰਕ 'ਚ ਛਪੀਆਂ ਸੰਘੇੜਾ ਦੀਆਂ ਕਵਿਤਾਵਾਂ ਵਿਚਲੇ ਵਿਚਾਰਾਂ ਦੀ ਪਰਪੱਕਤਾ ਪ੍ਰਭਾਵਿਤ ਕਰਦੀ ਹੈ। 'ਟੇਬਲ ਟਾਕ' ਕੋਈ ਏਨੀ ਗਹਿਰ-ਗੰਭੀਰ ਤਾਂ ਨਹੀਂ ਪਰ ਚੰਗੀ ਲੱਗੀ ਹੈ। ਏਸ 'ਚ ਸੰਘੇੜਾ ਨੇ ਸ਼ਬਦਾਂ ਦੀ ਦੁਰਉਪਯੋਗਤਾ ਵੱਲ ਇਸ਼ਾਰਾ ਕੀਤਾ। ਇਹਦੇ ਬਾਰੇ ਬਹੁਤੇ ਪੰਜਾਬੀ ਲੇਖਕ ਹੈਰਾਨੀ ਦੀ ਹੱਦ ਤੱਕ ਅਗਿਆਨੀ ਨੇ। ਹਾਲੇ ਤੱਕ ਵੀ ਉਹ ਅਫਰੀਕਨ ਮੂਲ ਦੇ ਕਾਲੇ ਲੋਕਾਂ ਲਈ ਨੀਗਰੋ ਤੇ ਹਬਸ਼ੀ ਸ਼ਬਦ ਵਰਤਣੋਂ ਰਤਾ ਵੀ ਸੰਕੋਚ ਜਾਂ ਸ਼ਰਮ ਨਹੀਂ ਕਰਦੇ। ਇਹ ਸਿਰਫ ਅਗਿਆਨਤਾ ਨਹੀਂ, ਨਸਲਪ੍ਰਸਤੀ ਦੀ ਰੁਚੀ ਵੀ ਹੈ।


# ਸਤਲੁੱਜ ਫੈਸ਼ਨਜ਼

9332 – 120 ਸਟਰੀਟ, ਸਰੀ ਬੀ. ਸੀ.

**ਫੋਨ: 589-6161**

ਹਰ ਮੌਕੇ ਲਈ ਹਰ ਤਰ੍ਹਾਂ ਦਾ ਕਪੜਾ ਮਿਲ ਸਕਦਾ ਹੈ। ਵਾਜਬ ਕੀਮਤਾਂ। ਅੱਜ ਹੀ ਆ ਕੇ ਦਰਸ਼ਨ ਦਿਓ।

ਨਵਾਂ ਜਾਂ ਪੁਰਾਣਾ ਫਰਨੀਚਰ ਖ੍ਰੀਦਣ ਲਈ ਹਮੇਸ਼ਾਂ ਸਾਡੇ ਸਟੋਰ 'ਤੇ ਦਰਸ਼ਨ ਦਿਉ।

ਅਸੀਂ ਤੁਹਾਨੂੰ ਚੰਗੀ ਡੀਲ ਦਾ ਭਰੋਸਾ ਦਿਵਾਉਂਦੇ ਹਾਂ।

• ਜੇ ਕਰ ਪੁਰਾਣਾ ਫਰਨੀਚਰ ਟ੍ਰੇਡ ਕਰਨਾ ਹੋਵੇ ਤਾਂ ਵੀ ਸਾਡੀਆਂ ਸੇਵਾਵਾਂ ਪ੍ਰਾਪਤ ਕਰੋ।

**ਟੌਪ ਕੁਆਲਟੀ ਅਤੇ ਵਾਜਬ ਕੀਮਤਾਂ** ਫਰਨੀਚਰ ਦੀ ਦੁਨੀਆਂ ਵਿੱਚ 44 ਸਾਲ ਪੁਰਾਣਾ ਸਟੋਰ।

• ਲਿਵਿੰਗ ਰੂਮ • ਡਾਇਨਿੰਗ ਰੂਮ • ਬੈੱਡ ਰੂਮ; ਗੱਲ ਕੀ ਹਰ ਕਿਸਮ ਦਾ ਫਰਨੀਚਰ ਸਾਥੋਂ ਖ੍ਰੀਦੋ।

* New * Used * Trade-Ins; Lowest Prices Guranteed in B. C. Visa and Mastercard Accepted

# Royal Furniture Ltd.

2607 Main St. (at 10th Ave.) Vancouver, B.C. Tel. 874-9525

**Lowest Prices Guranteed in B. C.**

ਜਰਨੈਲ ਸਿੰਘ ਦੀ ਕਹਾਣੀ 'ਪਛਾਣ' ਦੀ ਪਾਤਰ ਪੈਮ ਇਕ ਨਾਰਮਲ ਟੀਨ ਏਜ ਕੁੜੀ ਹੈ। ਮੁਸ਼ਕਿਲ ਉਹਦੀ ਨਹੀਂ, ਦਾਦੇ ਦੀ ਹੈ ਜੋ ਆਪਣੇ ਕਲਚਰ ਦੀ ਮੋਟੀ ਪੱਟੀ ਅੱਖਾਂ ਤੇ ਬੰਨ੍ਹੀ ਫਿਰਦਾ ਉਹਨੂੰ ਤੇ ਘਰ 'ਚ ਹੋਰ ਸਾਰਿਆਂ ਨੂੰ ਕਸੂਰਵਾਰ ਠਹਿਰਾ ਰਿਹੈ। ਸਾਡੇ ਬਹੁਤੇ ਲੋਕਾਂ ਦਾ ਬੱਚਿਆਂ ਪ੍ਰਤੀ ਰਵੱਈਆ ਇਹ ਹੈ ਕਿ: ਅਸੀ ਨਹੀਂ ਬਦਲਣਾ! ਤੁਸੀਂ ਬਦਲੋ! ਭਲਾ ਇਹ ਕਿਵੇਂ ਹੋ ਸਕਦੈ? ਬੱਚੇ ਪਿਛਾਂਹ ਵੱਲ ਕਦਮ ਪੁੱਟ ਸਾਡੇ ਪਿੱਛੇ ਕਿਵੇਂ ਖੜੋ ਸਕਦੇ ਨੇ? ਚਾਹੀਦਾ ਇਹ ਹੈ ਕਿ ਅਸੀਂ ਅਗਾਂਹ ਕਦਮ ਪੁੱਟੀਏ, ਪਰ ਨਹੀਂ ਅਸੀਂ ਬੱਚਿਆਂ ਨੂੰ ਪਿਛਾਂਹ ਮੁੜਨ ਨੂੰ ਕਹਿੰਦੇ ਹਾਂ। ਇਹ ਹੋ ਨਹੀਂ ਸਕਦਾ। ਸਾਡੇ ਲੋਕਾਂ ਦੀ ਵਿੱਡ ਪੀੜ ਦਾ ਵੱਡਾ ਇਹੋ ਕਾਰਣ ਹੈ। ਜੋ ਫੈਸਲਾ ਸੁਲੱਖਣ ਸਿੰਘ ਅਖੀਰ 'ਤੇ ਕਰਦੈ, ਇਹ ਉਹਨੂੰ ਪਹਿਲਾਂ ਹੀ ਕਰ ਲੈਣਾ ਚਾਹੀਦਾ ਸੀ।

ਵਿਅਕਤੀਗਤ ਆਜ਼ਾਦੀ ਇਨਸਾਨ ਦੀ ਲੋੜ ਹੈ। ਸਾਡੇ ਬੱਚਿਆਂ ਦਾ ਪੱਛਮੀ ਸਮਾਜ ਵੱਲ ਝੁਕਾਅ ਹੋਣ ਦਾ ਕਾਰਣ ਵੀ ਇਹੋ ਹੈ। ਪਰ ਦੱਬੇ ਹੋਏ ਸਮਾਜ 'ਚੋਂ ਆਏ ਹੋਣ ਕਰਕੇ, ਤੇ ਆਪਣੀ ਬਹੁਤੀ ਉਮਰ ਹੰਢਾ ਚੁੱਕੇ ਹੋਣ ਕਰਕੇ, ਏਸ਼ੀਅਨ ਮਾਪੇ ਇਹ ਸੱਭ ਨਹੀਂ ਸਮਝਦੇ ਜਾਂ ਭੁੱਲ ਜਾਂਦੇ ਨੇ। ਨਤੀਜੇ ਵੱਜੋਂ ਮਾਪੇ ਤੇ ਬੱਚੇ ਦੋਵੇਂ ਸੰਤਾਪ ਭੋਗਦੇ ਨੇ। ਅਸਲ 'ਚ, ਭਾਰਤੀ ਮਾਪੇ ਭੇਡੂ ਤੇ ਭੇਡਾਂ ਜੰਮਣੀਆਂ ਚਾਹੁੰਦੇ ਨੇ, ਤੇ ਜਦ ਅਗਲੇ ਇਨਸਾਨ ਬਣਨ ਦੀ ਜ਼ਿਦ ਕਰਦੇ ਨੇ ਤਾਂ ਅਸੀਂ ਪੱਛਮੀ ਸਭਿਅਤਾ ਸਿਰ ਦੋਸ਼ ਮੜ੍ਹ ਦਿੰਦੇ ਹਾਂ। ਸੋਚਣ ਵਾਲੀ ਗੱਲ ਹੈ ਕਿ ਜੇ ਅਸੀਂ ਸਿਆਣੇ ਹੋ ਕੇ ਵੀ ਮੂਰਖ-ਕੱਟੜ ਰਵੱਈਆ ਅਪਣਾਇਆ ਹੋਇਐ ਤਾਂ ਅਸੀਂ ਬੱਚਿਆਂ ਨੂੰ ਕੀ ਗਾਈਡੈਂਸ ਦੇ ਸਕਦੇ ਹਾਂ? ਇਹ ਕਹਾਣੀ ਪੜ੍ਹਕੇ ਇਕ ਵਾਰ ਫੇਰ ਇਹ ਹੀ ਯਾਦ ਆਉਂਦੈ ਕਿ ਬਹੁਤੇ ਪੰਜਾਬੀ ਦੇ ਲੇਖਕਾਂ ਦੀ ਛਾਲ ਹਾਲੇ ਕਿੰਨੀ ਕੁ ਦੂਰ ਹੈ। ਜਦ ਵੀ ਉਨ੍ਹਾਂ ਨੇ ਸਾਡੇ ਬੱਚਿਆਂ ਨੂੰ ਵਿਗੜੇ-ਤਿਗੜੇ ਦਿਖਾਉਣਾ ਹੁੰਦੈ ਤਾਂ ਉਨ੍ਹਾਂ ਦੇ ਸੰਬੰਧ ਗੋਰੇ ਤੇ ਕਾਲੇ ਮੁੰਡੇ/ਕੁੜੀਆਂ ਨਾਲ ਦਿਖਾ ਦੇਣਗੇ।

ਜੇ ਸਾਡੇ ਬੱਚੇ ਨਸਲਵਾਦ ਤੇ ਰੰਗ ਦੇ ਮੱਤਭੇਦ ਤੋਂ ਅਗਾਂਹ ਵੇਖ ਸਕਦੇ ਨੇ ਤਾਂ ਸਾਨੂੰ ਉਨ੍ਹਾਂ ਤੇ ਮਾਣ ਕਰਨਾ ਚਾਹੀਦੈ। ਪਰ ਉਲਟਾ ਉਨ੍ਹਾਂ ਨੂੰ ਅਸੀਂ ਫਿਟਕਾਰਾਂ ਪਾਉਣ 'ਤੇ ਤੁਲੇ ਹੋਏ ਹਾਂ। ਕਿੱਡੀ ਸ਼ਰਮ ਵਾਲੀ ਗੱਲ ਹੈ ਇਹ।

ਕਹਾਣੀ 'ਸਭਿਆਚਾਰ ਦੇ ਰਖਵਾਲੇ' ਸਾਡੇ ਲੋਕਾਂ ਵਿਚ ਘੋਰ ਅਸ਼ਲੀਲਤਾ ਦੀ ਹੱਦ ਤੱਕ ਨਸਲਪ੍ਰਸਤੀ ਤੇ ਦੋਗਲੇਪਣ ਦੀ ਚੰਗੀ ਮਿਸਾਲ ਹੈ। ਉਹੀ ਤੇਜਾ ਜੋ 11-12 ਸਾਲ ਦੀ ਡਰੱਗ-ਅਡਿਕਟ ਬੱਚੀ ਨਾਲ ਗੈਰ-ਕਾਨੂੰਨੀ ਸੈਕਸ ਕਰਨੋ ਰਤਾ ਵੀ ਸੰਕੋਚ ਨਹੀਂ ਕਰਦਾ, ਬਲਕਿ ਫੜਾਂ ਮਾਰਦੈ, ਏਸ਼ੀਅਨ ਮੂਲ ਦੀਆਂ ਕੁੜੀਆਂ ਨੂੰ ਉਨ੍ਹਾਂ ਦੇ ਘਰਦਿਆਂ ਦੇ ਸਪੁਰਦ ਕਰ ਜਾਂਦਾ ਹੈ। ਲੱਖ ਲਾਹਣਤ ਹੈ ਅਜਿਹੇ 'ਸਭਿਆਚਾਰ ਦੇ ਰਖਵਾਲਿਆਂ' ਦੇ!!

ਵਿਤਕਰੇ ਤੇ ਦੋਗਲੇਪਣ ਦੇ ਵੀ ਅਨੇਕਾਂ ਰੰਗ ਹੁੰਦੇ ਨੇ, ਤੇ ਹਰ ਰੰਗ ਉਨਾ ਹੀ ਗੂੜ੍ਹਾ। ਏਸ ਜ਼ਹਿਰ ਦਾ ਇਕ ਰੰਗ ਸੰਧੂ ਦੀ ਕਹਾਣੀ 'ਬੋਲ ਬਾਲਾ' ਵੀ ਬਾ-ਖ਼ੂਬੀ ਨਾਲ ਪੇਸ਼ ਕਰਦੀ ਹੈ। ਇਹ ਕਹਾਣੀ 'ਵਤਨ' ਦੇ ਏਸ ਅੰਕ ਦੀ ਪ੍ਰਾਪਤੀ ਹੈ। .

ਪੰਜਾਬੀ ਸਭਿਆਚਾਰ ਦੀ ਅਸਲੀਅਤ ਕੀ ਹੈ? ਏਹਦੇ ਬਾਰੇ ਵਤਨ 20 'ਚ ਛਪੀ ਗੁਰਬਚਨ ਦੀ ਚਿੱਠੀ ਵੀ ਕਾਫ਼ੀ ਕੁੱਝ ਦਸਦੀ ਹੈ।

ਅਕਟੇਵੀਓ ਪਾਜ਼ ਬਾਰੇ ਪੜ੍ਹਨਾ ਹਮੇਸ਼ਾਂ ਹੀ ਦਿਲਚਸਪ ਲੱਗਦਾ ਹੈ। ਤਾਂਤਰਿਕ ਮੱਤ ਤੇ ਬੁੱਧ ਮੱਤ 'ਚ ਉਹਦੀ ਦਿਲਚਸਪੀ ਦਾ ਕਾਰਣ ਸਮਝ ਪੈਂਦਾ ਹੈ। ਕਿਸੇ ਵੀ ਕਵੀ ਨੂੰ ਤਾਂਤਰਿਕ ਮੱਤ ਦਾ ਮੈਟਾਫ਼ਿਜ਼ੀਕਲ ਤੱਤ ਤੇ ਬੁੱਧ ਦਾ ਨਿਰਵਾਣ ਦਾ ਫ਼ਲਸਫ਼ਾ ਅਚੇਤ/ਸੁਚੇਤ ਪ੍ਰਭਾਵਿਤ ਕਰੇਗਾ। ਕਵਿਤਾ ਇਨ੍ਹਾਂ ਤੱਤਾਂ ਦਾ ਬਹੁਤਾ ਰਲਗੱਡ ਹੀ ਤਾਂ ਹੈ।

ਅਮਰਜੀਤ ਹੋਰਾਂ ਦੇ ਰਿਸਪਾਂਸ 'ਚ ਪਾਸ਼ ਦੀ ਡਾਇਰੀ ਛਾਪਣ ਬਾਰੇ ਏਨਾ ਹੀ ਕਹਾਂਗੀ ਕਿ ਇਕ ਇਮਾਨਦਾਰ ਸੰਪਾਦਕ ਦਾ ਇਖ਼ਲਾਕੀ ਫ਼ਰਜ਼ ਹੁੰਦਾ ਹੈ ਕਿ ਉਹ ਇਕ ਲੇਖਕ ਨੂੰ (ਬੇਸ਼ੱਕ ਉਹ ਦੋਸਤ ਹੀ ਹੋਵੇ) ਉਹਦੀ ਸਮੁੱਚਤਾ ਸਮੇਤ ਪਾਠਕਾਂ ਅੱਗੇ ਪੇਸ਼ ਕਰੇ...

ਪਾਸ਼ ਦੀ ਲਿਖੀ ਹਰ ਗੱਲ, ਤੇ ਉਹਦੇ ਪਾਠਕਾਂ ਤੇ ਪ੍ਰਸ਼ੰਸਕਾਂ ਦੇ ਪ੍ਰਤੀਕਰਮਾਂ ਨੂੰ ਲੈ ਕੇ ਅਸੀਂ ਪੁਣ-ਛਾਣ ਜਿੰਨੀ ਮਰਜ਼ੀ ਕਰਦੇ ਰਹੀਏ, ਪਰ ਇਕ ਗੱਲ ਜ਼ਰੂਰ ਹੈ ਕਿ ਸਭ ਨਿੱਜੀ ਕਮਜ਼ੋਰੀਆਂ ਦੇ ਬਾਵਜੂਦ ਉਹ ਇਕ ਵਧੀਆ ਕਵੀ ਸੀ, ਤੇ ਇਕ ਚੰਗਾ ਸੋਚਵਾਨ ਇਨਸਾਨ।

**ਸ਼ਸ਼ੀ ਸਮੁੰਦਰਾ, ਕੈਲਾਫੋਰਨੀਆ।**

ਡਾ: ਸੁਖਪਾਲ ਸੰਘੇੜਾ ਜਿਹੇ ਪ੍ਰਤਿਭਾਸ਼ਾਲੀ ਬੁੱਧੀਜੀਵੀ ਕਵੀ ਨੂੰ ਪ੍ਰੀਚਿਤ ਕਰਾਉਣਾ 'ਵਤਨ' ਦਾ ਵਿਸ਼ੇਸ਼ ਕਾਰਜ ਹੈ। ਮੁਬਾਰਕ। ਪਰ ਨਾਲ ਗੁਜ਼ਾਰਿਸ਼ ਇਹ ਵੀ ਹੈ ਕਿ ਕਵਿਤਾ-ਭਾਗ ਨੂੰ ਇਸ ਕਾਰਨ ਖਾਰਜ ਕਰਨਾ ਵੀ ਉਚਿਤ ਨਹੀਂ। ਇਕ ਤਾਂ 'ਵਤਨ' ਤ੍ਰੈਮਾਸਕ ਹੈ ਅਤੇ ਦੂਜਾ ਕਵੀ ਵੀ ਬਹੁਤ ਸਾਰੇ ਹਨ - ਇਸ ਲਈ ਉਹਨਾਂ ਦੇ ਕਲਾਮ ਤੋਂ ਵੰਚਿਤ ਰਹਿ ਜਾਈਦਾ ਹੈ। ਜਿਸ ਕਾਰਨ ਮਾਯੂਸੀ ਵੀ ਹੁੰਦੀ ਹੈ।

**ਸੁਰਿੰਦਰ ਸੀਰਤ, ਸੈਨ ਹੋਜ਼ੇ, ਕੈਲਾਫੋਰਨੀਆ।**

... (ਵਤਨ 19) ਅੰਕ ਵਿਚ ਸ਼ਸੀ ਸਮੁੰਦਰਾ ਜੀ, ਨਕਸ਼ਦੀਪ ਜੀ, ਸੁਖਵੰਤ ਬਰਾੜ ਜੀ ਅਤੇ ਸਾਧੂ ਜੀ ਦੀਆਂ ਕਵਿਤਾਵਾਂ ਸੋਹਣੀਆਂ ਸਨ ਪਰ ਅਜੀਤ ਸਿੰਘ ਹਿਰਖੀ ਹੋਰਾਂ ਦੀਆਂ ਗ਼ਜ਼ਲਾਂ ਵੀ ਤਾਰੀਫ਼ ਦੇ ਲਾਇਕ ਸਨ। ਲਿਪੀ ਦਾ ਪ੍ਰਤੀਉੱਤਰ ਵੀ ਬਹੁਤ ਖੋਜਪੂਰਨ ਲੇਖ ਸੀ। ਰਬਿੰਦਰ ਅਟਵਾਲ ਜੀ ਦੀ ਕਹਾਣੀ 'ਮੁਸ਼ਟੰਡਾ' ਅਤੇ ਉਂਕਾਰਪ੍ਰੀਤ ਜੀ ਦੀ 'ਮਲਬਾ' ਏਨੀਆਂ ਭਾਵੁਕ ਸਨ ਕਿ ਬਸ ਗਚ ਜਿਆ ਹੀ ਭਰਿਆ ਗਿਆ ਅਤੇ ਫਸਾਦਾਂ ਦੀ ਤਸਵੀਰ ਅੱਖਾਂ ਅੱਗੇ ਆ ਗਈ। ਗੁਲਾਮ ਅਲੀ ਜੀ ਦੀ ਇੰਟਰਵੀਊ ਵੀ ਸੋਹਣੀ ਸੀ। ਸਈਦ ਫ਼ਰਾਨੀ ਜੀ ਦਾ ਲੇਖ ਪੰਜਾਬ, ਪੰਜਾਬੀ ਮੁਸਲਮਾਨ ਅਤੇ ਪੰਜਾਬੀਅਤ ਬਹੁਤ ਨਿੱਗਰ ਅਤੇ ਜਾਣਕਾਰੀ ਨਾਲ ਭਰਪੂਰ ਹੀ ਨਹੀਂ ਸਗੋਂ ਪੰਜਾਬੀ ਮਾਂ ਬੋਲੀ ਲਈ ਮੋਹ ਅਤੇ ਦਿਲ ਦਾ ਦਰਦ ਜਿਹਾ ਜਾਪਿਆ।

**ਜੈ ਪਾਲ ਸਿੰਘ 'ਪਾਲ', ਮਸਕਟ (ਉਮਾਨ)।**




# ਤਰਲੋਕ ਸਬਲੋਕ

ਨੋਟਰੀ ਪਬਲਿਕ ਦੀਆਂ ਸੇਵਾਵਾਂ

*ਘਰ ਖਰੀਦਣ ਅਤੇ ਵੇਚਣ ਦੇ ਪੇਪਰ ਤਿਆਰ ਕਰਨੇ।
*ਹਰ ਕਿਸਮ ਦੀ ਬੈਂਕ ਜਾਂ ਕਰੈਡਿਟ ਯੂਨੀਅਨ ਦੀ ਮਾਰਗੇਜ।
*ਵਸੀਅਤ ਕਨੇਡਾ ਤੇ ਇੰਡੀਆ ਲਈ।
*ਡੈਕਲੇਰੇਸ਼ਨ ਤੇ ਹਲਫ਼ੀਆ ਬਿਆਨ ਆਦਿ
*ਮੁਖਤਾਰਨਾਮਾ, ਹਰ ਕੰਮ ਤੇ ਹਰ ਕਿਸਮ ਦਾ
* ਰਾਹਦਾਰੀ ਵੀਜ਼ੇ ਲਈ, ਪਾਸਪੋਰਟ ਆਦਿ ਦੇ ਕੰਮ

ਇਮੀਗਰੇਸ਼ਨ ਦੀਆਂ ਸੇਵਾਵਾਂ

* ਬਿਜ਼ਨਸ ਅਤੇ ਇਨਵੈਸਟਰ ਇਮੀਗਰੇਸ਼ਨ
* ਫੈਮਲੀ, ਮੰਗੇਤਰ ਅਤੇ ਨਜ਼ਦੀਕੀ ਰਿਸ਼ਤੇਦਾਰਾਂ ਦੀ ਇਮੀਗਰੇਸ਼ਨ
* ਕੰਮਕਾਰ ਦੇ ਅਧਾਰ ਉਤੇ ਇਮੀਗਰੇਸ਼ਨ ਐਪਲੀਕੇਸ਼ਨ
* ਰਿਫਿਊਜੀ ਕੇਸ, ਇਮੀਗਰੇਸ਼ਨ ਅਪੀਲ ਤੇ ਹਰ ਕਿਸਮ ਦੇ ਇਮੀਗਰੇਸ਼ਨ ਕੇਸ।

**#208-6628 (50th Ave.) FRASER STREET, VANCOUVER, B.C. V5X 3T5**

**PH: (604) 325-9200** **PH: (604) 325-9200**

WATAN
P O Box 27132
Collingwood, P O
Vancouver, B.C., Can. V5R 6A8

S. No. 21/22 Vol. 6
No. 1,2 Fall, 94
July-December, 1994

Publication Agreement
# 0481610

# ਤੇ ਤੁਸੀਂ ਲਿਖਿਆ

'ਵਤਨ-20' ਵਿਚ ਮੇਰੀ ਕਹਾਣੀ ਛਾਪਣ ਲਈ ਧੰਨਵਾਦ ... ਪਰੂਫ ਰੀਡਿੰਗ ਵਿਚ ਕੁੱਝ ਗਲਤੀਆਂ ਰਹਿ ਗਈਆਂ ਨੇ। ਸੁਖਪਾਲ ਸੰਘੇੜਾ ਦੀਆਂ ਕਵਿਤਾਵਾਂ ਦਾ ਰੰਗ ਰੂਪ ਸਾਡੀ ਪੰਜਾਬੀ ਸ਼ਾਇਰੀ ਦੀ ਸ਼ਾਨ ਹੈ। ਉਸਦੀ ਸ਼ਾਇਰੀ ਜੀਵਨ ਦੇ ਸੱਚ ਦੇ ਨੇੜੇ ਹੈ, ਸੁਖਪਾਲ ਦੀ ਗੱਲ ਵਿਚ ਕੋਈ ਹਿਪੋਕ੍ਰੇਸੀ ਨਹੀਂ ... ਮੁਲੰਮੇਦਾਰ ਸਾਹਿਤ ਲੋਕ ਹਿਤੈਸ਼ੀ ਨਹੀਂ ਹੋ ਸਕਦਾ।

ਪਰਵਾਸੀ ਸਾਹਿਤ ਸੰਬੰਧੀ ਟੇਬਲ ਟਾਕ, ਪੰਜਾਬੋਂ ਬਾਹਰਲੇ ਪੰਜਾਬੀ ਸਾਹਿਤ ਦਾ ਲੇਖਾ ਜੋਖਾ ਕਰਨ ਵਾਲੇ ਵਿਦਵਾਨਾਂ ਲਈ ਚੰਗੀ ਡੋਜ਼ ਹੈ ਪਰ ਚੋਖੀ ਨਹੀਂ ...। 'ਆਕਟੇਵੀਓ ਪਾਜ਼' ਬਾਰੇ ਲਿਖੇ ਬਲਰਾਜ ਚੀਮਾ ਦੇ ਲੇਖ ਵਿਚ ਇਕ ਲਿਸ਼ਕ ਹੈ ਜੋ ਮਿਹਨਤ ਨਾਲ ਹੀ ਬਣ ਸਕਦੀ ਹੈ, ਉਂਝ ਨਹੀਂ।

ਸਾਹਿਤ ਵਿਚਾਰ ਵਿਨੀਪੈੱਗ ਵਲੋਂ ਅਮਰਜੀਤ ਦੀ ਘੋਖਵੀਂ ਕਲਮ ਨਾਲ ਚਿਤਰਿਆ; ਵਾਸਤਵਿਕ ਤੇ ਮਿੱਟੀ ਰੰਗਾ ਪਾਸ਼, ਸਾਡੇ ਲੇਖਕਾਂ ਤੇ ਆਲੋਚਕਾਂ ਦੀ ਉਲਾਰ ਬਿਰਤੀ ਰਾਹੀਂ ਪ੍ਰੋਜੈਕਟ ਕੀਤੇ ਪਾਸ਼ ਨਾਲੋਂ ਕਿਤੇ ਚੰਗਾ ਲਗਦਾ ਹੈ। ਕੋਈ ਵੀ ਮਨੁੱਖ (ਭਾਵੇਂ ਕਿੰਨਾ ਹੀ ਗੁਣਵਾਨ ਹੋਵੇ) ਔਗੁਣਾਂ ਤੋਂ ਰਹਿਤ ਨਹੀਂ ਹੋ ਸਕਦਾ। ਪਰ ਪੰਜਾਬੀ ਸਾਹਿਤ ਦਾ ਵਰਤਾਰਾ ਹੀ ਅਜ਼ੀਬ ਹੈ। ਇਥੇ ਕਈ ਵਾਰ ਲੇਖਕ ਨੇ ਕਦੀ ਸੋਚਿਆ ਤਕ ਨਹੀਂ ਹੁੰਦਾ ... ਤੇ ਉਸਦਾ ਅਜਿਹਾ ਡੰਕਾ ਵਜਾਇਆ ਜਾਂਦੈ ਕਿ ਕਹਿਣ ਸੁਣਨ ਵਾਲੀ ਕੋਈ ਗੱਲ ਨਹੀਂ ਰਹਿ ਜਾਂਦੀ।

ਹਰਪ੍ਰੀਤ ਸੇਖਾ ਤੇ ਗੁਰਮੀਤ ਸੰਧੂ ਦੋਵੇਂ ਸੰਭਾਵਨਾਵਾਂ ਭਰਪੂਰ ਕਹਾਣੀਕਾਰ ਹਨ। ਗੁਰਬਚਨ ਦੀ ਲੇਖਣੀ ਵਿਚਲੀ ਮੌਲਿਕਤਾ ਪੰਜਾਬੀ ਸਾਹਿਤ ਦੇ ਮਾਣ ਵਿਚ ਵਾਧਾ ਹੈ।

**ਜਰਨੈਲ ਸਿੰਘ, ਟਰਾਂਟੋ।**

ਮੈਨੂੰ ਵਤਨ ਦੀ ਇਹ ਚੌਥੀ ਕਾਪੀ (20) ਅਪ੍ਰੈਲ - ਜੂਨ 94, ਮਾਨਣ ਦਾ ਮਾਣ ਪ੍ਰਾਪਤ ਹੋਇਆ ਹੈ। ਟਰਾਂਟੋ ਵਿਚ ਸਪਤਾਹਿਕ ਪਰਚੇ ਤਾਂ ਸੱਤ ਅੱਠ ਪੜ੍ਹਨ ਨੂੰ ਮਿਲ ਜਾਂਦੇ ਹਨ ਪਰ ਉਹਨਾਂ ਦੀ ਸਮੱਗਰੀ ਦਾ ਪੱਧਰ ਆਪਣਾ ਹੀ ਹੁੰਦਾ ਹੈ। ਇੱਥੋਂ ਦੇ ਪੰਜਾਬੀ ਮਾਸਿਕ ਪੱਤਰ ਵੀ ਛਪਦੇ ਹਨ, 'ਆਰ-ਪਾਰ' ਅਤੇ 'ਗਾਉਂਦਾ ਪੰਜਾਬ' ਇਹਨਾਂ ਨੂੰ ਵਤਨ ਦੇ ਪੱਧਰ ਤੇ ਆਉਂਦਿਆਂ ਅਜੇ ਸਮਾਂ ਲੱਗੇਗਾ। ਵਤਨ ਦਾ ਤਿਮਾਸਿਕ ਹੋਣਾ ਇਕ ਅਭਰ ਖਿਲਾਅ ਦੇਂਦਾ ਹੈ। ਕੀ ਇਹ ਘੱਟੋ ਘੱਟ ਦੁਮਾਸਿਕ ਨਹੀਂ ਹੋ ਸਕਦਾ? ਹਾਂ ਚੰਦਾ ਵਧਾਇਆ ਜਾ ਸਕਦਾ ਹੈ। ਜੋ ਜਾਇਜ਼ ਵੀ ਹੈ ਅਤੇ ਜ਼ਰੂਰੀ ਵੀ।

'ਪਰਦਾ ਜੋ ਉਠ ਗਿਆ' - ਸੁਖਵੰਤ ਹੁੰਦਲ, ਤੇ 'ਦੇਸ ਤੋਂ ਚਿੱਠੀ' - ਗੁਰਬਚਨ, ਦੋਵੇਂ ਲੇਖ ਸਦਾ ਹੀ ਸ਼ਲਾਘਾ ਯੋਗ ਹੁੰਦੇ ਹਨ। ਬਲਰਾਜ ਚੀਮਾਂ ਜਦੋ ਵੀ ਲਿਖਦਾ ਹੈ ਮਾਨਣ ਤੇ ਯਾਦ ਰੱਖਣ ਯੋਗ ਲਿਖਦਾ ਹੈ। ਉਸਦੀ ਘਾਲਣਾ ਦੀ ਪਰਸੰਸਾ ਕੀਤੀ ਹੀ ਬਣਦੀ ਹੈ। ਇਸ ਵੇਰ ਦੀ 'ਪਰਵਾਸੀ ਸਾਹਿਤ ਸੰਬੰਧੀ ਟੇਬਲ ਟਾਕ' ਬਹੁਤ ਹੀ ਚੰਗੀ ਲੱਗੀ।

ਕਾਰਨ ਕੋਈ ਵੀ ਹੋਵੇ, ਮੇਰਾ ਵਿਚਾਰ ਹੈ ਕਿ ਅਜੋਕੇ ਪੰਜਾਬੀ ਸਾਹਿਤਕ ਖੇਤਰ ਵਿਚ ਕਹਾਣੀ ਪਰਧਾਨ ਹੈ। ਮੇਰੇ ਸਾਹਿਤਕ ਘੇਰੇ ਵਿਚੋਂ ਜਦੋਂ ਵੀ ਪੜ੍ਹਨ ਸਮੱਗਰੀ ਦੀ ਮੰਗ ਆਉਂਦੀ ਹੈ ਤਾਂ ਪਹਿਲ ਕਿਸੇ ਕਹਾਣੀ ਦੀ ਹੀ ਹੁੰਦੀ ਹੈ। ਇਹ ਠੀਕ ਹੈ ਕਿ ਇੰਗਲੈਂਡ, ਅਮਰੀਕਾ ਅਤੇ ਕੈਨੇਡਾ ਵਿਚ ਛਪਦੇ ਪੰਜਾਬੀ ਸਾਹਿਤ ਤੋਂ ਮੈਂ ਪੂਰਾ ਜਾਣੂੰ ਨਹੀਂ ਹਾਂ। ਫਿਰ ਵੀ ਮੈਂ ਅਨੁਭਵ ਕਰਦਾ ਹਾਂ ਕਿ ਪੱਛਮ ਵਿਚ ਵਧੀਆ ਕਹਾਣੀ ਘੱਟ ਲਿਖੀ ਜਾ ਰਹੀ ਹੈ।

ਹਾਂ ਇਸ ਵੇਰ ਜਰਨੈਲ ਸਿੰਘ ਦੀ ਕਹਾਣੀ 'ਪਛਾਣ' ਪੜ੍ਹਕੇ ਮੇਰੀ ਕਹਾਣੀ-ਭੁੱਖ ਦੀ ਸੰਪੂਰਨ ਤ੍ਰਿਪਤੀ ਹੋਈ ਹੈ। ਕਹਾਣੀ ਅਸਾਡੇ ਅੱਜ ਦੇ ਪਰਵਾਸੀ ਜੀਵਨ ਦੀ ਪ੍ਰਮੁੱਖ ਸਮੱਸਿਆ, ਅਸਾਡੀ ਆਪਣੀ ਪਛਾਣ ਦੀ ਸਮੱਸਿਆ, ਦੇ ਰੂਬਰੂਅ ਹੈ। ਆਪਣੀ ਪਛਾਣ ਦਾ ਖੁਰਾ ਖੋਜ ਮਿਟਾਕੇ ਅਸਾਡੇ ਪੱਲੇ ਰਹਿ ਹੀ ਕੀ ਜਾਵੇਗਾ? ਕੀ ਡਾਲਰ-ਦੌੜ ਵਿਚ ਫਸਕੇ ਅਸੀਂ ਆਪਣਾ ਅੱਗਾ ਤੇ ਪਿੱਛਾ ਦੋਵੇਂ ਹੀ ਉਜਾੜ ਬੈਠਾਂਗੇ? ਭਾਵ ਅਸੀਂ ਆਪਣੇ ਬੱਚਿਆਂ ਨੂੰ ਨਾ ਤੇ ਸਾਰਥਿਕ ਸੇਧ ਦੇ ਸਕਾਂਗੇ ਅਤੇ ਨਾ ਹੀ ਬਜ਼ੁਰਗ-ਭਾਵਨਾ ਦਾ ਬਣਦਾ ਸਤਿਕਾਰ ਹੀ ਕਰ ਸਕਾਂਗੇ।

'ਪਛਾਣ' ਵਿਚ ਲੇਖਕ ਘਟਨਾਵਾਂ ਘੜਦਾ ਨਹੀਂ ਹੈ ਸਗੋਂ ਸੁਭਾਵਕ ਘਟ ਰਹੀਆਂ ਹਨ। ਇਕ ਸੋਚ ਦੀ ਲੜੀ 'ਚੋਂ ਦੂਜੀ ਸੋਚ ਜਨਮ ਲੈਂਦੀ ਹੈ। ਸੋਚਾਂ ਵਿਚ ਅਸੁਖਾਵੇਂਪਨ ਦੀ ਪੀੜਾ ਤੇ ਹੈ ਪਰ ਅਸੁਭਾਵਿਕਤਾ ਬਿਲਕੁਲ ਨਹੀਂ। ਕਹਾਣੀ ਕਾਰਨ, ਕਾਰਜ ਵਿਚ

ਬਾਕੀ ਸਫਾ 42 'ਤੇ

Watan (The Country) is a literary and cultural quarterly of Punjabi - the mother tongue of East Punjab (India) and West Punjab (Pakistan) - published by Watan Publications. Watan covers wide range of issues through creative and academic writings. These include art, literature, culture, theatre, social and political issues mainly of concern to the Indo-Canadian Commnuity. The contributors include well-known Punjabi writers throughout the world.

ਵਤਨ

ਤਿੰਨ ਡਾਲਰ